
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 8
June 5, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਪੰਜਵੀਂ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਨੂੰ ਅਦਾਰਾ 'ਦੇਸ਼ ਦੁਆਬਾ' ਵੱਲੋਂ ਕੋਟਿ-ਕੋਟਿ ਪ੍ਰਣਾਮ।

# ਅਮਰੀਕੀ ਵੀਜ਼ੇ ਲਈ ਦੇਣਾ ਪਵੇਗਾ ਪੰਜ ਸਾਲਾਂ ਦਾ ਸੋਸ਼ਲ ਮੀਡੀਆ ਦਾ ਰਿਕਾਰਡ

**ਵਾਸ਼ਿੰਗਟਨ (ਬਿਊਰੋ)–** ਜੇਕਰ ਤੁਸੀਂ ਅਮਰੀਕਾ ਜਾਣ ਦੀ ਸੋਚ ਰਹੇ ਹੋ ਤਾਂ ਸਭ ਤੋਂ ਪਹਿਲਾਂ ਆਪਣੇ ਸੋਸ਼ਲ ਮੀਡੀਆ ਅਕਾਊਂਟ ਨੂੰ ਦਰੁਸਤ ਕਰ ਲਓ, ਕਿਉਂਕਿ ਅਮਰੀਕਾ ਨੇ ਆਪਣੇ ਵੀਜ਼ਾ ਨਿਯਮਾਂ 'ਚ ਬਦਲਾਅ ਕੀਤਾ ਹੈ। ਅਮਰੀਕਾ 'ਚ ਵਿਦੇਸ਼ੀ ਨਾਗਰਿਕਾਂ ਦੀ ਬਰੀਕੀ ਨਾਲ ਜਾਂਚ ਕਰਨ ਲਈ ਅਪਣਾਈ ਗਈ ਨੀਤੀ ਤਹਿਤ ਇੱਥੇ ਦਾਖ਼ਲ ਹੋਣ ਲਈ ਲਗਪਗ ਸਾਰੇ ਵੀਜ਼ਾ ਬਿਨੈਕਾਰਾਂ ਨੂੰ ਸੋਸ਼ਲ ਮੀਡੀਆ ਦੇ ਇਸਤੇਮਾਲ ਬਾਰੇ ਜਾਣਕਾਰੀ ਦੇਣੀ ਪਵੇਗੀ।

ਵਿਦੇਸ਼ ਵਿਭਾਗ ਨੇ ਸ਼ਨਿਚਰਵਾਰ ਨੂੰ ਇਕ ਨਵੀਂ ਨੀਤੀ ਅਪਣਾਈ ਹੈ ਜਿਸ ਤਹਿਤ ਆਰਜ਼ੀ ਵਿਜ਼ਿਟਰਾਂ ਸਮੇਤ ਸਾਰੇ ਵੀਜ਼ਾ ਬਿਨੈਕਾਰਾਂ ਨੂੰ ਹੋਰ ਜਾਣਕਾਰੀ ਦੇ ਨਾਲ-ਨਾਲ ਇਕ ਡ੍ਰਾਪ ਡਾਊਨ ਮੈਨਿਊ 'ਚ ਆਪਣੇ ਸੋਸ਼ਲ ਮੀਡੀਆ ਪਛਾਣਕਰਤਾਵਾਂ ਨੂੰ ਸੂਚੀਬੱਧ ਕਰਨ ਦੀ ਲੋੜ ਹੋਵੇਗੀ। ਸੋਸ਼ਲ ਮੀਡੀਆ ਦਾ ਇਸਤੇਮਾਲ ਨਾ ਕਰਨ ਵਾਲੇ ਬਿਨੈਕਾਰਾਂ ਕੋਲ ਇਸ 'ਚ ਇਕ ਹੋਰ ਬਦਲ ਮੌਜੂਦ ਹੋਵੇਗਾ ਤਾਂਕਿ ਉਹ ਇਹ ਦੱਸ ਸਕਣ ਕਿ ਉਹ ਇਨ੍ਹਾਂ ਦੀ ਵਰਤੋਂ ਨਹੀਂ ਕਰਦੇ ਹਨ। ਹੁਣ ਤਕ ਇਸ ਡ੍ਰਾਪ ਡਾਊਨ ਮੈਨਿਊ 'ਚ ਸਿਰਫ਼ ਵੱਡੇ ਸੋਸ਼ਲ ਮੀਡੀਆ ਵੈੱਬਸਾਈਟਾਂ ਦੀ ਜਾਣਕਾਰੀ ਸੀ, ਪਰ ਹੁਣ ਇਸ 'ਚ ਬਿਨੈਕਾਰ ਲਈ ਇਸਤੇਮਾਲ ਕੀਤੀਆਂ ਜਾਣ ਵਾਲੀਆਂ ਸਾਰੀਆਂ ਸਾਈਟਾਂ ਦੀ ਜਾਣਕਾਰੀ ਦੇਣ ਦੀ ਸਹੂਲਤ




ਉਪਲਬਧ ਹੋਵੇਗੀ। ਇਕ ਅਧਿਕਾਰੀ ਨੇ ਦੱਸਿਆ, 'ਇਹ ਅਮਰੀਕਾ 'ਚ ਦਾਖ਼ਲੇ ਲਈ ਬਿਨੈ ਕਰਨ ਵਾਲੇ ਸਾਰੇ ਵਿਦੇਸ਼ੀ ਨਾਗਰਿਕਾਂ ਦੀ ਬਰੀਕੀ ਨਾਲ ਜਾਂਚ ਕਰਨ ਲਈ ਇਕ ਅਹਿਮ ਕਦਮ ਹੈ।'

ਅਧਿਕਾਰੀ ਨੇ ਦੱਸਿਆ, 'ਹਾਲੀਆ ਦੇ ਸਾਲਾਂ 'ਚ ਜਿਵੇਂ ਕਿ ਅਸੀਂ ਦੁਨੀਆ ਭਰ 'ਚ ਵੇਖਿਆ ਹੈ ਕਿ ਅੱਤਵਾਦੀ ਭਾਵਨਾਵਾਂ ਤੇ ਸਰਗਰਮੀਆਂ ਲਈ ਸੋਸ਼ਲ ਮੀਡੀਆ ਇਕ ਵੱਡਾ ਮੰਚ ਹੋ ਸਕਦਾ ਹੈ। ਇਹ ਅੱਤਵਾਦੀਆਂ, ਜਨ ਸੁਰੱਖਿਆ ਦੇ ਖ਼ਤਰੇ ਤੇ ਹੋਰ ਖ਼ਤਰਨਾਕ ਸਰਗਰਮੀਆਂ ਦੀ ਪਛਾਣ ਕਰਨ ਦਾ ਇਕ ਉਪਕਰਨ ਸਾਬਤ ਹੋਵੇਗਾ। ਇਸ ਨਾਲ ਅਜਿਹੇ ਲੋਕਾਂ ਨੂੰ ਨਾ ਤਾਂ ਇਮੀਗ੍ਰੇਸ਼ਨ ਲਾਭ ਮਿਲੇਗਾ ਤੇ ਨਾ ਹੀ ਅਮਰੀਕੀ ਧਰਤੀ 'ਤੇ ਪੈਰ ਜਮਾਉਣ ਦੀ ਸਹੂਲਤ ਹੋਵੇਗੀ।' ਅਧਿਕਾਰੀ ਮੁਤਾਬਕ ਜੋ ਕੋਈ ਆਪਣੇ ਸੋਸ਼ਲ ਮੀਡੀਆ ਨੂੰ ਲੈ ਕੇ ਗ਼ਲਤ ਜਾਣਕਾਰੀ ਦੇਵੇਗਾ ਉਸ ਨੂੰ ਗੰਭੀਰ ਇਮੀਗ੍ਰੇਸ਼ਨ ਦੇ ਨਤੀਜੇ ਭੁਗਤਣੇ ਪੈਣਗੇ। ਅਮਰੀਕੀ ਵੀਜ਼ਾ ਬਿਨੈਕਾਰ ਨੂੰ ਆਪਣੇ ਪੰਜ ਸਾਲ ਦੇ ਸੋਸ਼ਲ ਮੀਡੀਆ ਦੇ ਰਿਕਾਰਡ ਤੋਂ ਇਲਾਵਾ ਆਪਣੇ ਪੁਰਾਣੇ ਪਾਸਪੋਰਟ ਦਾ ਵੇਰਵਾ ਤੇ ਨੰਬਰ, ਪੰਜ ਸਾਲ ਦੌਰਾਨ ਇਸਤੇਮਾਲ ਕੀਤੇ ਗਏ ਈਮੇਲ ਐਡ੍ਰੈੱਸ ਤੇ ਫੋਨ ਨੰਬਰ ਅਤੇ 15 ਸਾਲ ਦੀ ਬਾਇਓਲਾਜਿਕਲ ਜਾਣਕਾਰੀ ਜਿਵੇਂ ਕਿੱਥੇ ਕਿੱਥੇ ਰਹੇ, ਕਿੱਥੇ ਪੜ੍ਹਾਈ ਜਾਂ ਨੌਕਰੀ ਕੀਤੀ ਤੇ ਕਿਨ੍ਹਾਂ ਥਾਵਾਂ ਦੀ ਯਾਤਰਾ ਕੀਤੀ- ਜਿਹੀਆਂ ਜਾਣਕਾਰੀਆਂ ਵੀ ਦੇਣੀਆਂ ਪੈ ਸਕਦੀਆਂ ਹਨ।



ਭਾਰਤ ਰਤਨ ਬਾਬਾ ਸਾਹਿਬ ਡਾ. ਬੀ. ਆਰ. ਅੰਬੇਦਕਰ ਜੀ ਦੇ ਪੈਰੋਕਾਰਾਂ ਵੱਲੋਂ 9 ਜੂਨ 2019 ਦਿਨ ਐਤਵਾਰ ਨੂੰ ਮਾਊਂਟੇਨ ਮਾਈਕ ਪੀਜ਼ਾ (5640 ਆਬਰਨ ਬੁਲੇਵਾਰਡ, ਕੈਲੇਫੋਰਨੀਆ) ਵਿਖੇ ਬਾਅਦ ਦੁਪਹਿਰ 3 ਵਜ਼ੇ ਤੋਂ ਲੈ ਕੇ ਸ਼ਾਮ 9 ਵਜ਼ੇ ਤੱਕ ਬਾਬਾ ਸਾਹਿਬ ਡਾ. ਬੀ. ਆਰ. ਅੰਬੇਦਕਰ ਜੀ ਦੇ ਜੀਵਨ ਅਤੇ ਮਿਸ਼ਨ ਪ੍ਰਤੀ ਗਿਆਨ ਭਰਪੂਰ ਚਰਚਾ ਅਤੇ ਵਿਚਾਰ ਹੋਵੇਗਾ।

**(ਹੋਰ ਜਾਣਕਾਰੀ ਲਈ ਦੇਖੋ ਸਫਾ 13 'ਤੇ)**

# ਅਕਾਲੀਆਂ ਤੋਂ ਪੰਜਾਬ 'ਚ ਅੱਧੀਆਂ ਸੀਟਾਂ ਦੀ ਮੰਗ ਕਰੇਗੀ ਭਾਜਪਾ

**ਚੰਡੀਗੜ੍ਹ (ਬਿਊਰੋ)–** ਪੱਛਮੀ ਬੰਗਾਲ 'ਚ 18 ਸੀਟਾਂ ਜਿੱਤ ਕੇ ਮਮਤਾ ਬੈਨਰਜੀ ਦਾ ਕਿਲ੍ਹਾ ਫ਼ਤਹਿ ਕਰਨ ਵਾਲੀ ਭਾਜਪਾ ਹੁਣ ਆਪਣਾ ਰੁਖ਼ ਪੰਜਾਬ ਵੱਲ ਕਰਨ ਜਾ ਰਹੀ ਹੈ। ਇਨ੍ਹਾਂ ਸੰਸਦੀ ਚੋਣਾਂ 'ਚ ਆਪਣੇ ਹਿੱਸੇ ਦੀਆਂ ਤਿੰਨ ਵਿਚੋਂ ਦੋ ਸੀਟਾਂ ਜਿੱਤਣ ਅਤੇ ਤਮਾਮ ਸ਼ਹਿਰਾਂ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ 'ਤੇ ਪਈ ਵੋਟ ਤੋਂ ਉਤਸ਼ਾਹਿਤ ਪਾਰਟੀ ਨੇ ਆਪਣੇ ਗਠਜੋੜ ਸਾਥੀ ਸ਼੍ਰੋਮਣੀ ਅਕਾਲੀ ਦਲ ਤੋਂ 50 ਫ਼ੀਸਦੀ ਹਿੱਸਾ ਮੰਗਣ ਦੀ ਤਿਆਰੀ ਕਰ ਲਈ ਹੈ।

ਪਾਰਟੀ ਦੀਆਂ ਦੋ ਵੱਖ-ਵੱਖ ਮੀਟਿੰਗਾਂ ਹੋਈਆਂ ਜਿਨ੍ਹਾਂ ਵਿਚ ਜ਼ਿਲ੍ਹਾ ਪ੍ਰਧਾਨਾਂ ਤੇ ਕੋਰ ਕਮੇਟੀ ਦੀ ਮੀਟਿੰਗ ਵਿਚ ਇਹ ਗੱਲ ਪ੍ਰਮੁੱਖਤਾ ਨਾਲ ਉਭਾਰੀ ਗਈ ਕਿ ਹੁਣ ਵਕਤ ਆ ਗਿਆ ਹੈ ਜਦੋਂ ਭਾਜਪਾ ਨੂੰ ਪੰਜਾਬ ਵਿਚ ਆਪਣੇ ਪੈਰ ਪਸਾਰਨੇ ਚਾਹੀਦੇ ਹਨ। ਪਾਰਟੀ ਦੇ ਸਾਬਕਾ ਸੂਬਾ ਪ੍ਰਧਾਨ ਕਮਲ ਸ਼ਰਮਾ ਤਾਂ ਜਨਤਕ ਰੂਪ ਵਿਚ ਕਹਿ ਚੁੱਕੇ ਹਨ ਕਿ ਦੋਵਾਂ ਪਾਰਟੀਆਂ ਨੂੰ ਹੁਣ ਅੱਧੀਆਂ-




ਅੱਧੀਆਂ ਸੀਟਾਂ ਲੜਨੀਆਂ ਚਾਹੀਦੀਆਂ ਹਨ।

ਵਰਣਨਯੋਗ ਹੈ ਕਿ ਪੰਜਾਬ ਵਿਚ ਇਸ ਵੇਲੇ ਭਾਜਪਾ ਵਿਧਾਨ ਸਭਾ ਦੀਆਂ 117 ਵਿਚੋਂ 23 ਤੇ ਲੋਕ ਸਭਾ ਦੀਆਂ 13 ਵਿਚੋਂ 3 ਸੀਟਾਂ 'ਤੇ ਚੋਣ ਲੜਦੀ ਹੈ। ਸੰਸਦੀ ਚੋਣਾਂ ਵਿਚ ਪਾਰਟੀ ਨੇ ਤਿੰਨ ਵਿਚੋਂ ਦੋ ਸੀਟਾਂ ਜਿੱਤ ਲਈਆਂ ਤੇ ਆਪਣੇ ਵੋਟ ਸ਼ੇਅਰ ਵਿਚ ਵਾਧਾ ਕਰ ਲਿਆ ਹੈ। ਜ਼ਿਲ੍ਹਾ ਪ੍ਰਧਾਨਾਂ ਦੀ ਮੀਟਿੰਗ 'ਚ ਵੀ ਜ਼ਿਆਦਾਤਰ ਆਗੂ ਇਸ ਗੱਲ 'ਤੇ ਰਾਜ਼ੀ ਸਨ ਕਿ ਭਾਜਪਾ ਆਪਣੇ ਕੋਟੇ ਨੂੰ ਵਧਾਏ ਨਹੀਂ ਤਾਂ ਪਾਰਟੀ ਕਾਡਰ ਨਿਰਾਸ਼ ਹੋ ਜਾਵੇਗਾ। ਮੀਟਿੰਗ ਵਿਚ ਨਵੀਂ ਮੈਂਬਰਸ਼ਿਪ ਸ਼ੁਰੂ ਕਰਨ ਦੀ ਵੀ ਮਨਜ਼ੂਰੀ ਦਿੱਤੀ ਗਈ ਹੈ। ਪਾਰਟੀ ਪ੍ਰਧਾਨ ਸ਼ਵੇਤ ਮਲਿਕ ਨੇ ਸਾਰੇ ਜ਼ਿਲ੍ਹਾ ਪ੍ਰਧਾਨਾਂ ਨੂੰ ਕਿਹਾ ਹੈ ਕਿ ਉਹ ਭਾਜਪਾ ਨੂੰ ਦੁਨੀਆ ਦੀ ਸਭ ਤੋਂ ਵੱਡੀ ਪਾਰਟੀ ਬਣਾਉਣ ਲਈ ਜੀ ਜਾਨ ਨਾਲ ਜੁਟ ਜਾਣ। ਕੋਰ ਕਮੇਟੀ ਦੀ ਮੀਟਿੰਗ ਤੋਂ ਪਹਿਲਾਂ ਸੰਸਦੀ ਚੋਣਾਂ ਦੀ ਸਮੀਖਿਆ ਲਈ ਜ਼ਿਲ੍ਹਾ ਪ੍ਰਧਾਨਾਂ 'ਚ ਸੰਗਠਨ ਮੰਤਰੀ ਦਿਨੇਸ਼ ਕੁਮਾਰ ਨੇ ਪਾਰਟੀ ਵੱਲੋਂ ਪੰਨਾ ਇੰਚਾਰਜ ਨਾ ਬਣਾਉਣ ਦਾ ਮੁੱਦਾ ਉਠਾਇਆ।


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

SINCE 1996
BAGGA JEWELERS
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823

Sandeep Jony Bagga


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
rajasweetsandcatering
Follow us on Twitter
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK
INS
WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਗਾਖ਼ਲ ਭਰਾਵਾਂ ਦੀ ਅਗਲੀ ਪੰਜਾਬੀ ਫਿਲਮ ਇਸ ਸਾਲ ਦੇ ਅੰਤ ਤੱਕ ਹੋਵੇਗੀ ਵਿਸ਼ਵ ਭਰ 'ਚ ਰਿਲੀਜ਼

## ਪ੍ਰਸਿੱਧ ਨਿਰਦੇਸ਼ਕ ਸਮੀਪ ਕੰਗ ਉਚੇਚੇ ਤੌਰ 'ਤੇ ਪੁੱਜੇ ਅਮਰੀਕਾ

**ਵਾਟਸਨਵਿੱਲ (ਬਿਓਰੋ)–** ਅਮਰੀਕੀ ਵਪਾਰਕ ਖੇਤਰ ਵਿਚ ਕਾਮਯਾਬੀ ਦਾ ਝੰਡਾ ਬੁਲੰਦ ਕਰਨ ਵਾਲੇ ਗਾਖ਼ਲ ਭਰਾ ਇਸ ਸਾਲ ਦੇ ਅਖੀਰ ਵਿਚ ਵੱਡੇ ਬਜਟ ਦੀ ਪੰਜਾਬੀ ਫਿਲਮ ਦਾ ਨਿਰਮਾਣ ਕਰਨ ਜਾ ਰਹੇ ਹਨ। ਸ੍ਰ. ਅਮੋਲਕ ਸਿੰਘ ਗਾਖ਼ਲ ਅਤੇ ਇਕਬਾਲ ਸਿੰਘ ਗਾਖ਼ਲ ਨੇ ਦੱਸਿਆ ਕਿ ਉਹ ਹਿੰਦੀ ਫਿਲਮ 'ਸੈਕੰਡ ਹੈਂਡ ਹਸਬੈਂਡ' ਅਤੇ ਪੰਜਾਬੀ ਫਿਲਮ 'ਵਿਸਾਖੀ ਲਿਸਟ' ਦੇ ਨਿਰਮਾਣ ਤੋਂ ਬਾਅਦ ਆਪਣੇ ਹੋਰ ਬਿਜ਼ਨਸ ਕਾਰੋਬਾਰਾਂ ਵਿਚ ਮਸਰੂਫ ਹੋਣ ਕਾਰਨ ਪਿਛਲੇ ਦੋ ਸਾਲਾਂ ਤੋਂ ਫਿਲਮ ਜਗਤ ਨੂੰ ਬਹੁਤੀ ਗੰਭੀਰਤਾ ਨਾਲ ਨਹੀਂ ਲੈ ਸਕੇ ਪਰ ਉਹ ਹੁਣ ਫਿਲਮੀ ਦੁਨੀਆਂ ਵਿਚ ਸਰਗਰਮੀ ਨਾਲ ਚੰਗੀਆਂ ਫਿਲਮਾਂ ਬਣਾਉਣ ਦੇ ਟੀਚੇ ਨਾਲ ਫਿਰ ਪਰਤੇ ਹਨ। 'ਕੈਰੀ ਆਨ ਜੱਟਾ' ਵਰਗੀਆਂ ਦਰਜਨ ਦੇ ਕਰੀਬ ਹਿੱਟ ਅਤੇ ਮਨੋਰੰਜਨ ਭਰਪੂਰ ਫਿਲਮਾਂ ਦੇਣ ਵਾਲੇ ਫਿਲਮ ਨਿਰਦੇਸ਼ਕ ਸਮੀਪ ਕੰਗ, ਗਾਖਲ ਭਰਾਵਾਂ ਦੇ ਇਸੇ ਪ੍ਰੋਜੈਕਟ ਦਾ ਬਲਿਊ ਪ੍ਰਿੰਟ ਤਿਆਰ ਕਰਨ ਲਈ ਉਚੇਚੇ ਤੌਰ 'ਤੇ ਮੁੰਬਈ ਤੋਂ ਅਮਰੀਕਾ ਪਹੁੰਚੇ।

ਤਕਰੀਬਨ ਦੋ ਵੱਖ ਵੱਖ ਕਹਾਣੀਆਂ ਨੂੰ ਸਮਾਜਿਕ ਅਤੇ ਮੋਨਰੰਜਨ ਭਰਪੂਰ ਦਿੱਖ ਫਿਲਮਾਂ ਦੇ ਨਿ–ਰਮਾਣ ਲਈ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਨਿ–ਰਦੇਸ਼ਕ ਸਮੀਪ ਕੰਗ ਨੇ ਕਿਹਾ ਕਿ ਗਾਖਲ ਭਰਾਵਾਂ ਦੀ ਪਿਛਲੀ ਪੰਜਾਬੀ ਫਿਲਮ ਵਿਸਾਖੀ ਲਿਸਟ ਦਾ ਨਿਰਦੇਸ਼ਨ ਵੀ ਉਸਨੇ (ਸਮੀਪ ਕੰਗ) ਹੀ ਕੀਤਾ ਸੀ ਅਤੇ ਉਹ ਇਨ੍ਹਾਂ ਭਰਾਵਾਂ ਨਾਲ ਕੰਮ ਕਰਕੇ ਬੇਹੱਦ ਖੁਸ਼ੀ ਮਹਿਸੂਸ ਕਰਦਾ ਹੈ ਕਿਉਂਕਿ ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਅਤੇ ਪਲਵਿੰਦਰ ਸਿੰਘ ਗਾਖਲ ਨਾ ਸਿਰਫ ਉੱਤਰੀ ਅਮਰੀਕਾ ਵਿਚ ਵੱਡੇ ਕਾਰੋਬਾਰੀ ਹਨ ਸਗੋਂ ਇਸ ਤੋਂ ਵੀ ਵੱਧ ਉਨ੍ਹਾਂ ਦੀਆਂ ਪੰਜਾਬੀ ਭਾਈਚਾਰੇ ਲਈ



ਅੱਗੇ ਹੋ ਕੇ ਕੰਮ ਕਰਨ ਦੀਆਂ ਪ੍ਰਾਪਤੀਆਂ ਦੀ ਲਿਸਟ ਵੀ ਬਹੁਤ ਵੱਡੀ ਹੈ, ਖੇਤਰ ਚਾਹੇ ਖੇਡਾਂ ਦਾ ਹੋਵੇ, ਜਾਂ ਹੋਰ ਸਮਾਜਿਕ ਸਰੋਕਾਰਾਂ ਦਾ। ਉਨ੍ਹਾਂ ਦੇ ਜੀ.ਬੀ. ਐਂਟਰਟੇਨਮੈਂਟ ਦੇ ਬੈਂਨਰ ਹੇਠ ਧਰਮਿੰਦਰ ਤੇ ਗਿੱਪੀ ਗਰੇਵਾਲ ਨਾਲ ਬਣਾਈ ਫਿਲਮ 'ਸੈਕੰਡ ਹੈਂਡ ਹਸਬੈਂਡ' ਅਤੇ ਜਿੰਮੀ ਸ਼ੇਰਗਿੱਲ ਨੂੰ ਲੈ ਕੇ ਬਣੀ 'ਵਿਸਾਖੀ ਲਿਸਟ' ਭਾਵੇਂ ਬਹੁਤਾ ਕਾਰੋਬਾਰ ਨਾ ਕਰ ਸਕੀਆਂ ਹੋਣ ਪਰ ਗਾਖਲ ਭਰਾਵਾਂ ਦਾ ਫਿਲਮ ਜਗਤ ਨਾਲ ਰਿਸ਼ਤਾ ਗੂੜਾ ਕਰ ਗਈਆਂ।

ਗਾਖਲ ਭਰਾ ਫਿਲਮ ਨਿਰਮਾਣ ਵਿਚ ਵਿਲੱਖਣ ਪੈੜ ਦੀ ਨਿਵੇਕਲੀ ਸਮਰੱਥਾ ਰੱਖਦੇ ਹਨ। ਵਿਸ਼ਵ ਪ੍ਰਸਿੱਧ ਗਾਇਕ ਅਤੇ ਅਦਾਕਾਰ ਅਮਰਿੰਦਰ ਗਿੱਲ ਨਾਲ ਇਕ ਫਿਲਮ ਬਣਾਉਣ ਦਾ ਨਿਰਣਾ ਹੋ ਚੁੱਕਾ ਹੈ ਅਤੇ ਸੋਨਮ ਬਾਜਵਾ ਨੂੰ ਹੀਰੋਇਨ ਵਜੋਂ ਲੈਣ ਦਾ ਵਿਚਾਰ ਹੈ। ਪੰਜਾਬੀ ਦੇ ਉੱਘੇ ਲੇਖਕ ਐੱਸ.ਅਸ਼ੋਕ ਭੌਰਾ ਪਿਛਲੇ ਦੋ ਸਾਲਾਂ ਤੋਂ ਇਸ ਫਿਲਮ ਦੀ ਕਹਾਣੀ ਅਤੇ ਹੋਰ ਪੱਖਾਂ ਤੇ ਗੰਭੀਰਤਾ ਨਾਲ ਕੰਮ ਕਰ ਰਹੇ ਹਨ ਅਤੇ ਜਿਸ ਤਰ੍ਹਾਂ ਪਾਠਕ ਉਨ੍ਹਾਂ ਨੂੰ ਅਖਬਾਰਾਂ ਰਾਹੀਂ ਵਧੀਆ ਸ਼ੈਲੀ ਕਾਰਨ ਜਾਣਦੇ ਹਨ, ਹੁਣ ਉਹ ਨਵੇਂ ਸੰਵਾਦ ਅਤੇ ਨਵੀਂ ਸ਼ੈਲੀ 'ਚ ਪਰੋਅ ਕੇ ਪੇਸ਼ ਕਰਨ ਵਿਚ ਸਫਲ ਹੋਣਗੇ। ਅਮਰੀਕੀ ਜਨ ਜੀਵਨ ਨਾਲ ਵੀ ਜੁੜੀ ਇਸ ਕਹਾਣੀ ਤੇ ਅਧਾਰਿਤ ਫਿਲਮ ਦਾ ਕੁਝ ਹਿੱਸਾ ਅਮਰੀਕਾ ਵਿਚ ਵੀ ਫਿਲਮਾਇਆ ਜਾਵੇਗਾ।

ਇੱਥੇ ਨਿਰਦੇਸ਼ਕ ਸਮੀਪ ਕੰਗ ਦਾ ਸਵਾਗਤ ਕਰਦਿਆਂ ਸ੍ਰ. ਅਮੋਲਕ ਸਿੰਘ ਗਾਖਲ ਅਤੇ ਪਲਵਿੰਦਰ ਸਿੰਘ ਗਾਖਲ ਨੇ ਕਿਹਾ ਕਿ ਇਸ ਸਾਲ ਦੇ ਅੰਤ ਤੱਕ ਨਵੀਂ ਫਿਲਮ ਰਿਲੀਜ਼ ਕਰਨ ਜਾ ਰਹੇ ਹਨ ਇਸ ਆਸ ਨਾਲ ਕਿ ਉਹ ਕਾਰੋਬਾਰ ਦੇ ਹੋਰ ਖੇਤਰਾਂ ਦੇ ਨਾਲ ਫਿਲਮੀ ਖੇਤਰ ਵਿਚ ਨਿਵੇਕਲੀ ਤੇ ਸਫਲ ਪੈੜ ਪਾਉਣਗੇ।

# ਕਨੈਕਟੀਕਟ 'ਚ "1984 ਸਾਕੇ" ਦੀ ਪਹਿਲੀ ਯਾਦਗਾਰ 'ਤੇ ਸੰਤ ਭਿੰਡਰਾਂਵਾਲਿਆਂ ਦੀ ਤਸਵੀਰ ਲੱਗੀ

**ਕਨੈਕਟੀਕਟ, ਅਮਰੀਕਾ ( ਹੁਸਨ ਲੜੋਆ ਬੰਗਾ)–** ਬੀਤੇ ਦਿਨੀਂ ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਦੀ ਇਕ ਵੱਡੀ ਤਸਵੀਰ ਅਮਰੀਕਾ ਦੇ ਕੰਨੇਕਟਿਕਟ ਸੂਬੇ ਵਿਚ ਬਣੀ ''1984 ਸਿੱਖ ਕਤਲੇਆਮ'' ਦੀ ਪਹਿਲੀ ਯਾਦਗਾਰ 'ਤੇ ਲਗਾਈ ਗਈ। ਕੰਨੇਕਟਿਕਟ ਸੂਬਾ ਸਰਕਾਰ ਨੇ 1984 ਵਿਚ ਦਰਬਾਰ ਸਾਹਿਬ 'ਤੇ ਹੋਏ ਹਮਲੇ ਦੀ ਨਿੰਦਾ ਕੀਤੀ ਤੇ ਸਿੱਖ ਸ਼ਹੀਦਾਂ ਨੂੰ ਮੁੱਖ ਰੱਖ ਕੇ ਜੂਨ 1 ਨੂੰ ''ਸਿੱਖ ਮੈਮੋਰੀਅਲ ਡੇ'' ਵਜੋਂ ਮਾਨਤਾ ਦਿੱਤੀ। ਇਸ ਮੌਕੇ ਗਵਰਨਰ ਵਲੋਂ ਜੂਨ ਦਾ ਮਹੀਨਾ ''ਸਿੱਖ ਮੈਮੋਰੀਅਲ ਮੰਥ'' ਵਜੋਂ ਐਲਾਨਿਆ ਗਿਆ।ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਅਮਰੀਕਾ ਦੇ ਪ੍ਰਧਾਨ ਨੇ ਦੱਸਿਆ ਕਿ ਕਿ ਅਮਰੀਕਾ ਦੇ ਸੂਬੇ ਕੰਨੇਕਟਿਕਟ ਨੇ ਪਿਛਲੇ ਸਾਲ ਜਿਥੇ ਨਵੰਬਰ 1 ਨੂੰ ਬਿੱਲ ਪਾਸ ਕਰਕੇ ਹਰ ਸਾਲ ''ਸਿੱਖ ਜਨੋਸਾਈਡ ਰਿਮੈਂਬਰਨਸ ਡੇ'' ਵਜੋਂ ਮਨਾਉਣ ਦਾ ਐਲਾਨ ਕੀਤਾ ਸੀ ਅਤੇ ਇਸੇ ਸਾਲ ਅਪ੍ਰੈਲ 14



ਨੂੰ ''ਨੈਸ਼ਨਲ ਸਿੱਖ ਡੇ'' ਵਜੋਂ ਮਾਨਤਾ ਦੇਣ ਉਪਰੰਤ ਹੁਣ 1984 ਸਿੱਖ ਕਤਲੇਆਮ ਦੀ ਯਾਦਗਾਰ ਬਣਾ ਕਿ ਵਿਸ਼ਵ ਵਿਚ ਵਸਦੇ ਸਿੱਖਾਂ ਦਾ ਦਿਲ ਜਿੱਤਿਆ ਹੈ। ਜੂਨ 1 ਨੂੰ ਵਿਸ਼ੇਸ ਸਮਾਗਮ ਨੋਰਵਿੱਚ ਦੀ ਸਿਟੀ ਲਾਇਬ੍ਰੇਰੀ (ਓਟਿਸ ਲਾਇਬ੍ਰੇਰੀ) ਵਿਚ ਇਸ ਘੱਲੂਘਾਰੇ ਦਿਵਸ ਬਾਰੇ ਸਮਾਗਮ ਕੀਤਾ ਗਿਆ,



ਜਿਥੇ ਨੋਰਵਿੱਚ ਦੇ ਮੇਅਰ ਅਤੇ ਸਟੇਟ ਦੇ ਲੀਡਰਾਂ ਵਲੋਂ ਯਾਦਗਾਰ ਦਾ ਉਦਘਾਟਨ ਕੀਤਾ ਗਿਆ ਅਤੇ ਕੰਨੇਕਟਿਕਟ ਜਰਨਲ ਅਸੈਂਬਲੀ ਵਲੋਂ ਜੂਨ 1 ਨੂੰ ''ਸਿੱਖ ਮੈਮੋਰਿਅਲ ਡੇ'' ਅਤੇ ਜੂਨ ਦੇ ਮਹੀਨੇ ਨੂੰ ''ਸਿੱਖ ਮੈਮੋਰੀਅਲ ਮੰਥ'' ਵਜੋਂ ਪਾਸ ਕੀਤਾ।ਇਸ ਯਾਦਗਾਰ ਵਿਚ ਜਿਥੇ 1984 ਦੇ ਦੁਖਾਂਤ ਨੂੰ ਜਿਥੇ ਸਿੱਖ ਨੁਕਤਾ ਨਿਗਾ ਨਾਲ ਕਲਮਬੰਦ ਕੀਤਾ, ਉਥੇ ਅਮਰ ਸ਼ਹੀਦ ਸੰਤ ਭਿੰਡਰਾਂਵਾਲਿਆਂ ਦੀ ਇਕ ਵੱਡੀ ਚਿੱਤਰਕਾਰੀ ਵਾਲੀ ਫੋਟੋ ਲਗਾਈ ਗਈ। ਕੰਨੇਕਟਿਕਟ ਦੇ ਗਵਰਨਰ ਨੇ ਡਲਾਮੋਂਟ ਵਲੋਂ ਜੂਨ ਦਾ ਮਹੀਨਾ ''ਸਿੱਖ ਮੈਮੋਰੀਅਲ ਮੰਥ'' ਵਜੋਂ ਐਲਾਨਿਆ ਤੇ ਸਿੱਖਾਂ ਦੀ ਖੁਦਮੁਖਤਿਆਰੀ ਦੀ ਗੱਲ ਵੀ ਕੀਤੀ। ਇਸ ਮੌਕੇ ਸਿੱਖ ਵਿਦਵਾਨ ਡਾ. ਅਮਰਜੀਤ ਸਿੰਘ ਵਾਸ਼ਿੰਗਟਨ, ਅਵਤਾਰ ਸਿੰਘ ਪੰਨੂ, ਪਾਵਨ ਸਿੰਘ, ਮਨਮੋਹਨ ਸਿੰਘ, ਮਹਿੰਦਰ ਸਿੰਘ, ਕੰਵਲਜੀਤ ਸਿੰਘ, ਕੁਲਜੀਤ ਸਿੰਘ ਖਾਲਸਾ, ਗੁਰਪ੍ਰੀਤ ਸਿੰਘ, ਜਗਦੀਪ ਸਿੰਘ, ਗੁਰਮੀਤ ਸਿੰਘ, ਬਖਸ਼ੀਸ਼ ਸਿੰਘ, ਮੰਗਾ ਸਿੰਘ, ਜਸਪਾਲ ਸਿੰਘ ਆਦਿ ਤੋਂ ਇਲਾਵਾ ਪੰਥਕ ਜਥੇਬੰਦੀਆਂ ਦੇ ਆਗੂ ਤੇ ਵੱਖ–ਵੱਖ ਧਰਮਾਂ ਦੇ ਧਾਰਮਿਕ ਲੀਡਰ, ਵਿਦਵਾਨ ਹਾਜ਼ਰ ਸਨ, ਜਿਹਨਾਂ ਨੇ ਸਿੱਖ ਘੱਲੂਘਾਰੇ 84 ਦੇ ਸੰਤਾਪ ਬਾਰੇ ਸਿੱਖ ਪੰਥ ਨਾਲ ਹਮਦਰਦੀ ਪ੍ਰਗਟਾਈ।


SRI GURU RAVIDASS SABHA PITTSBURG (CA)

2150 CRESTVIEW DRIVE, Pittsburg CA 94565 Tel: (925) 439-2355

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਜੂਨ ਮਹੀਨੇ ਦੇ ਪ੍ਰੋਗਰਾਮ

**May 26, 2019 Sukhmani Sahib Path & Langar Sewa by Gurughar - OPEN**

**June 09, 2019**

**Sukhmani Sahib Path & Langar Sewa by Bibi Satya Dass**

Waheguru has blessed Bibi Satya Dass with a granddaughter Sienna. Bibi Satya Dass along with Jagjit Singh, Sundeep Singh, Sonia Dass Hanson and Patrick Hanson will host Sri Sukhmani Sahib Path and Langar Sewa to thank Waheguru. May Waheguru bless Sienna with happy, healthy and long life..

**June 16, 2019- College Graduation of Natasha Chbbara Celebreations**

**Bhai Kuldip Chhabra and Bibi Benu Chhabra**

Sri Sukhmani Sahib Path and Langar Sewa will be hosted by Bhai Kuldip Chhabra and Bibi Benu Chhbara to celebrate graduation of their daughter Natasha Chhabra, she finished her degree "Bachelor of Science in Agriculture Technology Management. May Waheguru bless Natasha with higher education and great future..

**June 23, 2019 Wedding Anniversary of Dalvir Kaur and Varinderjit Singh**

Bhai Paras Ram, Bibi Jaswinder Kaur and family are celebrating wedding anniversary of their daughter Dalvir Kaur. Sri Sukhmani Sahib Path and Langar Sewa will be hosted by the family. May God Bless this couple with happy married life.

**June 28-29-30, 2019 Pittsburg Gurughar's 34th Anniversary**

Sri Guru Ravidass Temple Pittsburg's 34th anniversary will be celebrated on June 30, 2019. Akhand Path will start on Friday 6/28/19 at 10am and will be concluded with Bhog ceremony on Sunday 6/30/29. Path and Langar sewa will be hosted by Gurughar with the help and cooperation of entire Sangat. Entire Sangat is requested to attend the function.

Please contact Gurughar Commottee for STALLS or any sewa on this occasion.

**"NANAK NAM CHARDI KALA TERE BHANE SARBAT DA BHALA**

**Please visit Gurughar website for information: WWW.SriGuruRavidassTemple.com**

**NOTE: Sewa is available for the dates with ***.**

**Please contact General Secretary at 209.834.4641 for more information.**

Sangat Sewadars

Chairman Ramesh Suman 925-366-3618

President Kashmiri Bhatia 408-460-0262

General Secretary Dilbag Singh 209-834-4641

Treasurer Narinder Chahal 209- 627-7974

# ਯੂਨੀਵਰਸਿਟੀ ਆਫ ਕੈਲੀਫ਼ੋਰਨੀਆ ਵਿਚ ਬੀਬੀ ਧੰਨ ਕੌਰ ਸਹੋਤਾ ਚੇਅਰ ਸਥਾਪਿਤ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਯੂ. ਸੀ ਇਰਵਾਈਨ ਵਿਚ ਰਸਮੀ ਤੌਰ 'ਤੇ ਬੀਬੀ ਧਨ ਕੌਰ ਸਹੋਤਾ ਚੇਅਰ ਸਥਾਪਿਤ ਕਰ ਦਿੱਤੀ ਗਈ। ਇਸ ਮੌਕੇ ਹੋਏ ਸਮਾਗਮ ਵਿਚ ਇੰਗਲੈਂਡ, ਕੈਨੇਡਾ, ਰੋਚਸਟਰ, ਨਿਊਯਾਰਕ, ਹੋਸਟਨ, ਲਾਸ ਵੈਗਾਸ ਤੇ ਐਰੀਜੋਨ ਤੋਂ ਸੈਂਕੜੇ ਪਤਵੰਤੇ ਸ਼ਾਮਿਲ ਹੋਏ। ਸਮਾਗਮ ਦੇ ਮੁੱਖ ਮਹਿਮਾਨ ਇੰਡੀਅਨ ਅਮਰੀਕੀਨ ਪ੍ਰੋਫੈਸਰ ਅਨੀਥ ਹੁੰਦਲ, ਧੰਨ ਕੌਰ ਸਹੋਤਾ ਪ੍ਰੈਜੀਡੈਸ਼ੀਅਲ ਚੇਅਰ ਇਨ ਸਿੱਖ ਸਟੱਡੀਜ਼ ਸਨ। ਯੂਨੀਵਰਸਿਟੀ ਵਲੋਂ ਪ੍ਰਤੀਨਿੱਧਤਾ ਵਾਈਸ ਚਾਂਸਲਰ ਬਰੀਅਨ ਹਾਰਵੇ ਨੇ ਕੀਤੀ। ਇਸ ਤੋਂ



ਇਲਾਵਾ ਡਾ ਸੁਲੇਖ ਜੈਨ, ਡਾ ਜਸਵੰਤ ਮੋਦੀ ਤੇ ਡਾਕਟਰ ਨਿਤਿਨ ਸ਼ਾਹ ਵੀ ਸ਼ਾਮਿਲ ਹੋਏ। ਸਥਾਨਕ ਭਾਈਚਾਰੇ ਵੱਲੋਂ ਡਾ ਅਮਰਜੀਤ ਮਰਵਾਹ, ਡਾ ਪਸ਼ੌਰਾ ਸਿੰਘ ਜੋ ਯੂ.ਸੀ ਰਿਵਰਸਾਈਡ ਵਿਖੇ ਧਰਮ ਤੇ ਸਿੱਖ ਚੇਅਰ ਵਿਭਾਗ ਦੇ ਮੁੱਖੀ ਹਨ, ਸ਼ਾਮਿਲ ਹੋਏ। ਨਿਊਯਾਰਕ ਦੇ ਸਿੱਖ ਵਿਦਵਾਨ ਗੁਰਿੰਦਰ ਸਿੰਘ ਮਾਨ, ਡਾ ਜਸਬੀਰ ਮਾਨ, ਇੰਦਰ ਸਿੰਘ, ਪਾਲ ਸਿੰਘ ਤੇ ਅਰਵਿੰਦਰ ਸਿੰਘ ਚਾਵਲਾ ਵੀ ਪੁੱਜੇ। ਇਸ ਮੌਕੇ ਯੂ. ਸੀ ਇਰਵਾਈਨ ਵੱਲੋਂ ਡਾ ਹਰਵਿੰਦਰ ਤੇ ਆਸ਼ਾ ਸਹੋਤਾ ਨੂੰ ਪ੍ਰਸੰਸਾ ਵਜੋਂ ਪਲੇਕ ਦੇ ਕੇ ਸਮਨਾਨਿਤ ਕੀਤਾ ਗਿਆ। ਡਾ ਹਰਵਿੰਦਰ ਤੇ ਸਹੋਤਾ ਵੱਲੋਂ ਦਾਨ ਵਜੋਂ ਦਿੱਤੇ 1.5 ਮਿਲੀਅਨ ਡਾਲਰ ਸਦਕਾ ਹੀ ਚੇਅਰ ਸਥਾਪਿਤ ਹੋਈ ਹੈ।


## ਸੈਨ ਫਰਾਸਿਸਕੋ ਦੇ ਭਾਰਤੀ ਕਾਂਸਲੇਟ ਸਾਹਮਣੇ 4 ਜੂਨ ਨੂੰ 1984 ਦੇ ਘੱਲੂਘਾਰੇ ਵਿਰੁੱਧ ਭਾਰੀ ਰੋਸ ਮੁਜਾਹਰਾ ਹੋਵੇਗਾ

**ਸੈਨ ਫਰਾਂਸਿਸਕੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਸ੍ਰੀ ਦਰਬਾਰ ਸਾਹਿਬ ਵਿਚ ਭਾਰਤੀ ਹਕੂਮਤ ਦੁਆਰਾ ਕੀਤੀ ਗਈ ਕਹਿਰਾਂ ਭਰੀ ਸਿੱਖ ਨਸਲਕੁਸ਼ੀ ਜੂਨ 1984 ਦੇ ਘੱਲੂਘਾਰੇ ਦੀ ਯਾਦ ਵਿਚ ਭਾਰਤੀ ਹਕੂਮਤ ਖਿਲਾਫ ਸੈਨ ਫਰਾਂਸਿਸਕੋ ਦੇ ਭਾਰਤੀ ਦੂਤਾਵਾਸ ਸਾਹਮਣੇ 4 ਜੂਨ ਦਿਨ ਮੰਗਲਵਾਰ ਨੂੰ ਦੁਪਹਿਰੀਂ 12 ਵਜੇ ਤੋਂ 2 ਵਜੇ ਤੱਕ ਭਾਰੀ ਰੋਸ ਮੁਜ਼ਾਹਰਾ ਕੀਤਾ ਜਾ ਰਿਹਾ ਹੈ। ਇਹ ਵਿਰੋਧ ਪ੍ਰਦਰਸ਼ਨ ਕੈਲੇਫੋਰਨੀਆ ਦੀਆਂ ਸਮੂੰਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਪੰਥਕ ਜਥੇਬੰਦੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ ਪ੍ਰਬੰਧਕਾਂ ਨੇ ਕਿਹਾ ਕਿ ਇਹ ਮੁਜ਼ਾਹਰੇ ਪਿਛਲੇ 35 ਸਾਲਾਂ ਤੋਂ ਹੀ ਕੀਤੇ ਕਰਵਾਏ ਜਾ ਰਹੇ ਹਨ ਤਾਂ ਕਿ ਭਾਰਤੀ ਹਕੂਮਤ ਨੂੰ ਇਹ ਯਾਦ ਰਵੇ ਕਿ ਸਿੱਖ ਕੌਮ ਆਪਣੇ ਉਤੇ ਹੋਏ ਜ਼ੁਲਮਾਂ ਨੂੰ ਭੁੱਲਦੀ ਨਹੀਂ ਤੇ ਆਪਣੇ ਰਾਜ ਦੀ ਗੱਲ ਨੂੰ ਸਦਾ ਆਣੇ ਚੇਤਿਆਂ ਵਿਚ ਰੱਖਦੀ ਹੈ। ਉਨਾਂ ਸਮੂੰਹ ਗੁਰੂ ਨਾਨਕ ਨਾਮ ਲੇਵਿਆਂ ਤੇ ਇਨਸਾਫ ਪਸੰਦ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸੈਨ ਫਰਾਂਸਿਸਕੋ ਦੇ ਭਾਰਤੀ ਕਾਂਸਲੇਟ ਅੱਗੇ ਪਹੁੰਚ ਕੇ ਇਸ ਮੁਜ਼ਾਹਰੇ ਦੌਰਾਨ ਰੋਸ ਵਿਚ ਵਾਧਾ ਕਰਨ।

# ਵਰਜੀਨੀਆ ਬੀਚ ਵਿਚ ਇੱਕ ਕਰਮਚਾਰੀ ਵਲੋਂ ਕੀਤੀ ਗੋਲੀਬਾਰੀ ਚ' 12ਮਰੇ, 4 ਜਖਮੀ ਤੇ ਪੁਲੀਸ ਨੇ ਗੋਲੀ ਚਲਾਉਣ ਵਾਲੇ ਨੂੰ ਵੀ ਕੀਤਾ ਢੇਰ







**ਵਰਜੀਨੀਆ, ਅਮਰੀਕਾ (ਹੁਸਨ ਲੜੋਆ ਬੰਗਾ)–** ਵਰਜੀਨੀਆ ਬੀਚ ਸ਼ਹਿਰ ਦੇ ਸ਼ੁੱਕਰਵਾਰ ਦੁਪਹਿਰ ਨੂੰ ਵਰਜੀਨੀਆ ਬੀਚ 'ਤੇ ਗੋਲੀਬਾਰੀ ਦੀ ਸ਼ੁਰੂਆਤ ਕਰਨ ਵਾਲੇ ਸ਼ਹਿਰ ਵਿੱਚ ਤਇਨਾਤ ਇੱਕ ਕਰਮਚਾਰੀ ਨੇਅਚਾਨਕ ਲੋਕਾ ਤੇ ਫਾਇਰ ਕਰਕੇ 12 ਵਿਅਕਤੀਆਂ ਦੀ ਜਾਨ ਲੈ ਲਈ ਤੇ ਘੱਟੋ ਘੱਟ ਚਾਰ ਹੋਰ ਹਸਪਤਾਲ ਵਿੱਚ ਦਾਖਲ ਕਰਵਾਏ ਗਏ ਹਨ, ਉਹ ਵੀ ਗੰਭੀਰ ਹਾਲਤ ਵਿੱਚ ਦੱਸੇ ਜਾ ਰਹੇ ਹਨ।ਪੁਲਸ ਚੀਫ਼ ਜੇਮਸ ਸੇਰੇਵਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਪਬਲਿਕ ਜੁਟਿਲਟੀ ਚ ਕੰਮ ਕਰਦੇ ਕਰਮਚਾਰੀ ਵਲੋਂ ਇਸ ਵਰਦਾਤ ਨੂੰ ਅੰਜਾਮ ਦਿੱਤਾ ਗਿਆ ਉਸਦੀ ਮੌਤ ਵੀ ਪੁਲੀਸ ਨਾਲ ਲੰਬੀ ਗੋਲੀਬਾਰੀ ਤੋਂ ਬਾਅਦ ਹੋਈ। ਗੰਭੀਰ ਹਾਲਤ ਚ ਜਖਮੀ ਹੋਏ ਚਾਰ ਵਿਅਕਤੀਆਂ ਦੀ ਸਰਜਰੀ ਰਾਤ ਨੂੰ ਹੋ ਰਹੀ ਹੈ ਹਸਪਤਾਲ ਦੇ ਅਧਿਕਾਰੀਆਂ ਨੇ ਦੱਸਿਆ ਕਿ ਤਿੰਨ ਲੋਕ ਗੰਭੀਰ ਸਥਿਤੀ ਵਿਚ ਹਨ। ਮੇਅਰ ਬੌਬੀ ਡਾਇਰ ਨੇ ਕਿਹਾ, "ਵਰਜੀਨੀਆ ਬੀਚ ਦੇ ਇਤਿਹਾਸ ਵਿੱਚ ਇਹ ਸਭ ਤੋਂ ਵੱਧ ਤਬਾਹਕੁਨ ਦਿਨ ਹੈ" ਇਸ ਘਟਨਾ 'ਚ ਸ਼ਾਮਲ ਲੋਕ ਸਾਡੇ ਦੋਸਤ, ਸਹਿਕਰਮੀ, ਗੁਆਂਢੀ ਹਨ।"

ਸੇਰਵਾੜਾ ਨੇ ਕਿਹਾ ਕਿ ਇਕ ਵਿਅਕਤੀ ਨੂੰ ਇਕ ਕਾਰ ਵਿਚ ਗੋਲੀ ਮਾਰੀ ਗਈ ਸੀ ਅਤੇ ਗਨਮੈਨ ਨੇ ਅੰਨ੍ਹੇਵਾਹ ਗੋਲੀਬਾਰੀ ਕੀਤੀ, ਇਸ ਦੌਰਾਨਗੋਲੀਬਾਰੀ ਵਿਚ ਸ਼ਾਮਲ ਇਕ ਅਧਿਕਾਰੀ ਨੂੰ ਵੀ ਗੋਲੀ ਮਾਰ ਦਿੱਤੀ ਗਈ ਸੀ. ਪੁਲਸ ਮੁਖੀ ਨੇ ਕਿਹਾ ਕਿ ਅਫਸਰ ਬਚ ਗਿਆ।

ਪੁਲੀਸ ਅਨੁਸਾਰ, ਸ਼ੂਟਿੰਗ ਕਰਨ ਵਾਲੇ ਸ਼ੱਕੀ ਦੀ ਪਛਾਣ ਡੀਵਾਏ ਕਰੈਡੌਕ ਵਜੋਂ ਹੋਈ ਹੈ।40 ਸਾਲਾ ਕ੍ਰੈਡਕ ਪਬਲਿਕ ਯੂਟਿਲਟੀ ਵਿਭਾਗ ਵਿਚ ਵਰਜੀਨੀਆ ਬੀਚ ਦੇ ਸ਼ਹਿਰ ਲਈ ਪ੍ਰਮਾਣਤ ਪੇਸ਼ੇਵਰ ਇੰਜੀਨੀਅਰ ਵਜੋਂ ਕੰਮ ਕਰਦਾ ਸੀ। ਪੁਲੀਸ ਮੁਤਾਬਕ ਇਹ ਸ਼ੂਟਿੰਗ ਉਦੋਂ ਵਾਪਰੀ ਜਦੋਂ ਲੋਕ ਆਪਣੇ ਕੰਮਾਂ ਕਾਰਾਂ ਲਈ ਮਿਊਂਸਪਲ ਸੈਂਟਰ ਆ ਰਹੇ ਸਨ। ਇੱਕ ਗਵਾਹ ਨੇ ਮੁਤਾਬਕ ਗੋਲੀ ਦੌਰਾਨ ਲੋਕ ਡੈਸਕਾਂ ਦੇ ਹੇਠਾਂ ਲੁਕੇ ਹੋਏ ਸਨ। ਪੁਲਸ ਨੂੰ ਇਸ ਥਾਂ ਤੋਂ ਇਕ ਪਿਸਤੌਲ ਅਤੇ ਇਕ ਰਾਈਫਲ ਮਿਲੀ ਹੈ ਜਿਸ ਵਿਚ ਜਾਂਚਕਾਰਾਂ ਦਾ ਮੰਨਣਾ ਹੈ ਕਿ ਇਹ ਸ਼ੂਟਿੰਗ ਵਿਚ ਵਰਤੇ ਗਏ ਹਨ।

ਪੁਲੀਸ ਮੁੱਖੀ ਨੇ ਪੁਸ਼ਟੀ ਕੀਤੀ ਕਿ ਇਕ .45 ਕੈਲੀਬਰ ਪਿਸਤੌਲ, ਇਕ ਸੁਪਰੇਸਰ ਅਤੇ ਕਈ ਖਾਲੀ, ਉਚ-ਸਮਰੱਥਾ ਵਾਲੇ ਮੈਗਜ਼ੀਨ ਗਨਮੈਨ ਦੇ ਨੇੜੇ ਮਿਲੇ ਸਨ ਪਰ ਰਾਈਫਲ ਦੀ ਮੌਜੂਦਗੀ 'ਤੇ ਕੋਈ ਟਿੱਪਣੀ ਨਹੀਂ ਕੀਤੀ।ਵਾਈਸ ਮੇਅਰ ਜੇਮਜ਼ ਵੁੱਡ ਨੇ ਕਿਹਾ ਕਿ ਲੋਕ ਗੰਨ ਪਬਲਿਕ ਇਮਾਰਤਾਂ ਵਿੱਚ ਲੈ ਸਕਦੇ ਹਨ, ਪਰ ਸਕੂਲਾਂ ਜਾਂ ਅਦਾਲਤਾਂ ਨਹੀਂ।

ਐਫਬੀਆਈ ਨੇ ਸਥਾਨਕ ਪ੍ਰਸ਼ਾਸਨ ਦੀ ਮਦਦ ਲਈ ਘਟਨਾ ਦੀ ਥਾਂ ਤੇ, ਇਕ ਫੋਰੈਂਸਿਕ ਦੀ ਟੀਮ ਵੀ ਭੇਜੀ ਹੈ।ਇਹ ਘਟਨਾ ਨਵੰਬਰ ਤੋਂ ਬਾਅਦ ਅਮਰੀਕਾ ਵਿਚ ਸਭ ਤੋਂ ਭਿਆਨਕ ਸਮੂਹਿਕ ਗੋਲੀਬਾਰੀ ਹੈ.ਪਹਿਲਾਂ ਇਸੇ ਤਰਾਂ ਦੀ ਗੋਲੀਬਾਰੀ ਵਿਚ ਕੈਲੀਫੋਰਨੀਆ ਦੇ ਥਾਉਸੈਂਡ ਓਕਸ ਵਿਚ ਬਾਰਡਰਲਾਈਨ ਬਾਰ ਤੇ ਗ੍ਰਿੱਲ ਵਿਚ 12 ਲੋਕ ਮਾਰੇ ਗਏ ਸਨ।



# ਭਾਟੀਆ ਪਰਿਵਾਰ ਨੇ ਮਾਤਾ-ਪਿਤਾ ਜੀ ਦੀ ਯਾਦ ਨੂੰ ਸਮਰਪਿਤ ਆਖੰਡ ਪਾਠ ਕਰਵਾਏ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੇ ਹੈਡ ਕੈਸ਼ੀਅਰ ਸ੍ਰੀ ਰਾਮ ਸੇਵਕ ਭਾਟੀਆ, ਸ੍ਰੀ ਰਾਮ ਗੋਪਾਲ ਭਾਟੀਆ, ਸ੍ਰੀ ਰਾਜ ਕੁਮਾਰ ਭਾਟੀਆ, ਸ੍ਰੀ ਰਾਮ ਪ੍ਰਸ਼ਾਦ ਭਾਟੀਆ, ਸ੍ਰੀ ਰਾਮ ਮੂਰਤੀ ਭਾਟੀਆ, ਸ. ਗੁਰਮੇਲ ਸਿੰਘ, ਬੀਬੀ ਆਸ਼ਾ ਰਾਣੀ ਜੀ ਸਮੂਹ ਭਾਟੀਆ ਪਰਿਵਾਰ ਵੱਲੋਂ ਆਪਣੇ ਸਤਿਕਾਰਯੋਗ ਮਾਤਾ-ਪਿਤਾ ਸਵਰਗੀ ਸ੍ਰੀ ਬਖਸ਼ੀ ਰਾਮ, ਮਾਤਾ ਸਵਰਗੀ ਧੰਨ ਕੌਰ ਜੀ ਦੀ ਮਿੱਠੀ ਯਾਦ ਨੂੰ ਸਮਰਪਿਤ ਮਹਾਨ ਸ੍ਰੀ ਅਖੰਡ ਪਾਠ ਸਾਹਿਬ ਜੀ ਮਿਤੀ 31 ਮਈ, 1 ਅਤੇ 2 ਜੂਨ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਕਰਵਾਏ ਗਏ, ਜਿਸ ਵਿਚ ਮਈ 31 ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 2 ਜੂਨ ਦਿਨ ਐਤਵਾਰ ਨੂੰ ਪਾਏ ਗਏ। ਭੋਗ ਉਪਰੰਤ ਮਹਾਨ ਕੀਰਤਨ ਸਜਾਏ ਗਏ, ਜਿਸ ਵਿਚ ਭਾਈ ਪ੍ਰਿਤਪਾਲ ਸਿੰਘ ਜੀ ਹਜ਼ੂਰੀ ਜਥਾ, ਭਾਈ ਆਤਮਜੋਤ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਤੋਂ ਇਲਾਵਾ ਭਾਈ ਗੁਰਦੇਵ ਸਿੰਘ ਜੀ ਨੇ ਗੁਰਬਾਣੀ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਭਾਈ ਗੁਰਦੀਪ ਸਿੰਘ ਹੀਰਾ ਨੇ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਸੈਕਟਰੀ ਦੀ ਸੇਵਾ ਸ੍ਰੀ ਰਾਮ ਸੇਵਕ ਭਾਟੀਆ ਹੈਡ ਕੈਸ਼ੀਅਰ ਨੇ ਨਿਭਾਈ। ਇਸ ਸਮਾਗਮ ਵਿਚ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਘਰ ਵਿਖੇ ਹਾਜ਼ਰੀ ਲਗਵਾਈ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

**ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਜੂਨ ਮਹੀਨੇ ਦੇ ਪ੍ਰੋਗਰਾਮ**

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਧੰਨ ਧੰਨ ਸਤਿਗੁਰੂ ਅਰਜਨ ਦੇਵ ਮਹਾਰਾਜ ਜੀ ਦੀ ਮਹਾਨ ਸ਼ਹੀਦੀ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ:

**6 ਜੂਨ 2019 ਦਿਨ ਸ਼ੁੱਕਰਵਾਰ**
**ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**
**9 ਜੂਨ 2019 ਦਿਨ ਐਤਵਾਰ**
**ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ**

ਗੁਰੂ ਘਰ ਦੇ ਸ਼ਰਧਾਲੂ ਪਰਿਵਾਰ ਬੀਬੀ ਤ੍ਰਿਪਤਾ ਕੌਰ ਜੀ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਮਿਤੀ 16 ਜੂਨ ਦਿਨ ਐਤਵਾਰ ਨੂੰ ਪਾਏ ਜਾਣਗੇ ਜੀ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਧੰਨ ਧੰਨ ਸਤਿਗੁਰੂ ਗੁਰੂ ਕਬੀਰ ਮਹਾਰਾਜ ਜੀ ਦੇ ਗੁਰਪੁਰਬ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ:

**21 ਜੂਨ 2019 ਦਿਨ ਸ਼ੁੱਕਰਵਾਰ**
**ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**
**23 ਜੂਨ 2019 ਦਿਨ ਐਤਵਾਰ**
**ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ।**

**(ਤਸਵੀਰਾਂ ਦੇਖੋ ਸਫਾ 13 'ਤੇ)**

# ਮਹਾਂਰਿਸ਼ੀ ਵਾਲਮੀਕ ਟੈਂਪਲ 'ਚ ਹਫਤਾਵਾਰੀ ਪ੍ਰੋਗਰਾਮ ਮਨਾਇਆ ਗਿਆ

**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਮਹਾਂਰਿਸ਼ੀ ਵਾਲਮੀਕ ਸਭਾ ਵੱਲੋਂ ਸ੍ਰੀ ਪ੍ਰੇਮ ਸੌਂਧੀ ਦੀ ਪ੍ਰਧਾਨਗੀ ਹੇਠ ਹਫਤਾਵਾਰੀ ਪ੍ਰੋਗਰਾਮ ਮਨਾਇਆ ਗਿਆ। ਸਭ ਤੋਂ ਪਹਿਲਾਂ ਰਮਾਇਣ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਆਰਤੀ ਅਰਦਾਸ ਕੀਤੀ ਗਈ। ਸਭ ਤੋਂ ਪਹਿਲਾਂ ਸ੍ਰੀ ਵਿਨੋਦ ਗਿੱਲ ਕੈਸ਼ੀਅਰ ਵੱਲੋਂ ਸੰਗਤਾਂ ਨਾਲ ਵਿਸ਼ੇਸ਼ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਵੀ ਮੰਦਰ ਵਿਚ ਕੰਸਟ੍ਰਕਸ਼ਨ ਸਬੰਧੀ ਜਾਂ ਪਾਰਕਾਂ ਸਬੰਧੀ ਆਦਿ ਸਨ, ਸਭ ਨੂੰ ਮੁਕੰਮਲ ਕਰ ਦਿੱਤਾ ਗਿਆ ਹੈ, ਜਿਸ ਨੂੰ ਕਾਊਂਟੀ ਅਤੇ ਫਾਇਰ ਡਿਪਾਰਟਮੈਂਟ ਵੱਲੋਂ ਫਾਇਨਲ ਇੰਸਪੈਕਸ਼ਨ ਤੋਂ ਬਾਅਦ ਮਨਜ਼ੂਰੀ ਦੇ ਦਿੱਤੀ ਗਈ. ਹੈ ਅਤੇ ਲੋੜੀਂਦਾ ਸਰਟੀਫਿ-ਕੇਟ ਵੀ ਜਾਰੀ ਕਰ ਦਿੱਤਾ ਗਿਆ ਹੈ। ਸਭਾ ਦੇ ਵਾਈਸ ਪ੍ਰਧਾਨ ਸੰਤੋਖ ਸਿੰਘ ਗਿੱਲ ਵੱਲੋਂ ਸਮੂਹ ਸੰਗਤਾਂ ਨੂੰ ਵਧਾਈ ਦਿੰਦਿਆਂ ਹੋਇਆਂ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ ਕਿ ਸੰਗਤਾਂ ਨੇ ਲੋੜ ਅਤੇ ਸਮਰੱਥਾ ਅਨੁਸਾਰ ਸਭਾ ਨੂੰ ਤਨੋਂ, ਮਨੋਂ, ਧੰਨੋ ਸਹਿ-ਯੋਗ ਦਿੱਤਾ ਗਿਆ। ਇਸ ਪੂਰੇ ਕਾਰਜ ਨੂੰ ਨੇਪਰੇ ਚਾੜ੍ਹਨ ਦਾ ਪੂਰਾ ਕਰਨ 'ਚ ਪ੍ਰੇਮ ਸੌਂਧੀ ਅਤੇ ਵਿਨੋਦ ਗਿੱਲ ਨੇ ਬੇਹੱਦ ਮਿਹਨਤ ਕੀਤੀ ਹੈ, ਉਹਨਾਂ ਨੂੰ ਸਨਮਾਨਿਤ ਕਰਨ ਦਾ ਮਤਾ ਰੱਖਿਆ ਤੇ ਸੰਗਤਾਂ ਸਰਬ ਸੰਮਤੀ ਨਾਲ ਪਾਸ ਕਰਕੇ ਤੁਰੰਤ ਹੀ ਦੋਹਾਂ ਸੱਜਣਾਂ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ।

ਇਸੇ ਦੌਰਾਨ ਸਵਰਨ ਕੌਰ ਭਗਾਣੀ, ਜੋਗਿੰਦਰ ਸਿੰਘ ਸ਼ੌਕੀ, ਭੁਪਿੰਦਰ ਭਿੰਦਾ, ਬਲਬੀਰ ਸੋਨੀ ਤੇ ਵਿਸ਼ਾਲ ਸ਼ਰਬਤੀ ਵੱਲੋਂ ਸ਼ਬਦ ਗਾਇਨ ਵੀ ਕੀਤਾ ਗਿਆ। ਸਾਰਾ ਸਮਾਂ ਚਾਹ, ਪਕੌੜੇ ਤੇ ਮਠਿਆਈ ਦਾ ਲੰਗਰ ਵੀ ਚਲਦਾ ਰਿਹਾ।

ਪ੍ਰੋਗਰਾਮ ਦੇ ਅਖੀਰ ਵਿਚ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਜੀ ਵੱਲੋਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ ਤੇ ਦੱਸਿਆ ਕਿ ਅਗਲੇ ਐਤਵਾਰ ਮਿਤੀ **8 ਜੂਨ ਨੂੰ ਸਭਾ ਦੀ ਮਾਸਿਕ ਮੀਟਿੰਗ**, ਹਫਤਾਵਾਰੀ ਪ੍ਰੋਗਰਾਮ ਤੋਂ ਤੁਰੰਤ ਬਾਅਦ ਮੰਦਰ ਵਿਚ ਕੀਤੀ ਜਾਵੇਗੀ। ਸਾਰੇ ਪ੍ਰਬੰਧਕਾਂ ਤੇ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ ਗਈ।

**ਰਿਪੋਰਟ ਅਤੇ ਤਸਵੀਰਾਂ– ਸੰਤੋਖ ਸਿੰਘ ਗਿੱਲ**

**(ਤਸਵੀਰਾਂ ਦੇਖੋ ਸਫਾ 13 'ਤੇ)**

# ਸਿਆਟਲ ਵਿਚ ਗੁਰਦੁਆਰਾ ਰੋੜਾਂਵਾਲਾ ਦੇ ਮੁੱਖ ਸੇਵਾਦਾਰ ਸੁਖਦੇਵ ਸਿੰਘ ਸੰਧੂ ਨੂੰ ਸਿਰੋਪਾਓ ਦੇ ਕੇ ਨਿਵਾਜਿਆ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਗੁਰਦੁਆਰਾ ਸੱਚਾ ਮਾਰਗ ਐਬਰਨ ਵਿਚ ਭਾਰਤ ਤੋਂ ਪਹੁੰਚੇ ਗੁਰਦੁਆਰਾ ਰੋੜਾਂਵਾਲਾ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।

ਇਸ ਮੌਕੇ ਮਾਤਾ ਨਸੀਬ ਕੌਰ ਨਾਹਲ ਦੇ ਲੜਕੇ




(ਵਾਹਗਾ ਬਾਰਡਰ) ਦੇ ਮੁੱਖ ਸੇਵਾਦਾਰ ਸੁਖਦੇਵ ਸਿੰਘ ਸੰਧੂ ਨੂੰ ਭਾਈ ਮਨਿੰਦਰ ਸਿੰਘ ਨੇ ਗੁਰੂ ਘਰ ਵੱਲੋਂ ਸਿਰੋਪਾਓ ਦੇ ਕੇ ਨਿਵਾਜਿਆ। ਹਫਤਾਵਾਰੀ ਧਾਰਮਿਕ ਸਮਾਗਮ ਮੌਕੇ ਭਾਈ ਕੁਲਵਿੰਦਰ ਸਿੰਘ ਦੇ ਕੀਰਤਨੀ ਜਥੇ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਭਾਈ ਮਨਿੰਦਰ ਸਿੰਘ ਨੇ ਭੁਪਿੰਦਰ ਸਿੰਘ ਤੇ ਬੀਬੀ ਰਾਜਵਿੰਦਰ ਕੌਰ ਨੇ ਆਪਣੇ ਸਪੁੱਤਰ ਕਾਕਾ ਹਰਮਨ ਸਿੰਘ ਦੇ ਜਨਮ ਦਿਵਸ ਮਨਾਉਂਦਿਆਂ ਵਾਹਿਗੁਰੂ ਦੇ ਸ਼ੁਕਰਾਨੇ ਵਜੋਂ ਲੰਗਰਾਂ ਦੀ ਸੇਵਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਨਿਭਾਈ। ਮਾਤਾ ਨਸੀਬ ਕੌਰ ਨਾਹਲ ਨੂੰ ਵੀ ਗੁਰੂ ਘਰ ਵੱਲੋਂ ਸਿਰੋਪਾਓ ਦੇ ਕੇ ਨਿਵਾਜਿਆ।

# ਸਿਆਟਲ ਵਿਚ 'ਫੁਲਕਾਰੀ ਤੀਆਂ ਦਾ ਮੇਲਾ' 11 ਅਗਸਤ ਨੂੰ



**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਪੰਜਾਬੀ ਭਾਈਚਾਰੇ ਦੇ ਪਰਿਵਾਰਾਂ ਵੱਲੋਂ ਹਰੇਕ ਸਾਲ 'ਫੁਲਕਾਰੀ ਤੀਆਂ ਦਾ ਮੇਲਾ' ਕਰਵਾਇਆ ਜਾ ਰਿਹਾ ਹੈ, ਜੋ ਇਸ ਸਾਲ 11 ਅਗਸਤ ਐਤਵਾਰ ਸ਼ਾਮ 4 ਤੋਂ 8 ਵਜੇ ਤੱਕ ਵਿਲਸਨ ਪਲੈਅ ਫੀਲਡਜ਼ ਕੈਂਟ ਵਿਚ ਹੋ ਰਿਹਾ ਹੈ। ਮੁੱਖ ਪ੍ਰਬੰਧਕਾਂ ਰਾਜਪ੍ਰੀਤ ਕੌਰ ਮੱਲ੍ਹੀ ਤੇ ਗੁਰਦੀਪ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 'ਫੁਲਕਾਰੀ ਤੀਆਂ ਦੇ ਮੇਲੇ' ਦੀਆਂ ਤਿਆਰੀਆਂ ਆਰੰਭ ਹੋ ਚੁੱਕੀਆਂ ਹਨ, ਜਿਸਦੇ ਲੋੜੀਂਦੇ ਇੰਤਜ਼ਾਮ ਕੀਤੇ ਜਾ ਰਹੇ ਹਨ। ਇਸ ਸਾਲ ਪੰਜਾਬੀ ਭਾਈਚਾਰੇ ਦੇ ਪਰਿਵਾਰਾਂ, ਬੱਚੀਆਂ, ਮਾਵਾਂ ਤੇ ਬੀਬੀਆਂ 'ਚ ਭਾਰ ਉਤਸ਼ਾਹ ਨਜ਼ਰ ਆ ਰਿਹਾ ਹੈ। ਇਸ ਮੌਕੇ ਖਾਣ-ਪੀਣ, ਮਹਿੰਦੀ, ਗਹਿਣਿਆਂ ਤੇ ਕੱਪੜਿਆਂ ਦੇ ਸਟਾਲ ਲਗਾਏ ਜਾਣਗੇ ਅਤੇ ਡੀ. ਜੇ. ਨਾਲ ਨੱਚਣ-ਗਾਉਣ ਦਾ ਵਿਸ਼ੇਸ਼ ਇੰਤਜ਼ਾਮ ਹੋਵੇਗਾ। ਉਹਨਾਂ ਦੱਸਿਆ ਕਿ ਪੰਜਾਬ ਦੀਆਂ ਤੀਆਂ ਵਾਂਗ ਮਾਹੌਲ ਬਣਾਉਣ ਅਤੇ ਪੰਜਾਬੀ ਸਭਿਆਚਾਰ ਤੇ ਪੰਜਾਬੀ ਵਿਰਸੇ ਦੀ ਸੇਵਾ ਸੰਭਾਲ ਕਰਦਿਆਂ ਬੱਚਿਆਂ ਨੂੰ ਖਾਸ ਤੌਰ ਤੇ ਉਤਸ਼ਾਹਿਤ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਇਸ ਸਾਲ 1000 ਤੋਂ 1500 ਤੱਕ ਦੂਰ-ਦੂਰ ਤੋਂ ਬੀਬੀਆਂ, ਭੈਣਾਂ ਤੇ ਮਾਵਾਂ ਦੇ ਪਹੁੰਚਣ ਦੀ ਅਸ ਕੀਤੀ ਜਾ ਰਹੀ ਹੈ।

# ਮਾਇਆਵਤੀ ਵੱਲੋਂ ਸਪਾ ਨਾਲੋਂ ਤੋੜ ਵਿਛੋੜੇ ਦਾ ਸੰਕੇਤ

**ਲਖਨਊ–** ਬਸਪਾ ਪ੍ਰਧਾਨ ਮਾਇਆਵਤੀ ਨੇ ਅੱਜ ਆਪਣੀ ਸਿਆਸੀ ਭਾਈਵਾਲ ਸਮਾਜਵਾਦੀ ਪਾਰਟੀ ਨਾਲੋਂ ਤੋੜ ਵਿਛੋੜਾ ਕਰਨ ਦੇ ਸੰਕੇਤ ਦਿੱਤੇ ਹਨ। ਦਿੱਲੀ ਵਿੱਚ ਉੱਤਰ ਪ੍ਰਦੇਸ਼ ਦੇ ਪਾਰਟੀ ਆਗੂਆਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ



ਮਾਇਆਵਤੀ ਨੇ ਐਲਾਨ ਕੀਤਾ ਕਿ ਸੂਬੇ ਵਿੱਚ 11 ਵਿਧਾਨ ਸਭਾ ਹਲਕਿਆਂ ਦੀ ਜ਼ਿਮਨੀ ਚੋਣ ਬਸਪਾ ਆਪਣੇ ਪੱਧਰ 'ਤੇ ਲੜੇਗੀ। ਇਸ ਤੋਂ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਮਾਇਆਵਤੀ ਸਮਾਜਵਾਦੀ ਪਾਰਟੀ ਨਾਲ ਗੱਠਜੋੜ ਅੱਗੇ ਵਧਾਉਣ ਦੇ ਰੌਂਅ 'ਚ ਨਹੀਂ ਹੈ। ਉਨ੍ਹਾਂ ਪਾਰਟੀ ਵਰਕਰਾਂ ਨੂੰ ਕਿਹਾ ਕਿ ਚੋਣਾਂ ਜਿੱਤਣ ਲਈ ਗੱਠਜੋੜ 'ਤੇ ਨਿਰਭਰ ਨਾ ਰਹੋ ਬਲਕਿ ਪਾਰਟੀ ਨੂੰ ਮਜ਼ਬੂਤ ਕਰੋ। ਉਨ੍ਹਾਂ ਪਾਰਟੀ ਦੇ ਵਿਧਾਇਕਾਂ ਤੇ ਨਵੇਂ ਚੁਣੇ ਸੰਸਦ ਮੈਂਬਰਾਂ ਨੂੰ ਵਿਧਾਨ ਸਭਾ ਦੀ ਜ਼ਿਮਨੀ ਚੋਣ ਦੀ ਤਿਆਰੀਆਂ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ 'ਚ ਸਮਾਜਵਾਦੀ ਪਾਰਟੀ ਨਾਲ ਗੱਠਜੋੜ ਹੋਣ ਨਾਲ ਪਾਰਟੀ ਨੂੰ ਕੋਈ ਲਾਭ ਨਹੀਂ ਹੋਇਆ ਹੈ। ਇਸ ਲਈ ਹੁਣ ਵਿਧਾਨ ਸਭਾ ਦੀ ਜ਼ਿਮਨੀ ਚੋਣ ਉਨ੍ਹਾਂ ਦੀ ਪਾਰਟੀ ਆਪਣੇ ਦਮ 'ਤੇ ਲੜੇਗੀ। ਹਾਲਾਂਕਿ ਮਾਇਆਵਤੀ ਨੇ ਅਖਿਲੇਸ਼ ਯਾਦਵ ਦੀ ਸਮਾਜਵਾਦੀ ਪਾਰਟੀ ਨਾਲ ਗੱਠਜੋੜ ਬਾਰੇ ਸਿੱਧੇ ਤੌਰ 'ਤੇ ਤਾਂ ਕੁਝ ਨਹੀਂ ਕਿਹਾ ਪਰ ਪਾਰਟੀ ਵਰਕਰਾਂ 'ਉਡੀਕ ਕਰੋ ਤੇ ਦੇਖੋ' ਦੀ ਨੀਤੀ 'ਤੇ ਚੱਲਣ ਨੂੰ ਕਿਹਾ। ਸੂਤਰਾਂ ਅਨੁਸਾਰ ਲੋਕ ਸਭਾ ਚੋਣਾਂ ਦੌਰਾਨ ਯੂਪੀ 'ਚ ਸਮਾਜਵਾਦੀ ਪਾਰਟੀ ਦੀ ਕਾਰਗੁਜ਼ਾਰੀ ਮਾੜੀ ਰਹਿਣ ਦਾ ਕਾਰਨ ਯਾਦਵ ਪਰਿਵਾਰ ਦਾ ਅੰਦਰੂਨੀ ਕਲੇਸ਼ ਮੰਨਿਆ ਜਾ ਰਿਹਾ ਹੈ। ਹਾਲਾਂਕਿ ਆਮ ਤੌਰ 'ਤੇ ਬਸਪਾ ਜ਼ਿਮਨੀ ਚੋਣਾਂ ਨਹੀਂ ਲੜਦੀ, ਪਰ ਇਸ ਵਾਰ ਪਾਰਟੀ ਨੇ ਸੂਬੇ ਦੀਆਂ ਜ਼ਿਮਨੀ ਚੋਣਾਂ 'ਚ ਆਪਣੇ ਉਮੀਦਵਾਰ ਉਤਾਰਨ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਪਾਰਟੀ ਆਗੂਆਂ ਨੂੰ ਉਮੀਦਵਾਰਾਂ ਦੀ ਸੂਚੀ ਤਿਆਰ ਕਰਨ ਲਈ ਕਿਹਾ ਹੈ। ਜ਼ਿਕਰਯੋਗ ਹੈ ਕਿ ਭਾਜਪਾ ਦੇ 9 ਵਿਧਾਇਕਾਂ ਅਤੇ ਬਸਪਾ ਤੇ ਸਪਾ ਦੇ ਇੱਕ-ਇੱਕ ਵਿਧਾਇਕ ਦੇ ਲੋਕ ਸਭਾ ਚੋਣ ਜਿੱਤਣ ਕਾਰਨ ਇਹ 11 ਵਿਧਾਨ ਸਭਾ ਹਲਕੇ ਖਾਲੀ ਹੋਏ ਹਨ ਤੇ ਇਨ੍ਹਾਂ ਹਲਕਿਆਂ ਲਈ ਜ਼ਿਮਨੀ ਚੋਣ ਹੋਣੀ ਹੈ। ਦਿਲਚਸਪ ਗੱਲ ਇਹ ਹੈ ਕਿ ਮਾਇਆਵਤੀ ਤੇ ਸਪਾ ਪ੍ਰਧਾਨ ਅਖਿਲੇਸ਼ ਯਾਦਵ ਨੇ ਗੱਠਜੋੜ ਦੇ ਭਵਿੱਖ ਬਾਰੇ ਅਜੇ ਤੱਕ ਖੁੱਲ੍ਹ ਕੇ ਕੁਝ ਵੀ ਨਹੀਂ ਕਿਹਾ ਹੈ।

**ਸਮਾਜਿਕ ਨਿਆਂ ਲਈ ਇਕੱਠੇ ਲੜਾਂਗੇ: ਅਖਿਲੇਸ਼**

ਆਜ਼ਮਗੜ੍ਹ: ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਕਿਹਾ ਹੈ ਕਿ ਸਮਾਜਿਕ ਨਿਆਂ ਲਈ ਸਪਾ ਅਤੇ ਬਸਪਾ ਇਕੱਠਿਆਂ ਮਿਲ ਕੇ ਲੜਨਗੇ। ਉਨ੍ਹਾਂ ਕਿਹਾ ਕਿ ਵਿਰੋਧੀ ਮਜ਼ਬੂਤ ਸਨ ਜਿਸ ਕਰਕੇ ਲੋਕ ਸਭਾ ਚੋਣਾਂ 'ਚ ਹਾਰ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਹਾਰ ਲਈ ਮੀਡੀਆ ਨੂੰ ਵੀ ਜ਼ਿੰਮੇਵਾਰ ਠਹਿਰਾਇਆ।


# 'ਦੇਸ਼ ਦੁਆਬਾ'

## ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**

**E-mail : deshdoaba@yahoo.com**

**www.deshdoaba.com www.ambedkartimes.com**

ਦੇਸ਼ ਦੁਆਬਾ

# ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਮਨਮੁਖ, ਮਨੂੰਵਾਦੀ ਅਤੇ ਮੁਗਲ ਹੁਕਮਰਾਨ

ਗੁਰੂ ਅਰਜਨ ਦੇਵ ਜੀ ਪਹਿਲੇ ਸਿੱਖ ਗੁਰੂ ਹਨ, ਜਿਹਨਾਂ ਨੂੰ ਸ਼ਹੀਦੀ ਦਾ ਜਾਮ ਪੀਣਾ ਨਸੀਬ ਹੋਇਆ। ਬਿਲਡਿੰਗਾਂ ਦਾ ਨਿਰਮਾਣ ਇੱਟਾਂ, ਸੀਮਿੰਟ, ਸਰੀਏ ਅਤੇ ਪਾਣੀ ਵਰਗੀਆਂ ਵਸਤਾਂ ਨਾਲ ਹੁੰਦਾ ਹੈ ਪਰ ਇਨ੍ਹਾਂ ਵਸਤਾਂ ਨੂੰ ਬਿਲਡਿੰਗ ਦਾ ਰੂਪ ਦੇਣ ਲਈ ਜ਼ਮੀਨ, ਆਰਚੀਟੈਕਟ, ਮਿਸਤਰੀਆਂ ਅਤੇ ਮਜ਼ਦੂਰਾਂ ਦੀ ਲੋੜ ਹੁੰਦੀ ਹੈ। ਹਰ ਕੰਮ ਕਰਨ ਦਾ ਇਕ ਸਮਾਂ ਅਤੇ ਤਰੀਕਾ ਹੁੰਦਾ ਹੈ। ਕਣਕ ਬੀਜਣ ਦਾ ਇਕ ਤਰੀਕਾ ਅਤੇ ਸਮਾਂ ਹੁੰਦਾ ਹੈ। ਕਣਕ ਵੱਢਣ ਦਾ ਵੀ ਇਕ ਤਰੀਕਾ ਅਤੇ ਸਮਾਂ ਹੁੰਦਾ ਹੈ। ਜੇ ਸਮੇਂ ਸਿਰ ਕਣਕ ਨਾ ਵੱਢੀ ਜਾਵੇ ਤਾਂ ਕਣਕ ਦੇ ਛਿੱਟੇ ਕਿਰ ਜਾਂਦੇ ਹਨ। ਮਿਹਨਤ ਵਿਅਰਥ ਜਾਂਦੀ ਹੈ।

ਗੁਰੂ ਅਰਜਨ ਦੇਵ ਜੀ ਨੇ ਵੀ ਆਪਣੇ ਤੋਂ ਪਹਿਲਾਂ ਦੇ ਚਾਰ ਸਿੱਖ ਗੁਰੂਆਂ ਅਤੇ ਉਨ੍ਹਾਂ ਦੇ ਪੂਰਵਗਾਮੀ ਅਤੇ ਸਮਕਾਲੀ ਮਹਾਪੁਰਖਾਂ ਦੀ ਬਾਣੀ ਨੂੰ 1604 ਈਸਵੀ ਵਿਚ ਸੋਧ ਕੇ ਸੰਪਾਦਿਤ ਕਰਕੇ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਪਹਿਲਾ ਪ੍ਰਕਾਸ਼ ਕੀਤਾ। ਬਾਬਾ ਬੁੱਢਾ ਜੀ ਜੋ ਉਸ ਸਮੇਂ ਦੀ ਹਿੰਦੂਆਂ ਦੀ ਵਰਣ ਵਿਵਸਥਾ ਵਿਚ ਚੌਥੇ ਦਰਜੇ ਸ਼ੂਦਰ ਵਰਣ ਦੀ ਜੱਟ ਜਾਤ 'ਚੋਂ ਪੈਦਾ ਹੋਏ, ਨੂੰ ਪਹਿਲਾ ਪਾਠੀ ਨਿਯੁਕਤ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਉਸ ਵਿਚ ਸ਼ੂਦਰ ਸਮਾਜ ਦੇ ਮਹਾਂਪੁਰਖਾਂ ਦੀ ਗੁਰਬਾਣੀ ਅਤੇ ਬਾਬਾ ਬੁੱਢਾ ਜੀ ਦੀ ਦਰਬਾਰ ਸਾਹਿਬ ਵਿਚ ਨਿਯੁਕਤੀ ਨਾਲ ਮਨੂੰਵਾਦੀਆਂ ਅਤੇ ਮੁਗਲ ਸ਼ਾਸਕਾਂ ਨੂੰ ਸਿਆਸਤ ਦੀ ਭਿਣਕ ਪਈ।

ਹਰ ਸਥਾਪਤ ਸਮਾਜ ਦੇ ਪੁਰੋਹਿਤ ਵਰਗ ਅਤੇ ਹੁਕਮਰਾਨਾਂ ਵਿਚ ਗੁਪਤ ਅਤੇ ਖੁੱਲ੍ਹਮ ਖੁੱਲ੍ਹਾ ਸਮਝੌਤਾ ਹੋਇਆ, ਜਿਸ ਤਹਿਤ ਪੁਰੋਹਿਤ ਬਾਦਸ਼ਾਹ-ਰਾਜੇ ਨੂੰ ਰੱਬ ਦਾ ਦੂਤ ਐਲਾਨਦਾ ਹੈ ਅਤੇ ਬਾਦਸ਼ਾਹ/ ਰਾਜਾ ਪੁਰੋਹਿਤ ਨੂੰ ਰੱਬ ਐਲਾਨਦਾ ਹੈ। ਖੁਆਜੇ ਦਾ ਗਵਾਹ ਡੱਡੂ। ਦੋਵੇਂ ਮਿਲ ਕੇ ਆਮ ਜਨਤਾ ਨੂੰ ਲੁੱਟਦੇ ਅਤੇ ਕੁੱਟਦੇ ਹਨ।

**ਮੁਹੰਮਦ ਬਿਨ ਕਾਸਿਮ ਹੱਥੋਂ ਸਿੰਧ ਦੇ ਰਾਜਾ ਦਾਹਿਰ ਦੀ ਹਾਰ ਨਾਲ ਦਿਨੋਂ ਦਿਨ ਭਾਰਤੀ ਸਮਾਜ ਉਪਰ ਬ੍ਰਾਹਮਣ, ਪ੍ਰੋਹਿਤ ਅਤੇ ਕਸ਼ੱਤਰੀ ਰਾਜਾਂ ਦਾ ਦਬਦਬਾ ਟੁੱਟਦਾ ਗਿਆ। ਇਸ ਨਾਲ ਸਭ ਤੋਂ ਵੱਧ ਸੁਖ ਦਾ ਸਾਹ ਸ਼ੂਦਰ ਅਛੂਤ ਵਰਗ ਨੂੰ ਹੋਇਆ। ਉਸ ਨੇ ਬ੍ਰਾਹਮਣ ਅਤੇ ਕਸ਼ੱਤਰੀ ਵਰਣਾਂ ਖ਼ਿਲਾਫ਼ ਵਿਦਰੋਹ ਕੀਤਾ ਜੋ ਸਾਨੂੰ ਗੁਰੂ ਨਾਮਦੇਵ, ਗੁਰੂ ਤਿਲੋਚਨ ਦੇ ਰੂਪ ਵਿਚ ਮਹਾਰਾਸ਼ਟਰ, ਗੁਰੂ ਰਵਿਦਾਸ, ਗੁਰੂ ਕਬੀਰ ਦੇ ਰੂਪ ਵਿਚ ਉਤਰ ਪ੍ਰਦੇਸ਼ ਦੇ ਧੁਰ ਪੂਰਬ ਵੱਲ, ਗੁਰੂ ਦਾਦੂ ਦਿਆਲ ਦੇ ਰੂਪ ਵਿਚ ਰਾਜਸਥਾਨ ਤੋਂ ਉਪਰ ਸਿੰਧ ਇਲਾਕੇ 'ਚ ਗੁਰੂ ਸਧਨਾ ਦੇ ਰੂਪ ਵਿਚ ਦਿਖਾਈ ਦਿੰਦਾ ਹੈ। ਦਰਅਸਲ ਇਹ ਵਿਦਰੋਹ ਨਹੀਂ ਕ੍ਰਾਂਤੀ ਸੀ, ਜਿਸ ਨੂੰ ਭਾਰਤ ਦੇ ਇਤਿਹਾਸਕਾਰਾਂ ਨੇ ਕਿਤਾਬਾਂ ਵਿਚ ਕਲਮਬੰਦ ਨਹੀਂ ਕੀਤਾ। ਜਿਸ ਕ੍ਰਾਂਤੀ ਨੇ ਨਾ ਸਿਰਫ਼ ਬ੍ਰਾਹਮਣ (ਪ੍ਰੋਹਿਤ), ਕਸ਼ੱਤਰੀ (ਰਾਜਾ) ਖ਼ਿਲਾਫ਼ ਵਿਦਰੋਹ ਕੀਤਾ, ਸਗੋਂ ਇਨ੍ਹਾਂ ਦੇ ਪ੍ਰੇਰਨਾ ਸਰੋਤ ਮਹਾਂਪੁਰਖਾਂ ਤੋਂ ਵੀ ਜ਼ਬਰਦਸਤ ਹਮਲਾਵਰੀ ਰੁਖ ਅਪਣਾਇਆ ਗਿਆ।**

*ਤੁਮ ਕਹੀਅਤ ਹੋ ਜਗਤ ਗੁਰ ਸੁਆਮੀ*
*ਹਮ ਕਹੀਅਤ ਕਲਿਜੁਗ ਕੇ ਕਾਮੀ*
*ਗੌਤਮ ਨਰਿ ਉਪਾਦਿ ਸਵਾਮੀ*
*ਸੀਸ ਧਰਨ ਸਤਸ ਭਗ ਗਾਮੀ।। (ਗੁਰੂ ਰਵਿਦਾਸ ਸਫਾ 710)*

ਇਨ੍ਹਾਂ ਮਹਾਂਪੁਰਖਾਂ ਨੇ ਹਿੰਦੂ ਧਰਮ ਦੇ ਮਨੂੰਵਾਦੀ ਦ੍ਰਿਸ਼ਟੀਕੋਣ ਦੀ ਆਲੋਚਨਾ ਕੀਤੀ ਅਤੇ ਉਸ ਦਾ ਬਦਲ ਵੀ ਦਿੱਤਾ। ਉਨ੍ਹਾਂ ਨੇ ਇਸਲਾਮ ਤੇ ਪੁਰੋਹਿਤ ਵਰਗ ਅਤੇ ਸ਼ਾਸਕਾਂ ਖ਼ਿਲਾਫ਼ ਵੀ ਵਿਦਰੋਹ ਕੀਤਾ, ਜਿਸ ਕਾਰਨ ਗੁਰੂ ਰਵਿਦਾਸ ਅਤੇ ਗੁਰੂ ਕਬੀਰ ਨੂੰ ਅਦਾਲਤਾਂ ਦੇ ਚੱਕਰ ਕੱਟਣੇ ਪਏ ਅਤੇ ਸਜ਼ਾਵਾਂ ਸਹਿਣੀਆਂ ਪਈਆਂ। ਗੁਰੂ ਰਵਿਦਾਸ ਵੱਲੋਂ ਰਾਜਪੂਤਣੀ ਸੰਤਣੀ ਮੀਰਾਂ ਬਾਈ ਔਰਤ ਨੂੰ ਨਾਮਦਾਨ ਦੇਣ ਤੇ ਤਾਂ ਮਨੂੰਵਾਦੀ ਵਿਵਸਥਾ ਅੱਗ ਬਬੂਲਾ ਹੋ ਗਈ ਅਤੇ ਉਨ੍ਹਾਂ ਨੇ ਗੁਰੂ ਰਵਿਦਾਸ ਜੀ ਨੂੰ ਚਿਤੌੜਗੜ੍ਹ ਵਿਖੇ ਸ਼ਹੀਦ ਕਰ ਦਿੱਤਾ। ਗੁਰੂ ਰਵਿਦਾਸ ਜੀ ਦੀ ਸਮਾਧ ਅਜੇ ਵੀ ਚਿਤੌੜਗੜ੍ਹ ਵਿਖੇ ਹੈ। ਗੁਰੂ ਰਵਿਦਾਸ ਛੱਤਰੀ ਧਰਮ ਸਥਾਨ ਵੀ ਹੈ।

*ਇਹ ਭੂਮਿਕਾ ਬਣਾਉਣ ਦਾ ਭਾਵ ਹੈ ਕਿ ਜਿਨ੍ਹਾਂ ਸ਼ੂਦਰ ਮਹਾਂਪੁਰਖਾਂ ਨੇ ਹਿੰਦੂ ਅਤੇ ਮੁਸਲਿਮ ਧਰਮਾਂ/ ਸਮਾਜਾਂ ਦੇ ਪੁਰੋਹਿਤ ਵਰਗਾਂ ਅਤੇ ਧਾਰਮਿਕ ਅਕੀਦਿਆਂ ਤੇ ਤਾਬੜਤੋੜ ਹਮਲੇ ਕੀਤੇ, ਉਹਨਾਂ ਦੀ ਹੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਮਹਾਰਾਜ ਨੇ ਸੁਸ਼ੋਭਿਤ ਕਰਕੇ ਮਨੂੰਵਾਦੀਆਂ ਮੁਗਲ ਸ਼ਾਸਕਾਂ ਨੂੰ ਤਰਲੋ ਮੱਛੀ ਕਰ ਦਿੱਤਾ। ਗੁਰਗੱਦੀ ਦੇ ਦਾਅਵੇਦਾਰ ਘਰੋਗੀ ਮਨਮੁਖਾਂ ਨੇ ਬਲਦੀ 'ਤੇ ਤੇਲ ਪਾਇਆ ਕਿ ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਖ਼ਿਲਾਫ਼ ਲਿਖਿਆ ਹੈ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਅਤੇ ਪ੍ਰਕਾਸ਼ ਤੋਂ ਪਹਿਲਾਂ ਤੱਕ ਸਿੱਖ ਗੁਰੂਆਂ ਅਤੇ ਮੁਗਲ ਬਾਦਸ਼ਾਹਾਂ ਦੇ ਸਬੰਧ ਨਾ ਸਿਰਫ਼ ਸੁਖਾਵੇਂ ਸਨ ਸਗੋਂ ਅੰਮ੍ਰਿਤਸਰ ਵਸਾਉਣ ਲਈ ਜਮੀਨ ਮੁਗਲ ਬਾਦਸ਼ਾਹਾਂ ਨੇ ਹੀ ਦਾਨ ਵਿਚ ਦਿੱਤੀ ਸੀ। ਗੁਰੂ ਅਰਜਨ ਦੇਵ ਜੀ ਦੇ ਕਹਿਣ 'ਤੇ ਹੀ ਬਾਦਸ਼ਾਹ ਅਕਬਰ ਨੇ ਪੰਜਾਬ ਦੇ ਅਕਾਲ ਪੀੜਤ ਕਿਸਾਨਾਂ ਦਾ ਮਾਲੀਆ ਮੁਆਫ਼ ਕਰ ਦਿੱਤਾ ਸੀ।*

ਗੁਰੂ ਗ੍ਰੰਥ ਸਾਹਿਬ ਦੀ ਰਚਨਾ ਦੇ ਦੋ ਸਾਲ ਦੇ ਅੰਦਰ ਹੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦ ਹੋਣਾ ਸਿੱਧ ਕਰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਗੁਰਬਾਣੀਕਾਰਾਂ ਦੀ ਵਿਚਾਰਧਾਰਾ ਅਤੇ ਹਿੰਦੂ ਸਮਾਜ ਦੇ ਤੀਜੇ ਦਰਜੇ ਦੇ ਵਰਣ ਖੱਤਰੀ ਵਿਚ ਪੈਦਾ ਹੋਏ ਸਿੱਖ ਗੁਰੂਆਂ ਦੇ ਧਾਰਮਿਕ ਗੁਰੂ ਬਣਨਾ ਬ੍ਰਾਹਮਣ ਪੁਰੋਹਿਤ ਵਰਗ ਨੂੰ ਪਸੰਦ ਨਹੀਂ ਸੀ। ਉਨ੍ਹਾਂ ਦੇ ਸਮਾਜ ਵਿਚਲੇ ਧਾਰਮਿਕ ਏਕਾਧਿਕਾਰ ਨੂੰ ਸਿੱਧਾ ਚੈਲੰਜ ਸੀ। ਉਹਨਾਂ ਦੇ ਰੁਜ਼ਗਾਰ ਦਾ ਵੀ ਸਵਾਲ ਸੀ, ਲੰਗਰ ਪ੍ਰਥਾ ਨਾਲ ਵੀ ਉਨ੍ਹਾਂ ਨੂੰ ਸਮਾਜ ਵਿਚ ਆ ਰਹੀ ਨੇਤਤਾ ਦਾ ਖਤਰਾ ਸੀ।



ਤਰਨਤਾਰਨ, ਅੰਮ੍ਰਿਤਸਰ, ਕਰਤਾਰਪੁਰ, ਗੋਇੰਦਵਾਲ, ਖਡੂਰ ਸਾਹਿਬ ਦੇ ਸਿੱਖ ਕੇਂਦਰ ਵਜੋਂ ਦਿੱਸਣ ਨਾਲ ਉਨ੍ਹਾਂ ਦੇ ਧਾਰਮਿਕ ਕੇਂਦਰ ਹੀ ਉਹਨਾਂ ਦੇ ਰਾਜਸੀ ਕੇਂਦਰ ਸਨ। ਸਮੇਂ-ਸਮੇਂ ਤੇ ਆਏ ਹੁਕਮਰਾਨਾਂ ਨਾਲ ਮਨੂੰਵਾਦੀਆਂ ਨੇ ਰਾਜਸੀ ਸਮਝੌਤੇ ਕਰਕੇ ਅਹਿਲਕਾਰ ਬਣ ਗਏ। ਕਦੇ ਉਨ੍ਹਾਂ ਨੇ ਧੀਆਂ ਦੇ ਡੋਲੇ ਦੇ ਕੇ ਸੱਤਾ ਦੇ ਕੇਂਦਰਾਂ 'ਚ ਗ੍ਰਹਿ ਪ੍ਰਵੇਸ਼ ਕਰਕੇ ਨਵੇਂ ਜੰਮੇ ਹੁਕਮਰਾਨਾਂ ਦੇ ਮਾਮੇ ਅਤੇ ਨਾਨੇ ਬਣ ਬੈਠੇ।

10 ਜੂਨ 2006 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਗੁਰੂ ਨਾਨਕ ਭਵਨ ਅੰਮ੍ਰਿਤਸਰ ਵਿਖੇ ਸੈਮੀਨਾਰ ਗੁਰੂ ਅਰਜਨ ਦੇਵ ਜੀ ਦੀ ਚੌਥੀ ਸ਼ਤਾਬਦੀ ਸ਼ਹੀਦੀ ਦਿਵਸ ਨੂੰ ਸਮਰਪਿਤ ਕੀਤਾ। ਜਿਸ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਸਾਬਕਾ ਮੁੱਖ ਮੰਤਰੀ ਪੰਜਾਬ, ਪੰਜਾਬ ਦੇ ਉਸ ਵਕਤ ਦੇ ਰਾਜਪਾਲ ਜਨਰਲ ਐਸ. ਐਫ. ਰੌਡਰਿਗਜ਼, ਸ. ਅਵਤਾਰ ਸਿੰਘ ਮੱਕੜ ਜੋ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ, ਪ੍ਰੋ. ਕਿਰਪਾਲ ਸਿੰਘ ਬਡੂੰਗਰ ਅਤੇ ਬੀਬੀ ਜਗੀਰ ਕੌਰ, ਸਾਬਕਾ ਪ੍ਰਧਾਨ ਸ਼੍ਰੋਮਣੀ ਕਮੇਟੀ ਦੀ ਮੌਜੂਦਗੀ ਵਿਚ ਆਰੀਆ ਸਮਾਜ ਦੇ ਮੁਖੀ ਸਵਾਮੀ ਅਗਨੀਵੇਸ਼ ਨੇ ਕਿਹਾ ''ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵਾਸਤੇ ਜਹਾਂਗੀਰ ਦੇ ਹਾਕਮਾਂ ਦੇ ਨਾਲ ਨਾਲ ਗੁਰੂ ਸਾਹਿਬ ਦੇ ਘਰੇਲੂ ਵਿਰੋਧੀ ਵੀ ਜ਼ਿੰਮੇਵਾਰ ਸਨ।'' ਸਵਾਮੀ ਅਗਨੀਵੇਸ਼ ਨੇ ਬੜੀ ਹੁਸ਼ਿਆਰੀ ਨਾਲ ਚੰਦੂ ਮਨੂੰਵਾਦੀ ਨੂੰ ਬਚਾ ਲਿਆ।

ਡਾ. ਕਰਤਾਰ ਸਿੰਘ ਸੂਰੀ ਪੀ. ਐਚ. ਡੀ. ਆਪਣੀ ਪੁਸਤਕ 'ਗੁਰੂ ਅਰਜਨ ਦੇਵ ਕਲਾ ਤੇ ਚਿੰਤਨ' (ਸਫਾ 36-37) ਵਿਚ ਚੰਦੂ ਬਾਰੇ ਲਿਖਦੇ ਹਨ, ਹੁਣ ਚੰਦੂ ਨੂੰ ਬਦਲਾ ਲੈਣ ਦਾ ਅਵਸਰ ਮਿਲ ਗਿਆ। ਮੁਗਲ ਹਕੂਮਤ ਦਾ ਦੀਵਾਨ ਤਾਂ ਉਹ ਹੀ ਹੈ ਜੋ ਹਾਕਮ ਨੂੰ ਕਹਿ ਕੇ ਗੁਰੂ ਸਾਹਿਬ ਨੂੰ ਤਸੀਹੇ ਦੇ ਕੇ ਮਾਰਨ ਦਾ ਨੀਚ ਕੰਮ ਉਸ ਨੇ ਆਪਣੇ ਜ਼ਿੰਮੇ ਲੈ ਲਿਆ। ਚੰਦੂ ਨੇ ਗੁਰੂ ਜੀ ਨੂੰ ਜੇਠ ਦੇ ਮਹੀਨੇ ਦੀ ਸੜਦੀ ਧੁੱਪ ਵਿਚ ਗਰਮ ਪਾਣੀ ਦੀ ਉਬਲਦੀ ਦੇਗ ਵਿਚ ਬਿਠਾਇਆ ਪਰ ਗੁਰੂ ਜੀ ਨੇ ਉਫ਼ ਤੱਕ ਨਾ ਕੀਤੀ ਅਤੇ ਆਪ ਬੜੀ ਸ਼ਾਂਤੀ ਨਾਲ ਇਹ ਸ਼ਬਦ ਉਚਾਰਦੇ ਰਹੇ-

*ਤੇਰਾ ਭਾਣਾ ਮੀਠਾ ਲਾਗੈ।। ਹਰਿਨਾਮ ਪਦਾਰਥ ਨਾਨਕ ਮਾਂਗੈ।।*

ਜਦੋਂ ਚੰਦੂ ਨੇ ਵੇਖਿਆ ਕਿ ਇਤਨਾ ਸਖ਼ਤ ਕਸ਼ਟ ਵੀ ਆਪ ਨੇ ਸਹਾਰ ਲਿਆ ਹੈ ਤਾਂ ਆਪ ਨੂੰ ਗਰਮ ਲੋਹ 'ਤੇ ਬਿਠਾਇਆ ਗਿਆ ਅਤੇ ਸਿਰ ਉੱਤੇ ਗਰਮ ਰੇਤ ਪਾਈ ਗਈ।

ਪੰਜ ਦਿਨ ਗੁਰੂ ਜੀ ਉਪਰ ਚੰਦੂ ਨੇ ਇਹ ਅੱਤਿਆਚਾਰ ਕੀਤਾ ਜਿਸ ਨਾਲ ਮੌਕੇ 'ਤੇ ਮੌਜੂਦ ਪੰਜ ਸਿੱਖ ਭਾਈ ਪਿਰਾਣਾ, ਭਾਈ ਲੰਗਾਹ, ਭਾਈ ਜੇਠਾ, ਭਾਈ ਬਿਧੀਆ ਅਤੇ ਭਾਈ ਪੈੜਾ ਸਣੇ ਸਾਈਂ ਮੀਆਂ ਮੀਰ ਦੀਆਂ ਅੱਖਾਂ ਵਿਚੋਂ ਰਾਵੀ ਦਰਿਆ ਵਹਿ ਤੁਰੇ ਤਾਂ ਗੁਰੂ ਅਰਜਨ ਦੇਵ ਜੀ ਨੇ ਆਖਿਆ:-

*ਨਾ ਕੋਈ ਮੇਰਾ ਦੁਸਮਨ ਰਹਿਆ ਨਾ ਹਮ ਕਿਸੇ ਕੇ ਬੈਰਾਈ। (ਰਾਗ ਧਨਾਸਰੀ)*

ਉਪਰੋਕਤ ਸੈਮੀਨਰ ਵਿਚ ਖੋਜੀ ਲੇਖਕਾਂ ਪ੍ਰੋ. ਨੇ ਆਪਣੇ ਖੋਜ ਪੱਤਰਾਂ ਵਿਚ ਹਿੰਦੂ ਕੱਟੜਵਾਦ ਦੀ ਖੂਬ ਨੁਕਤਾਚੀਨੀ ਕੀਤੀ ਤਾਂ ਆਰੀਆ ਸਮਾਜੀ ਸਵਾਮੀ ਅਗਨੀਵੇਸ਼ ਨੂੰ ਕਹਿਣਾ ਪਿਆ ਕਿ 'ਆਰੀਆ ਸਮਾਜ ਦਾ ਮੁਖੀ ਹੋਣ ਦੇ ਨਾਤੇ ਉਹ ਵਾਅਦਾ ਕਰਦੇ ਹਨ ਕਿ ਛੇਤੀ ਹੀ ਸਤਿਆਰਥ ਪ੍ਰਕਾਸ਼ ਗ੍ਰੰਥ ਦੁਬਾਰਾ ਛਾਪਿਆ ਜਾਵੇਗਾ।'।

**ਯਾਦ ਰਹੇ ਕਿ ਸਵਾਮੀ ਦਇਆ ਨੰਦ ਲਿਖਤ ਸਤਿਆਰਥ ਪ੍ਰਕਾਸ਼ ਵਿਚ ਗੁਰੂ ਨਾਨਕ, ਗੁਰੂ ਕਬੀਰ, ਗੁਰੂ ਦਾਦੂ ਦਿਆਲ, ਇਸਾਈਆਂ, ਮੁਸਲਮਾਨਾਂ, ਸਿੱਖਾਂ, ਬੋਧੀਆਂ, ਜੈਨੀਆਂ ਖ਼ਿਲਾਫ਼ ਖੂਬ ਜ਼ਹਿਰ ਉਗਲਿਆ ਹੈ। ਯਾਦ ਰਹੇ ਕਿ ਪ੍ਰੋ. ਦਿੱਤ ਰਾਮ ਉਰਫ ਗਿਆਨੀ ਦਿੱਤ ਸਿੰਘ (1850-1901) ਨੇ ਸਵਾਮੀ ਦਇਆ ਨੰਦ ਨੂੰ ਤਿੰਨ ਬਹਿਸਾਂ ਵਿਚ ਲਾਹੌਰ ਵਿਖੇ ਹਰਾਇਆ ਸੀ ਅਤੇ 'ਸਤਿਆਰਥ ਪ੍ਰਕਾਸ਼' ਦੰਭ ਵਿਕਾਰਣ ਪੁਸਤਕ ਵਿਚ ਸਤਿਆਰਥ ਪ੍ਰਕਾਸ਼ ਦਾ ਜਵਾਬ ਦਿੱਤਾ ਜਿਸ ਨੂੰ ਅਜੇ ਤੱਕ ਸ਼੍ਰੋਮਣੀ ਕਮੇਟੀ ਜਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਨਹੀਂ ਛਾਪਿਆ। ਸਤਿਆਰਥ ਪ੍ਰਕਾਸ਼ ਵਿਚ 150 ਵੇਰਾਂ ਮਨੂੰ ਸਮ੍ਰਿਤੀ ਦੇ ਹਵਾਲੇ ਹਨ। ਸਵਾਮੀ ਦਇਆ ਨੰਦ ਨੇ 'ਵੇਦਾਂ ਵੱਲ ਮੁੜੋ' ਦਾ ਨਾਅਰਾ ਦਿੱਤਾ। ਜਿਹੜੇ ਵੇਦ ਪੜ੍ਹਨ ਸੁਣਨ ਤੇ ਸ਼ੂਦਰ ਨੂੰ ਮੌਤ ਦੀ ਸਜ਼ਾ ਸੀ।**

ਆਰੀਆ ਸਮਾਜੀ, ਸਨਾਤਨ ਧਰਮੀ ਅਤੇ ਆਰ. ਐਸ. ਐਸ. ਇਕੋ ਮਾਨਸਿਕਤਾ ਦੇ ਵੱਖੋ-ਵੱਖਰੇ ਨਾਮ ਹਨ। ਕੁਝ ਸਾਲ ਪਹਿਲਾਂ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਆਰ. ਐਸ. ਐਸ. ਨੇ ਇਕ ਸੈਮੀਨਾਰ ਵਿਚ ਆਪਣੇ ਪੰਜ ਦੁਸ਼ਮਣ ਐਲਾਨੇ ਸਨ। ਔਰਤਵਾਦੀ, ਕਮਿਊਨਿਸਟ, ਧਾਰਮਿਕ ਘੱਟ ਗਿਣਤੀਆਂ (ਸਿੱਖ, ਮੁਸਲਮਾਨ, ਬੋਧੀ, ਇਸਾਈ, ਜੈਨੀ, ਪਾਰਸੀ), ਸ਼ੂਦਰ (ਅਨੁਸੂਚਿਤ ਜਾਤੀਆਂ/ ਜਨ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਜੱਟ), ਧਰਮ ਨਿਰਪੱਖ ਰਾਜਸੀ ਪਰਟੀਆਂ। ਇਹਨਾਂ ਵਰਗਾਂ ਨੂੰ ਆਪਣਾ ਘੱਟੋ-ਘੱਟ ਸਾਂਝਾ ਪ੍ਰੋਗਰਾਮ ਬਣਾ ਕੇ ਆਜ਼ਾਦੀ, ਬਰਾਬਰੀ, ਭਾਈਚਰੇ ਅਤੇ ਨਿਆਂ 'ਤੇ ਆਧਾਰਿਤ ਗੁਰੂ ਅਰਜਨ ਦੇਵ ਜੀ ਦਾ ਹਲੀਮੀ ਰਾਜ ਅਤੇ ਗੁਰੂ ਰਵਿਦਾਸ ਜੀ ਦਾ ਬੇਗਮਪੁਰਾ ਸਥਾਪਤ ਕਰਨਾ ਚਾਹੀਦਾ ਹੈ।

ਅੰਤ ਵਿਚ ਮੈਂ ਆਪਣੀ ਗੱਲ ਨੂੰ ਇਸ ਤਰ੍ਹਾਂ ਕਹਿਣਾ ਚਾਹਾਂਗਾ- ਇਕ ਆਦਮੀ ਤਿੰਨ ਤਰ੍ਹਾਂ ਦੀਆਂ ਸ਼ੀਸ਼ੇ ਦੀਆਂ ਮੂਰਤੀਆਂ ਵੇਚ ਰਿਹਾ ਸੀ। ਇਨ੍ਹਾਂ ਮੂਰਤੀਆਂ ਦੀ ਪਾਰਦਰਸ਼ਤਾ ਕਾਰਨ ਸਰੀਰ ਦੇ ਸਾਰੇ ਅੰਦਰੂਨੀ ਅੰਗ ਜਿਵੇਂ ਦਿਲ, ਦਿਮਾਗ, ਫੇਫੜੇ, ਗੁਰਦੇ ਆਦਿ ਦਿਖਾਈ ਦਿੰਦੇ ਸਨ। ਤਿੰਨਾਂ 'ਚੋਂ ਪਹਿਲੀ ਦੀ ਕੀਮਤ ਇਕ ਹਜ਼ਾਰ ਡਾਲਰ ਸੀ, ਦੂਜੀ ਦੀ ਦਸ ਹਜ਼ਾਰ ਡਾਲਰ ਤੇ ਤੀਜੀ ਦੀ ਇਕ ਲੱਖ ਡਾਲਰ ਕੀਮਤ ਸੀ। ਇਕ ਵਿਅਕਤੀ ਨੇ ਇਨ੍ਹਾਂ ਦੀ ਕੀਮਤ ਵਿਚ ਇੰਨੇ ਫਰਕ ਬਾਰੇ ਸਵਾਲ ਕੀਤਾ ਕਿ ਇਹ ਦੇਖਣ ਨੂੰ ਅਤੇ ਮਟੀਰੀਅਲ ਵੀ ਇਕੋ ਜਿਹਾ ਹੈ ਪਰ ਕੀਮਤ ਵਿਚ ਫਰਕ ਕਿਉਂ ਹੈ?

ਉਸ ਦੁਕਾਨਦਾਰ ਨੇ ਇਕ ਹਜ਼ਾਰ ਡਾਲਰ ਵਾਲੀ ਮੂਰਤੀ ਦੇ ਕੰਨ ਵਿਚ ਸੂਈ ਪਾਈ ਜੋ ਤੁਰੰਤ ਦੂਜੇ ਕੰਨ ਰਾਹੀਂ ਬਾਹਰ ਆ ਗਈ। ਦੁਕਾਨਦਾਰ ਨੇ ਕਿਹਾ ਕਿ ਇਹ ਮੂਰਤੀ ਉਸ ਵਿਅਕਤੀ ਵਾਂਗ ਹੈ ਜੋ ਕੋਈ ਗੱਲ ਇਕ ਕੰਨ ਨਾਲ ਸੁਣਦਾ ਹੈ ਅਤੇ ਦੂਜੇ ਕੰਨ ਰਾਹੀਂ ਕੱਢ ਦਿੰਦਾ ਹੈ। ਦੂਜੀ ਦਸ ਹਜ਼ਾਰ ਡਾਲਰ ਵਾਲੀ ਮੂਰਤੀ ਦੇ ਕੰਨ ਵਿਚ ਸੂਈ ਪਾਈ ਤਾਂ ਗਾਹਕ ਨੇ ਵੇਖਿਆ ਕਿ ਇਸ ਵਾਰ ਸੂਈ ਦੂਜੇ ਕੰਨ ਰਾਹੀਂ ਨਾ ਨਿਕਲ ਕੇ ਸਰੀਰ ਦੇ ਸਾਰੇ ਹਿੱਸੇ ਵਿਚ ਗਈ ਪਰ ਦਿਮਾਗ ਵੱਲ ਨਾ ਜਾ ਕੇ ਮੂੰਹ ਰਾਹੀਂ ਨਿਕਲ ਗਈ। ਉਸ ਨੇ ਦੱਸਿਆ ਕਿ ਇਹ ਮੂਰਤੀ ਉਸ ਵਿਅਕਤੀ ਵਰਗੀ ਹੈ ਜੋ ਗੱਲ ਨੂੰ ਧਿਆਨ ਨਾਲ ਸੁਣਦਾ ਤਾਂ ਹੈ ਪਰ ਵਿਚਾਰਦਾ ਨਹੀਂ।

ਜਦੋਂ ਤੀਜੀ ਮੂਰਤੀ ਦੇ ਕੰਨ ਵਿਚ ਸੂਈ ਪਾਈ ਤਾਂ ਸਾਰੇ ਸਰੀਰ ਵਿਚ ਜਾ ਕੇ ਫਿਰ ਦਿਮਾਗ ਵਿਚ ਕੁਝ ਸਮਾਂ ਠਹਿਰ ਕੇ ਫਿਰ ਮੂੰਹ ਰਾਹੀਂ ਨਿਕਲ ਗਈ ਤਾਂ ਉਸ ਨੇ ਕਿਹਾ ਕਿ ਇਹ ਮੂਰਤੀ ਉਸ ਸੂਝਵਾਨ ਵਿਅਕਤੀ ਵਾਂਗ ਹੈ ਜੋ ਕਿਸੇ ਗੱਲ ਨੂੰ ਧਿਆਨ ਨਾਲ ਸੁਣ ਕੇ ਉਸ ਉਪਰ ਖੂਬ ਵਿਚਾਰ ਕੇ ਬੋਲਦਾ ਹੈ।

ਪਰ ਸਾਡੇ ਗੁਰੂਆਂ ਨੇ ਉਪਦੇਸ਼ ਹੀ ਨਹੀਂ ਦਿੱਤਾ। ਉਨ੍ਹਾਂ ਉਪਦੇਸ਼ਾਂ ਨੂੰ ਅਮਲੀ ਜਾਮਾ ਪਾਉਣ ਲਈ ਸਖ਼ਤ ਘਾਲਣਾ ਵੀ ਕੀਤੀ। ਆਪਣੇ ਅਤੇ ਆਪਣੇ ਗੁਰਸਿੱਖਾਂ ਦੇ ਸਰਬੰਸ ਤੱਕ ਵਾਰ ਦਿੱਤੇ। ਅੱਜ ਅਸੀਂ ਗੁਰੂ ਅਰਜਨ ਦੇਵ ਜੀ ਦੇ ਜੀਵਨ ਅਤੇ ਸ਼ਹੀਦੀ ਨੂੰ ਘੋਖਣਾ/ਵਿਚਾਰਨਾ ਹੈ ਅਤੇ ਉਸ ਤੋਂ ਨਿਕਲੇ ਸਿੱਟਿਆਂ ਨੂੰ ਸੋਚ ਸਮਝ ਕੇ ਜੀਵਨ ਵਿਚ ਢਾਲਣੇ ਹਨ। ਅੱਜ ਜੋ ਸਾਡੇ ਗੁਰੂਆਂ ਦੇ ਜੀਵਨ ਉਪਦੇਸ਼ਾਂ ਤੇ ਪਹਿਰਾ ਦੇ ਰਹੇ ਹਨ, ਉਹਨਾਂ ਵਿਅਕਤੀਆਂ ਨੂੰ ਤਨ, ਮਨ ਅਤੇ ਧਨ ਨਾਲ ਸਹਿਯੋਗ ਦੇਣਾ ਹੈ।

**-ਪ੍ਰੇਮ ਕੁਮਾਰ ਚੁੰਬਰ (ਸੰਪਾਦਕ 'ਦੇਸ ਦੁਆਬਾ')**

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖ਼ਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਲੋਕ ਸਭਾ ਚੋਣਾਂ ਤੋਂ ਤੁਰੰਤ ਬਾਅਦ ਦਲਿਤਾਂ ਅਤੇ ਘੱਟ ਗਿਣਤੀ ਦੇ ਲੋਕਾਂ 'ਤੇ ਹੋ ਰਹੇ ਅੱਤਿਆਚਾਰਾਂ ਦੀ ਨਿੰਦਾ

**ਜਲੰਧਰ–** ਅੰਬੇਡਕਰਾਈਟ ਲੀਗਲ ਫੋਰਮ ਜਲੰਧਰ ਦੀ ਇਕ ਵਿਸ਼ੇਸ਼ ਬੈਠਕ ਸੀ. ਪੀ. ਆਈ. ਹਾਲ ਜਲੰਧਰ ਵਿਖੇ ਐਡਵੋਕੇਟ ਪ੍ਰਿਤਪਾਲ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਲੋਕ ਸਭਾ ਚੋਣਾਂ ਤੋਂ ਬਾਅਦ ਦਲਿਤਾਂ ਅਤੇ ਘੱਟ ਗਿਣਤੀ ਦੇ ਲੋਕਾਂ ਦੀ ਦਸ਼ਾ ਅਤੇ ਦਿਸ਼ਾ ਬਾਰੇ ਵਿਚਾਰ ਕੀਤਾ ਗਿਆ ਅਤੇ ਦਲਿਤ ਸਮਾਜ ਨੂੰ ਆਉਣ ਵਾਲੇ ਹਾਲਾਤ ਨਾਲ ਨਿਪਟਣ ਲਈ ਏਕਤਾ ਕਰਨ ਉਪਰ ਜ਼ੋਰ ਦਿੱਤਾ ਗਿਆ ਤਾਂ ਜੋ ਭਾਰਤ ਵਿਚ ਆਜ਼ਾਦੀ, ਬਰਾਬਰੀ ਅਤੇ ਪ੍ਰੇਮ ਭਾਈਚਾਰੇ ਨੂੰ ਮਜ਼ਬੂਤ ਕੀਤਾ ਜਾ ਸਕੇ। ਫਿਰਕਾਪ੍ਰਸਤ ਤਾਕਤਾਂ ਦਾ ਮੁਕਾਬਲਾ ਕਰਨ ਲਈ ਸੰਸਦ ਵਿਚ ਵਿਰੋਧੀ ਧਿਰ ਦੇ 190 ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਏਕਤਾ ਬਣਾ ਕੇ ਵਿਰੋਧੀ ਧਿਰ ਦਾ ਫਰਜ਼ ਨਿਭਾਉਣ।




ਇਸ ਮੀਟਿੰਗ ਵਿਚ ਹਾਲ ਹੀ ਵਿਚ ਹੋਈ ਦੁਖਦਾਈ ਘਟਨਾ ਜਿਸ ਵਿਚ ਮੁੰਬਈ ਦੇ ਨਾਇਰ ਹਸਪਤਾਲ ਦੀ ਡਾ. ਪਾਇਲ ਤਨਵੀ ਨੂੰ ਸਵਰਨ ਸਾਥੀਆਂ ਵੱਲੋਂ ਕੀਤੀ ਜਾਤੀਵਾਦੀ ਰੈਗਿੰਗ ਦਾ ਸ਼ਿਕਾਰ ਹੋ ਕੇ ਖੁਦਕੁਸ਼ੀ ਕਰਨ ਲਈ ਮਜਬੂਰ ਕਰਨ ਦੀ ਘੋਰ ਨਿੰਦਾ ਕੀਤੀ। ਇਸ ਦੇ ਨਾਲ ਬਿਾਰ ਦੇ ਬੇਗੁਸਰਾਏ ਵਿਚ ਘੱਟ ਗਿਣਤੀ ਦੇ ਲੋਕਾਂ ਨਾਲ ਸਬੰਧ ਰੱਖਣ ਵਾਲੇ ਵਿਅਕਤੀਆਂ ਉਪਰ ਕੀਤੇ ਜਾ ਰਹੇ ਅੱਤਿਆਚਾਰ ਦੀ ਘੋਰ ਨਿਖੇਧੀ ਕੀਤੀ ਗਈ।

ਅੰਬੇਡਕਰਾਈਟ ਲੀਗਰ ਫੋਰਮ ਜਲੰਧਰ ਨੇ ਮੰਗ ਕੀਤੀ ਕਿ ਉਪਰੋਕਤ ਘਟਨਾਵਾਂ ਦੇ ਫੜੇ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਫਾਸਟ ਟਰੈਕ ਕੋਰਟਾਂ ਤੋਂ ਕੇਸ ਚਲਾ ਕੇ ਸਜ਼ਾ ਦਿਵਾਈ ਜਾਵੇ ਅਤੇ ਜੋ ਹਾਲੇ ਨਹੀਂ ਫੜੇ ਗਏ, ਉਹਨਾਂ ਨੂੰ ਜਲਦੀ ਫੜਿਆ ਜਾਵੇ।

ਇਸ ਮੌਕੇ ਐਡਵੋਕੇਟ ਪ੍ਰਿਤਪਾਲ ਸਿੰਘ (ਪ੍ਰਧਾਨ), ਰਾਜੂ ਅੰਬੇਦਕਰ (ਸਕੱਤਰ), ਹਰਭਜਨ ਸਾਂਪਲਾ, ਪਵਨ ਵਿਰਦੀ, ਕੁਲਦੀਪ ਭੱਟੀ, ਕਰਨ ਖੁੱਲਰ, ਜਗਜੀਵਨ ਰਾਮ (ਸਾਰੇ ਐਡਵੋਕੇਟ) ਹਾਜ਼ਰ ਸਨ।

# ਗਰਮ ਰੁੱਤੇ ਸਾਹਿਤਕਾਰਾਂ ਨੇ ਕਵਿਤਾ ਸੁਣਾਕੇ ਸਰੋਤਿਆਂ ਦਾ ਕਲੇਜਾ ਠਾਰਿਆ

**ਰਾਜਪੁਰਾ (ਡਾ ਗੁਰਵਿੰਦਰ ਅਮਨ )–** ਲੋਕ ਸਾਹਿਤ ਸੰਗਮ ਰਾਜਪੁਰਾ ਦੀ ਸਾਹਿਤਕ ਬੈਠਕ ਰੋਟਰੀ ਭਵਨ ਵਿਖੇ ਪ੍ਰਧਾਨ ਡਾ ਗੁਰਵਿੰਦਰ ਅਮਨ ਦੀ ਅਗਵਾਈ ਹੇਠ ਹੋਈ। ਸਭਾ ਦਾ ਆਗਾਜ਼ ਲੋਕ ਕਵੀ ਕਰਮ ਸਿੰਘ ਹਕੀਰ ਦੇ ਗੀਤ ਨਵੀਂ ਪੁਰਾਣੀ ਪੀੜੀ ਦਾ ਫ਼ਰਕ ਨਾਲ ਹੋਇਆ। ਸੁਰਿੰਦਰ ਸਿੰਘ ਸੋਹਣਾ ਰਾਜੇ ਮਾਜਰੀਆ ਨੇ ਵਿਦੇਸ਼ੀ ਧਰਤੀ ਦੀ ਚੀਸ ਨੂੰ ਉਘੇੜਦੀ ਆਪਣੀ ਰੁਬਾਈ ਸੁਣਾਈ। ਮਾਨ ਸਿੰਘ ਜੰਡੋਲੀ ਦਾ ਗੀਤ ਵਤਨਾ ਤੋਂ ਦੂਰ ਹੋਏ ਨੇ ਚੰਗਾ ਰੰਗ ਬੰਨਿਆ। ਅਵਤਾਰ ਸਿੰਘ ਪੁਆਰ ਦੀ ਚੋਣ ਪ੍ਰਣਾਲੀ ਤੇ ਗ਼ਜ਼ਲ ਕਾਬਲੇ ਤਾਰੀਫ ਸੀ। ਜਸਵਿੰਦਰ ਸਿੰਘ ਸਿੱਧੂ ਦੇ ਸ਼ੇਅਰ, ਜਮਨਾ ਪ੍ਰਕਾਸ਼ ਨਾਚੀਜ਼ ਦੀ ਕਵਿਤਾ, ਬਚਨ ਸਿੰਘ ਬਚਨ ਸੋਢੀ ਦੀ ਕਵਾਲੀ ਤੇ ਭੀਮ ਸੈਨ ਝੂਲੇ ਲਾਲ ਦੀ ਸਰਾਇਕੀ ਕਵਿਤਾ ਨੇ ਚੰਗਾ ਰੰਗ ਬੰਨਿਆ। ਚਰਨਜੀਤ ਕੌਰ ਪ੍ਰੀਤ ਨੇ ਕੁੱਝ ਸੋਚੋ ਕੁੱਝ ਵਿਚਾਰੋ ਕਵਿਤਾ ਸੁਣਾਕੇ ਅਜੋਕੇ ਸਮੇ ਵਿਚ ਧੀਆਂ ਤੇ ਰੁੱਖ ਬਚਾਉਣ ਦੀ ਗੱਲ ਕਹੀ। ਪ੍ਰੋ ਭੁਪਿੰਦਰ ਸ਼ਾਹੀ ਦੀ ਕਵਿਤਾ ਮੈਂ ਜਾਂ ਤੰਤਰ ਨੇ ਸੰਸਾਰੀਕਰਨ ਦੀ ਵਿਆਖਿਆ ਕੀਤੀ। ਗੁਰਵਿੰਦਰ ਆਜ਼ਾਦ ਦਾ ਗੀਤ ਵੇ ਦੁਨੀਆਂ ਦੇ ਡਾਢਿਆ ਰੱਬਾ ਅਤੇ ਸੰਤ ਸਿੰਘ ਸੋਹਲ ਨੇ ਗ਼ਜ਼ਲ ਦੇ ਕੁੰਡਲੀਆ ਛੰਦ ਬਾਰੇ ਭਰਪੂਰ ਜਾਣਕਾਰੀ ਦਿੱਤੀ। ਸੰਗਮ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਨੇ ਆਪਣੀ ਮਿੰਨੀ ਕਹਾਣੀ ਗੰਢਤੁਪ ਸੁਣਾਈ ਤੇ ਅਜੋਕੇ ਸਮੇਂ ਤੇ ਰਾਜਨੀਤਿਕ ਕਟਾਕਸ਼ ਕੀਤਾ। ਬਲਦੇਵ ਸਿੰਘ ਖੁਰਾਣਾ ਨੇ ਜਿੱਥੇ ਆਪਣੇ ਸ਼ੇਅਰਾਂ ਨਾਲ ਸ੍ਰੋਤਿਆਂ ਨੂੰ ਨਿਹਾਲ ਕੀਤਾ ਉੱਥੇ ਸਮਾਗਮ ਦੀ ਕਾਰਵਾਈ ਬਾਖੂਬ ਨਿਭਾਈ।



# ਜਸਵੀਰ ਸਿੰਘ ਗੜ੍ਹੀ ਪੰਜਾਬ ਬਸਪਾ ਦੇ ਨਵੇਂ ਪ੍ਰਧਾਨ

ਜਲੰਧਰ- ਬਸਪਾ ਸੁਪਰੀਮੋ ਮਾਇਆਵਤੀ ਨੇ ਜਸਵੀਰ ਸਿੰਘ ਗੜ੍ਹੀ ਨੂੰ ਪਾਰਟੀ ਦੀ ਪੰਜਾਬ ਇਕਾਈ ਦਾ ਨਵਾਂ ਪ੍ਰਧਾਨ ਥਾਪਿਆ ਹੈ। ਪੰਜਾਬ ਮਾਮਲਿਆਂ ਦੇ ਇੰਚਾਰਜ ਰਣਧੀਰ ਸਿੰਘ ਬੈਨੀਵਾਲ ਦੇ ਦਸਤਖਤਾਂ ਹੇਠ ਜਾਰੀ ਕੀਤੇ ਗਏ ਪ੍ਰੈੱਸ ਬਿਆਨ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਦੇ ਨੌਜਵਾਨਾਂ ਦੀਆਂ ਇੱਛਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਬਹੁਜਨ ਸਮਾਜ ਪਾਰਟੀ ਦੀ ਕੌਮੀ ਪ੍ਰਧਾਨ ਮਾਇਆਵਤੀ ਨੇ ਨੌਜਵਾਨ ਜਸਵੀਰ ਸਿੰਘ ਗੜ੍ਹੀ ਨੂੰ ਪੰਜਾਬ ਦਾ ਪ੍ਰਧਾਨ ਨਿਯੁਕਤ ਕੀਤਾ ਹੈ।

ਬਸਪਾ ਦੇ ਨਵੇਂ ਬਣੇ ਪ੍ਰਧਾਨ ਜਸਵੀਰ ਸਿੰਘ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਗੜ੍ਹੀ ਕਾਨੂੰਗੋ ਦੇ ਰਹਿਣ ਵਾਲੇ ਹਨ। ਐੱਮਏ ਪਾਸ 39 ਸਾਲਾ ਜਸਵੀਰ ਸਿੰਘ ਪਸ਼ੂ ਪਾਲਣ ਵਿਭਾਗ ਵਿੱਚ ਵੈਟਰਨਰੀ ਇੰਸਪੈਕਟਰ ਰਹੇ ਸਨ ਤੇ ਉਨ੍ਹਾਂ ਨੇ ਤਿੰਨ ਦਿਨ ਪਹਿਲਾਂ ਹੀ ਆਪਣੀ ਸਰਕਾਰੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਸੀ। ਜਸਵੀਰ ਸਿੰਘ ਗੜ੍ਹੀ ਨੇ ਪਾਰਟੀ ਦੀ ਕੌਮੀ ਪ੍ਰਧਾਨ ਮਾਇਆਵਤੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਿਹੜਾ ਉਨ੍ਹਾਂ ਵਿੱਚ ਜਿਹੜਾ ਭਰੋਸਾ ਪ੍ਰਗਟਾਇਆ ਹੈ ਉਸ 'ਤੇ ਖਰੇ ਉਤਰਨ ਦਾ ਯਤਨ ਕਰਨਗੇ ਤੇ ਸਾਰਿਆਂ ਨੂੰ ਨਾਲ ਲੈ ਕੇ ਚੱਲਣਗੇ।



# ਗ੍ਰਾਂਟ ਜਾਰੀ ਨਾ ਹੋਣ ਕਰਕੇ ਐਸ.ਸੀ. ਵਿਦਿਆਰਥੀਆਂ ਦੇ ਦਾਖਲੇ ਘਟੇ

**ਚੰਡੀਗੜ੍ਹ–** ਐਸ. ਸੀ. ਪੋਸਟ ਮੈਟ੍ਰਿਕ ਵਜ਼ੀਫਾ ਯੋਜਨਾ ਦੇ ਨਵੇਂ ਨਿਰਦੇਸ਼ਾਂ ਤਹਿਤ ਪੰਜਾਬ ਸਰਕਾਰ ਵੱਲੋਂ ਕਰੀਬ ਇਕ ਹਜ਼ਾਰ ਕਰੋੜ ਰੁਪਏ ਦੀ ਅਦਾਇਗੀ ਨਾ ਕੀਤੇ ਜਾਣ ਮਗਰੋਂ ਪਿਛਲੇ ਦੋ ਸਾਲਾਂ 'ਚ ਅਨੁਸੂਚਿਤ ਜਾਤਾਂ ਦੇ ਵਿਦਿਆਰਥੀਆਂ ਦੇ ਪ੍ਰਾਈਵੇਟ ਕਾਲਜਾਂ 'ਚ ਦਾਖਲੇ 18 ਫੀਸਦੀ ਘੱਟ ਗਏ ਹਨ। ਅਕਾਦਮਿਕ ਸੈਸ਼ਨ (2019-2020) 'ਚ ਇਹਨਾਂ ਦਾਖਲਿਆਂ 'ਚ ਹੋਰ ਗਿਰਾਵਟ ਦਰਜ ਹੋਣ ਦੀ ਸੰਭਾਵਨਾ ਹੈ। ਵਜ਼ੀਫਾ ਯੋਜਨਾ ਦਾ ਲਾਹਾ ਲੈਣ ਵਾਲੇ ਕਰੀਬ ਤਿੰਨ ਲੱਖ ਐਸ. ਸੀ. ਵਿਦਿਆਰਥੀਆਂ ਨੂੰ ਪ੍ਰਾਈਵੇਟ ਕਾਲਜ (ਆਰਜ਼ੀ' ਦਾਖਲਾ ਲੈਣ ਤੋਂ ਇਨਕਾਰੀ ਹਨ। ਅਨਏਡਿਡ ਕਾਲਜਾਂ ਦੀ ਬੀ. ਐਡ. ਫੈਡਰੇਸ਼ਨ ਦੇ ਪ੍ਰਧਾਨ ਜਗਜੀਤ ਸਿੰਘ ਨੇ ਕਿਹਾ ਕਿ ਕਾਲਜਾਂ ਨੂੰ ਪੋਸਟ ਮੈਟ੍ਰਿਕ ਵਜ਼ੀਫਾ ਫੰਡ ਨਹੀਂ ਮਿਲ ਰਹੇ ਹਨ, ਜਿਸ ਕਰਕੇ ਕਾਲਜ ਐਸ. ਸੀ. ਵਿਦਿਆਰਥੀਆਂ ਤੋਂ ਪੂਰੀ ਫੀਸ ਲੈਣਗੇ ਕਿਉਂਕਿ ਸੂਬਾ ਸਰਕਾਰ ਵਿਦਿਆਰਥੀਆਂ ਦੇ ਬੈਂਕ ਖਾਤਿਆਂ 'ਚ ਸਿੱਧੇ ਹੀ ਫੀਸ ਜਮ੍ਹਾ ਕਰਵਾਉਂਦੀ ਹੈ। ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਉਹਨਾਂ ਤਕਨੀਕੀ ਕਾਲਜਾਂ ਨੂੰ ਆਖਿਆ ਹੈ ਕਿ ਉਹ ਪਹਿਲ ਦੇ ਆਧਾਰ 'ਤੇ ਵਿਦਿਆਰਥੀਆਂ ਨੂੰ ਦਾਖਲੇ ਦੇਣ।




Shangara Ram
Realtor CalBRE# 01969522

BERKSHIRE HATHAWAY
Home Services
ELITE REAL ESTATE

BHHS BERKSHIRE HATHAWAY HOMESERVICES

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Cell: 916-479-5587, Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਡਾ.ਅੰਬੇਡਕਰ ਚੇਤਨਾ ਮੰਚ ਭੋਗਪੁਰ ਦੀ ਮੀਟਿੰਗ

**ਭੋਗਪੁਰ (ਜਲੰਧਰ)–** ਡਾ. ਭੀਮ ਰਾਓ ਅੰਬੇਡਕਰ ਚੇਤਨਾ ਮੰਚ ਭੋਗਪੁਰ ਦੀ ਮੀਟਿੰਗ ਕੇ. ਐਮ. ਕੰਸਟ੍ਰਕਸ਼ਨ ਕੰਪਨੀ ਆਦਮਪੁਰ ਰੋਡ ਭੋਗਪੁਰ ਵਿਖੇ ਹੋਈ, ਜਿਸ ਦੀ ਪ੍ਰਧਾਨਗੀ ਮੰਚ ਦੇ ਪ੍ਰਧਾਨ ਪ੍ਰਿੰਸੀਪਲ ਗਿਰਧਾਰ ਲਾਲ ਨੇ ਕੀਤੀ। ਇਸ ਮੀਟਿੰਗ ਵਿਚ ਦੇਸ਼ ਵਿਚ ਹੋਈਆਂ ਲੋਕ ਸਭਾ ਚੋਣਾਂ ਦਾ ਮੰਥਨ ਕੀਤਾ ਗਿਆ। ਸਤਿਗੁਰੂ ਕਬੀਰ ਜੀ ਮਹਰਾਜ ਜੀ ਦੇ 17 ਜੂਨ ਨੂੰ ਆ ਰਹੇ ਪ੍ਰਕਾਸ਼ ਦਿਹਾੜੇ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਪ੍ਰਬੁੱਧ ਭਾਰਤ ਫਾਊਂਡੇਸ਼ਨ ਫਗਵਾੜਾ ਵੱਲੋਂ ਡਾ. ਅੰਬੇਡਕਰ ਜੀ ਨਾਲ ਸਬੰਧਤ 12ਵੀਂ ਸਾਲਾਨਾ ਮੁਕਾਬਲੇ ਵਾਲੀ ਪ੍ਰੀਖਿਆ ਦੀ ਕਿਤਾਬ ਜਾਰ ਕੀਤੀ ਗਈ ਅਤੇ ਭੋਗਪੁਰ ਇਲਾਕੇ ਵਿਚ ਵੱਖ-ਵੱਖ ਥਾਵਾਂ ਤੇ ਸੈਂਟਰ ਬਣਾਉਣ ਸਬੰਧੀ ਵਿਚਾਰ ਵਟਾਂਦਰਾ ਕਰਕੇ ਜ਼ਿੰਮੇਵਾਰੀਆਂ ਲਗਾਈਆਂ ਗਈਆਂ। ਇਸ ਮੀਟਿੰਗ ਵਿਚ ਮਾਸਟਰ ਵਿਜੇ ਕੁਮਾਰ, ਵਰਿੰਦਰ ਸਿੰਘ, ਹਰਪ੍ਰੀਤ ਸਿੰਘ, ਸਤਨਾਮ ਸਿੰਘ, ਰੌਸ਼ਨ ਲਾਲ, ਚਰਨਜੀਤ ਸਿੰਘ ਬਿਨਪਾਲਕੇ, ਮਦਨ ਪਾਲ, ਸਰਬਜੀਤ ਸਨੌਰਾ ਹਾਜ਼ਰ ਸਨ। ਮੀਟਿੰਗ ਦਾ ਸੰਚਾਲਨ ਮਾਸਟਰ ਸੂਰਤੀ ਨੇ ਕੀਤਾ।

# ਸਲਾਨਾ ਮੇਲਾ ਅਤੇ ਭੰਡਾਰਾ ਲੋਹਾਖੇੜੀ ਵਿਖੇ 6 ਜੂਨ ਨੂੰ

ਪਟਿਆਲਾ- ਸੱਯਦ ਪੀਰ ਸਾਹ ਹੁਸੈਨ ਬਾਗ ਵਾਲੇ ਪੀਰ ਪ੍ਰਬੰਧਕ ਕਮੇਟੀ, ਨਗਰ ਨਿਵਾਸੀ ਪਿੰਡ ਲੋਹਾਖੇੜੀ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਅੱਠਵਾਂ ਸਲਾਨਾ ਧਾਰਮਿਕ ਸੱਭਿਆਚਾਰਕ ਮੇਲਾ ਅਤੇ ਭੰਡਾਰਾ ਪੀਰ ਜੀ ਦੀ ਦਰਗਾਹ ਤੇ 6 ਜੂਨ ਵੀਰਵਾਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਦਿਨ ਫਰੀ ਮੈਡੀਕਲ ਚੈਕਅੱਪ ਕੈਂਪ ਲਗਾਇਆ ਜਾਵੇਗਾ, ਜਿਸ ਵਿੱਚ ਨੀਲਮ ਹਸਪਤਾਲ ਰਾਜਪੁਰਾ ਦੇ ਡਾਕਟਰਾਂ ਦੀ ਟੀਮ ਮਰੀਜਾਂ ਦਾ ਫਰੀ ਚੈਕਅੱਪ ਕਰੇਗੀ ਅਤੇ ਮੁਫਤ ਦਵਾਈਆਂ ਦਿੱਤੀਆਂ ਜਾਣਗੀਆਂ। ਸ਼ੂਗਰ ਅਤੇ ਬਲੱਡ ਪ੍ਰੈਸ਼ਰ ਦੇ ਟੈਸਟ ਮੌਕੇ ਤੇ ਕੀਤੇ ਜਾਣਗੇ।



ਇਸ ਤੋਂ ਇਲਾਵਾ ਧਾਰਮਿਕ ਅਤੇ ਸੱਭਿਆਚਾਰਕ ਪ੍ਰੋਗਰਾਮ ਚ ਹੋਰਨਾਂ ਤੋਂ ਇਲਾਵਾ ਗੀਤਕਾਰ ਸਤਨਾਮ ਸਿੰਘ ਮੱਟੂ, ਪੌਪ ਗਾਇਕ ਲੱਕੀ ਦੁਰਗਾਪੁਰੀਆ, ਸੂਫੀ ਗਾਇਕ ਨੂਰ ਜੌਲੀ, ਹਰਪ੍ਰੀਤ ਹੈਪੀ, ਸ਼ਾਹ-ਏ-ਕਾਦਰੀ, ਹਰਬੰਸ ਹੈਰੀ, ਅਮਨ ਸੂਫੀ, ਧਾਲੀਵਾਲ ਸਾਬ੍ਹ ਆਦਿ ਕਲਾਕਾਰਾਂ ਆਪਣੀ ਕਲਾ ਦਾ ਮੁਜ਼ਾਹਰਾ ਕਰਨਗੇ।ਗੁਰੂ ਕਾ ਲੰਗਰ ਅਤੁੱਟ ਵਰਤੇਗਾ।

**- ਸਤਨਾਮ ਸਿੰਘ ਮੱਟੂ**

# ਸਤਿਗੁਰੂ ਰਵਿਦਾਸ ਵੈਲਫੇਅਰ ਮਿਸ਼ਨ ਦੇ ਰਹੀ ਬੱਚਿਆਂ ਨੂੰ ਸਿਵਲ ਸਰਵਿਸਿਜ਼ ਦੀ ਮੁਫਤ ਕੋਚਿੰਗ




**ਲੁਧਿਆਣਾ–** ਸਤਿਗੁਰੂ ਰਵਿਦਾਸ ਵੈਲਫੇਅਰ ਮਿਸ਼ਨ ਆਰਗੇਨਾਈਜੇਸ਼ਨ ਇੰਟਰਨੈਸ਼ਨਲ ਵੱਲੋਂ ਸਿਵਲ ਸਰਵਿਸਿਜ਼ ਦੀ ਪ੍ਰੀਖਿਆ ਦੀ ਕੋਚਿੰਗ ਮੁਫਤ ਵਿਚ ਦਿੱਤੀ ਜਾ ਰਹੀ ਹੈ। ਸੰਸਥਾ ਦੇ ਪ੍ਰਧਾਨ ਏ. ਐਸ. ਆਈ. ਗੁਰਦੇਵ ਸਿੰਘ ਨੇ ਦੱਸਿਆ ਕਿ ਇਹ ਸੰਸਥਾ ਪਿਛਲੇ ਦੋ ਸਾਲਾਂ ਤੋਂ ਬੱਚਿਆਂ ਨੂੰ ਮੁਫਤ ਕੋਚਿੰਗ ਦੇ ਰਹੀ ਹੈ। ਉਹਨਾਂ ਦੱਸਿਆ ਕਿ ਜੇਕਰ ਇਹ ਕੋਚਿੰਗ ਦਿੱਲੀ ਜਾਂ ਹੋਰ ਕਿਸੇ ਪ੍ਰਾਈਵੇਟ ਸੰਸਥਾ ਤੋਂ ਲਈ ਜਾਵੇ ਤਾਂ ਉਸਦਾ ਕੁੱਲ ਖਰਚ 5 ਲੱਖ ਦੇ ਕਰੀਬ ਹੁੰਦਾ ਹੈ ਪਰ ਉਹਨਾਂ ਦੀ ਸੰਸਥਾ ਵੱਲੋਂ ਸਿਵਲ ਸਰਵਿਸਿਜ਼ ਦੀ ਪ੍ਰੀਖਿਆ ਦੇਣ ਦੇ ਚਾਹਵਾਨ ਬੱਚਿਆਂ ਨੂੰ ਮੁਫਤ ਦਿੱਤੀ ਜਾ ਰਹੀ ਹੈ। ਉਹਨਾਂ ਦੀ ਸੰਸਥਾ ਵਿਚ ਆਲ ਇੰਡੀਆ ਦੇ ਬੱਚੇ ਕੋਚਿੰਗ ਲ ਰਹੇ ਹਨ। ਸੰਸਥਾ ਵੱਲੋਂ ਪਹਿਲੇ ਬੈਚ ਦੇ 50 ਬੱਚਿਆਂ ਅਤੇ ਦੂਜੇ ਬੈਚ ਦੇ 50 ਬੱਚਿਆਂ ਨੂੰ ਕੋਚਿੰਗ ਦਿੱਤੀ ਜਾ ਚੁੱਕੀ ਹੈ।

ਦੂਜੇ ਬੈਚ ਦੇ ਬੱਚਿਆਂ ਦੀ ਪ੍ਰੀਖਿਆ ਹੋ ਗਈ ਹੈ। ਇਸ ਤੋ ਇਲਾਵਾ ਉਹਨਾਂ ਕਿਹਾ ਕਿ ਜੋ ਬੱਚੇ ਅਗਲੇ ਬੈਚ ਵਿਚ ਦਾਖਲਾ ਲੈਣਾ ਚਾਹੁੰਦੇ ਹਨ ਉਹ 20 ਜੂਨ ਤੋਂ ਪਹਿਲਾਂ ਆਪਣੇ ਫਾਰਮ ਸਬਮਿਟ ਕਰਵਾ ਸਕਦੇ ਹਨ। ਇਸ ਤੋਂ ਇਲਾਵਾ ਜਿਹਨਾਂ ਬੱਚਿਆਂ ਨੇ ਪ੍ਰੀਖਿਆ ਦੇਣੀ ਹੈ, ਉਹਨਾਂ ਬੱਚਿਆਂ ਨੂੰ ਸੰਸਥਾ ਵੱਲੋਂ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਦਿਲਬਾਗ ਸਿੰਘ, ਤਰਸੇਮ ਸਿੰਘ, ਨਾਹਰ ਸਿੰਘ, ਚਰਨਜੀਤ ਸਿੰਘ, ਅਮਰਜੀਤ ਸਿੰਘ, ਪਰਮਜੀਤ ਮਹਿਮੀ, ਪਰਵਿੰਦਰ ਸਿੰਘ, ਪਰਮਜੀਤ ਸਿੰਘ, ਕਰਮਜੀਤ ਸਹੋਤਾ, ਸੂਬੇਦਾਰ ਬਹਾਦਰ ਸਿੰਘ, ਜੁਗਰਾਜ ਸਿੰਘ, ਸਰਵਜੀਤ ਸਿੰਘ, ਕੁਲਦੀਪ ਸਿੰਘ, ਬਲਜਿੰਦਰ ਸਿੰਘ, ਕੁਲਦੀਪ ਕੌਰ ਆਦਿ ਹਾਜ਼ਰ ਸਨ।

# ਦੇਸ਼ ਭਗਤ ਯਾਦਗਾਰ ਹਾਲ 'ਚ ਤਿੰਨ ਰੋਜ਼ ਚੇਤਨਾ ਕੈਂਪ 21 ਜੂਨ ਤੋਂ

**ਜਲੰਧਰ–** ਪੰਜਾਬ ਦੀ ਜੁਆਨੀ ਨੂੰ ਨਰੋਈ, ਵਿਗਿਆਨਕ, ਇਨਕਲਾਬੀ-ਜਮਹੂਰੀ ਸੂਝ-ਬੂਝ ਨਾਲ ਲੈਸ ਕਰਨ, ਆਪਣੀ ਇਤਿਹਾਸਕ ਵਿਰਾਸਤ ਅਤੇ ਅਜੋਕੇ ਸਮੇਂ ਦੇ ਭਖ਼ਦੇ ਸੁਆਲਾਂ ਨਾਲ ਜੋੜਨ ਲਈ ਹਰ ਸਾਲ ਦੀ ਤਰ੍ਹਾਂ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ 21,22 ਅਤੇ 23 ਜੂਨ ਨੂੰ ਤਿੰਨ ਰੋਜ਼ਾ ਸਿਖਿਆਰਥੀ ਚੇਤਨਾ ਕੈਂਪ ਲਗਾਇਆ ਜਾ ਰਿਹਾ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਕਾਰਲ ਮਾਰਕਸ ਨੂੰ ਸਮਰਪਤ ਲੱਗ ਰਹੇ ਇਸ ਕੈਂਪ ਵਿੱਚ 'ਮਾਰਕਸੀ ਫਲਸਫ਼ਾ', 'ਅਜੋਕੀ ਰਾਜਨੀਤਕ ਹਾਲਤ ਅਤੇ ਫਾਸ਼ੀਵਾਦ' ਵਿਸ਼ੇ ਉਪਰ ਦੇਸ਼ ਦੇ ਨਾਮਵਰ ਵਿਦਵਾਨ ਆਪਣੇ ਵਿਚਾਰ ਰੱਖਣਗੇ।

ਉਪਰੰਤ ਗੰਭੀਰ ਸੁਆਲ-ਜਵਾਬ ਅਤੇ ਵਿਚਾਰ-ਚਰਚਾ ਦਾ ਸਿਲਸਿਲਾ ਚੱਲੇਗਾ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਪੰਜਾਬ ਦੇ ਨੌਜਵਾਨਾਂ, ਵਿਦਿਆਰਥੀਆਂ ਨੂੰ ਵਿਸ਼ੇਸ਼ ਕਰਕੇ ਦੂਰ ਤੋਂ ਆਉਣ ਵਾਲੇ ਸਿਖਿਆਰਥੀਆਂ ਨੂੰ 20 ਜੂਨ ਸ਼ਾਮ ਨੂੰ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਪੁੱਜਣ ਦੀ ਅਪੀਲ ਕੀਤੀ ਹੈ ਤਾਂ ਜੋ ਅਗਲੇ ਤਿੰਨੇ ਦਿਨ ਸਫ਼ਲਤਾ ਪੂਰਵਕ ਚੇਤਨਾ ਕੈਂਪ ਵਿੱਚ ਨਿੱਠਕੇ ਭਾਗ ਲਿਆ ਜਾ ਸਕੇ।

# ਸਤਿਗੁਰੂ ਰਵਿਦਾਸ ਜੀ ਦੇ ਵਿਚਾਰਾਂ ਤੋ ਦਿਸ਼ਾ ਲੈ ਕੇ ਬੇਗਮਪੁਰਾ ਵਸਾਉਣ ਲਈ ਉਨ੍ਹਾਂ ਵੱਲੋਂ ਦਰਸਾਏ ਗਏ ਮਾਰਗ 'ਤੇ ਹੀ ਚੱਲਣਾ ਚਾਹੀਦਾ ਹੈ : ਰਾਜੇਸ਼ ਬਾਘਾ



**ਜਲੰਧਰ–** ਸਥਾਨਕ ਸ੍ਰੀ ਗੁਰੂ ਰਵਿਦਾਸ ਸਭਾ ਅਤੇ ਸਮੂਹ ਮੁਹੱਲਾ ਨਿਵਾਸੀਆਂ ਦੇ ਸਹਿਯੋਗ ਨਾਲ ਸੰਤ ਰਾਮਾਨੰਦ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮ ਸਥਾਨਕ ਅਬਦਪੁਰਾ ਨਗਰ ਵਿਖੇ ਕਰਵਾਇਆ ਗਿਆ । ਇਸ ਮੌਕੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਦਾ ਗੁਣਗਾਨ ਕੀਤਾ ਅਤੇ ਸੰਤ ਰਾਮਾਨੰਦ ਨੂੰ ਸਮੂਹ ਸੰਗਤਾਂ ਵਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ

ਇਸ ਦੌਰਾਨ ਸ਼੍ਰੀ ਰਾਜੇਸ਼ ਬਾਘਾ ਸਾਬਕਾ ਚੇਅਰਮੈਨ ਐਸ.ਸੀ. ਕਮਿਸ਼ਨ ਪੰਜਾਬ ਅਤੇ ਉਪ ਪ੍ਰਧਾਨ ਭਾਜਪਾ ਪੰਜਾਬ ਨੇ ਸੰਤ ਰਾਮਾਨੰਦ ਦੀ ਅਤੇ ਬਾਬਾ ਸਾਹਿਬ ਡਾ. ਬੀ.ਆਰ ਅੰਬੇਡਕਰ ਦੇ ਵਿਚਾਰ ਅਤੇ ਉਨ੍ਹਾਂ ਵਲੋਂ ਦੱਸੇ ਮਾਰਗ 'ਤੇ ਚੱਲਣ ਲੋਕਾਂ ਨੂੰ ਪ੍ਰੇਰਿਤ ਕੀਤਾ । ਇਸ ਮੌਕੇ ਵੱਡੀ ਗਿਣਤੀ 'ਚ ਸੰਗਤਾਂ ਨੇ ਸ਼ਮੂਲੀਅਤ ਕੀਤੀ । ਸੰਗਤਾਂ ਲਈ ਜਿੱਥੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ, ਉੱਥੇ ਹੀ ਗੁਰੂ ਦਾ ਲੰਗਰ ਵੀ ਅਤੁੱਟ ਵਰਤਿਆ ਗਿਆ। ਇਸ ਮੌਕੇ ਪ੍ਰਧਾਨ ਪ੍ਰੇਮਪਾਲ ਦਮਲੇਈ ਅਤੇ ਵਿਜੈ ਕੁਮਾਰ, ਜੀਵਨ ਸਿੰਘ, ਭੂਪਿੰਦਰ ਕੁਮਾਰ, ਰਾਮਮੂਰਤੀ, ਈਸ਼ਵਰ ਕੁਮਾਰ ਬਾਬਾ ਅਤੇ ਸਭਾ ਦੇ ਮੈਂਬਰਾਨ ਅਤੇ ਸ਼ਰਧਾਲੂ ਵੱਡੀ ਗਿਣਤੀ 'ਚ ਹਾਜ਼ਰ ਸਨ।

# 'ਫੇਲ ਕਰਾਤਾ' ਗੀਤ ਨਾਲ ਹਾਜ਼ਰ ਹੋ ਰਿਹਾ ਗਾਇਕ ਕੁਲਦੀਪ ਮੱਲ ਕੇ

**ਚੰਡੀਗੜ੍ਹ (ਪ੍ਰੀਤਮ ਲੁਧਿਆਣਵੀ)–** ਪ੍ਰਸਿੱਧ ਗਾਇਕ ਰਾਜ ਬਰਾੜ ਦਾ ਸਾਥੀ ਰਹਿ ਚੁੱਕਾ ਗਾਇਕ ਕੁਲਦੀਪ ਮੱਲ ਕੇ ਆਪਣਾ ਨਵਾਂ ਗੀਤ 'ਫੇਲ ਕਰਾਤਾ' ਲੈਕੇ ਸਰੋਤਿਆਂ ਦੇ ਸਨਮੁਖ ਹੋ ਰਿਹਾ ਹੈ। ਇਸ ਗੀਤ ਨੂੰ ਲਿਖਿਆ ਹੈ ਗੀਤਕਾਰ ਬਿੱਟੂ ਭੁੱਲਰ ਨੇ ; ਮਿਊਜ਼ਿਕ ਦਿੱਤਾ ਹੈ ਡੀ ਜੇ ਰੈਕਸ ਨੇ ਅਤੇ ਸਾਥੀ ਗਾਇਕਾ ਜਸਪਾਲ ਜੱਸੀ ਵੱਲੋਂ ਵੀ ਬਾਖੂਬੀ ਰੋਲ ਨਿਭਾਇਆ ਗਿਆ ਹੈ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕੁਲਦੀਪ ਮੱਲ ਕੇ ਨੇ ਦੱਸਿਆ ਕਿ ਇਹ ਗੀਤ ਅਨੰਦ ਮਿਊਜ਼ਿਕ ਕੰਪਨੀ ਵੱਲੋਂ 5 ਜੂਨ ਨੂੰ ਯੂ-ਟਿਊਬ ਅਤੇ ਵੱਖ-ਵੱਖ ਚੈਨਲਾਂ ਤੇ ਰਿਲੀਜ਼ ਕੀਤਾ ਜਾ ਰਿਹਾ ਹੈ।






ਜਲੰਧਰ: ਸਾਬਕਾ ਸਰਪੰਚ ਪਿੰਡ ਜੰਡੂ ਸਿੰਘਾ ਸ੍ਰੀ ਕਾਂਸ਼ੀ ਰਾਮ ਕਲੇਰ ਜੀ ਦੀ ਅਚਾਨਕ ਮੌਤ ਤੇ ਉਨ੍ਹਾਂ ਦੇ ਗ੍ਰਹਿ ਵਿਖੇ ਡੂੰਘੇ ਦੁੱਖ ਦੇ ਮੌਕੇ ਕਾਂਸ਼ੀ ਰਾਮ ਕਲੇਰ ਦੇ ਪੁੱਤਰ ਵਿਮਲ ਕਲੇਰ ਸਾਬਕਾ ਮੰਡਲ ਪ੍ਰਧਾਨ ਭਾਰਤੀ ਜਨਤਾ ਪਾਰਟੀ ਯੁਵਾ ਮੋਰਚਾ (ਕਰਤਾਰਪੁਰ ਹਲਕਾ) ਦਿਹਾਤੀ ਮੰਡਲ ਜੰਡੂ ਸਿੰਘਾ ਤੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਦੇ ਰਾਜੇਸ਼ ਬਾਘਾ ਉਪ-ਪ੍ਰਧਾਨ ਭਾਜਪਾ ਪੰਜਾਬ ਅਤੇ ਸਾਬਕਾ ਚੇਅਰਮੈਨ,ਅਨੁਸੂਚਿਤ ਜਾਤੀ ਕਮਿਸ਼ਨ ਪੰਜਾਬ ਤੇ ਸ੍ਰੀ ਪੁਨੀਤ ਸ਼ੁਕਲਾ ਸੀਨੀਅਰ ਨੇਤਾ ਭਾਜਪਾ ਪੰਜਾਬ, ਸ੍ਰੀ ਕਮਲ ਚੋਪੜਾ ਸਾਬਕਾ ਮੰਡਲ ਪ੍ਰਧਾਨ ਭਾਰਤੀ ਜਨਤਾ ਪਾਰਟੀ (ਕਰਤਾਰਪੁਰ ਹਲਕਾ) ਦਿਹਾਤੀ ਮੰਡਲ ਜੰਡੂ ਸਿੰਘਾ ਤੇ ਹੋਰ ਹਾਜ਼ਰ।

Buying or Selling home in Sacramento??
ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ
MOBILE 916-513-8094




Put my knowledge, Service, experience and professionalism to work for you.

Buying or selling home in Sacramento?
Call 916-513-8094 for free consultation
(PUNJABI/ENGLISH/HINDI)



ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ

VISHAL KAPOOR
DRE#02087894 Realtor®

MOBILE. 916-513-8094. OFFICE 916-993-8680 EXT.1102
Email- realtor.vkapoor@gmail.com www.hsicarerealty.com
3461 Fair Oaks Blvd. Suite #125, Sacramento, CA 95864
Please like and share my facebook Page Realtor-Vishalkapoor

## Matrimonial

ਰਵਿਦਾਸੀਆ ਭਾਈਚਾਰੇ ਨਾਲ ਸਬੰਧਤ ਇੰਡੀਆ ਵਿਚ ਜਨਮਿਆ ਲੜਕਾ, ਉਮਰ 29 ਸਾਲ, ਯੂ. ਐਸ. ਏ. ਸਿਟੀਜ਼ਨ, ਕੱਦ 5 ਫੁੱਟ 8 ਇੰਚ, ਯੂਨੀਵਰਸਿਟੀ ਆਫ ਕੈਲੇਫੋਰਨੀਆ ਤੋਂ ਬਾਇਓਲਾਜੀ, ਲੋਕਲ ਗੌਰਮਿੰਟ ਵਿਚ ਸਰਵਿਸ, ਬੇ-ਏਰੀਆ ਵਿਚ ਰਹਿੰਦੇ ਲੜਕੇ ਲਈ ਪੜ੍ਹੀ-ਲਿਖੀ ਅਮਰੀਕਾ ਵਿਚ ਰਹਿੰਦੀ ਲੜਕੀ ਦੀ ਲੋੜ ਹੈ।

**ਸੰਪਰਕ ਕਰੋ ਫੋਨ ਜਾਂ ਵਟਸਅਪ: 510 8625488**

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES

## WASH, LUBE, BRAKES

Call:
**530-824-5134**

Call:
**650-642-0697**

## 3525 Highway 99, West Corning, CA 96021

Across the Street from TA Truck Stop



# SKY TRANSPORT SOLUTIONS

## STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

## PLEASE CONTACT US FOR MORE INFORMATION

## PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

## 2680 N TRACY BLVD, SUITE 4, TRACY, CA 95376

# ਡਾਇਮੰਡ ਜੁਬਲੀ: ਫੀਜ਼ੀ ’ਚ ਖਾਲਸਾ ਸਕੂਲ ਦੇ ਸ਼ਾਨਦਾਰ 60 ਸਾਲ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)**– ਬੜੇ ਮਾਣ ਨਾਲ ਇਹ ਕਹਿ ਕੇ ਫ਼ਖਰ ਮਹਿਸੂਸ ਕਰ ਲਿਆ ਜਾਂਦਾ ਹੈ ਕਿ ਪੰਜਾਬੀ ਜਿੱਥੇ ਵੀ ਗਏ ਆਪਣੀ ਮਿਹਨਤ, ਅਕਲ, ਸੰਜਮ, ਸਹਿਣਸ਼ੀਲਤਾ, ਦੂਰ ਅੰਦੇਸ਼ੀ ਅਤੇ ਵਿਰਸੇ ਦੇ ਵਿਚ ਮਿਲੀ ਧਾਰਮਿਕ ਅਤੇ ਸਮਾਜਿਕ ਗੁੜਤੀ ਦੇ ਨਾਲ ਕਾਮਯਾਬੀ ਦੇ ਝੰਡੇ ਗੱਡਦੇ ਗਏ। ਵਿਦੇਸ਼ਾਂ ਦੇ ਵਿਚ ਉਚ ਪੜ੍ਹਾਈ ਤੇ ਸਿਖਲਾਈ ਦੇ ਨਾਲ-ਨਾਲ ਰੋਜ਼ੀ ਰੋਟੀ ਦੇ ਲਈ ਹਰ ਕੋਈ ਜਾਨ-ਤੋੜ ਮੁਸ਼ੱਕਤ ਕਰਦਾ ਹੈ ਤੇ ਪਰਿਵਾਰ ਪਾਲਦਾ ਹੈ ਪਰ ਇਸਦੇ ਨਾਲ-ਨਾਲ ਜੇਕਰ ਆਪਣੀ ਨਵੀਂ ਪੀੜ੍ਹੀ ਦੇ ਲਈ ਵੀ ਕੋਈ ਅਜਿਹਾ ਅਦਾਰਾ ਸਥਾਪਿਤ ਕਰ ਜਾਂਦਾ ਹੈ ਤਾਂ ਉਨ੍ਹਾਂ ਸਖਸ਼ੀਅਤਾਂ ਨੂੰ ਇਤਿਹਾਸ ਦੇ ਸੁਨਿਹਰੇ ਪੰਨਿਆ ਉਤੇ ਉਕਰਿਆ ਜਾਂਦਾ ਹੈ। ਗੱਲ ਕਰਦੇ ਹਾਂ ਫੀਜ਼ੀ ਦੇ ਵਿਚ ਸਥਾਪਿਤ ਸ੍ਰੀ ਗੁਰੂ ਨਾਨਕ ਖਾਲਸਾ ਸਕੂਲ ਅਤੇ ਕਾਲਜ ਦੀ ਸਥਾਪਨਾ ਦੀ। ਏਸ਼ੀਆ ਤੋਂ ਬਾਹਰ ਸ਼ਾਇਦ ਇਹ ਦੁਨੀਆ ਦਾ ਪਹਿਲਾ ਖਾਲਸਾ ਸਕੂਲ ਹੋਵੇਗਾ। 1953 ਦੇ ਵਿਚ ਇਥੇ ਇਕ ਭਾਰਤੀ ਸਕੂਲ ਦੇ ਵਿਚ ਅਧਿਆਪਕ ਦੀ ਨੌਕਰੀ ਕਰਨ ਆਏ ਸ. ਇੰਦਰਜੀਤ ਸਿੰਘ ਵਾਲੀਆ ਨੇ ਖਾਲਸਾ ਸਕੂਲ ਦੀ ਸਥਾਪਨਾ ਦੀ ਸ਼ੁਰੂ ਹੋਈ ਵਿਚਾਰ-ਚਰਚਾ ਦੇ ਵਿਚ ਅਹਿਮ ਰੋਲ ਅਦਾ ਕੀਤਾ। ਗੱਲ ਅੱਗੇ ਤੁਰਦੀ ਗਈ ਅਤੇ 1955 ਦੇ ਵਿਚ ਸ੍ਰੀ ਗੁਰੂ ਨਾਨਕ ਖਾਲਸਾ ਸਕੂਲ ਕਮੇਟੀ ਦਾ ਗਠਨ ਹੋਇਆ ਅਤੇ ਸ. ਵਾਲੀਆ ਸਰਬ ਸੰਮਤੀ ਦੇ ਨਾਲ ਪ੍ਰਧਾਨ ਚੁਣੇ ਗਏ। ਉਸ ਸਮੇਂ ਫੀਜ਼ੀ ਵਸਦੇ ਲਗਪਗ 4000 ਸਿੱਖਾਂ ਦੇ ਵਿਚ ਖੁਸ਼ੀ ਦੀ ਲਹਿਰ ਦੌੜ ਗਈ, ਉਤਸ਼ਾਹ ਉਤਪੰਨ ਹੋਇਆ। ਕਮੇਟੀ ਨੇ ਵੱਖ-ਵੱਖ ਜ਼ਿਲ੍ਹਿਆਂ ਤੋਂ ਮੈਂਬਰ ਲਏ। 1800 ਪੌਂਡ ਖਰਚ ਕੇ ਕਮੇਟੀ ਨੇ 4 ਏਕੜ ਜ਼ਮੀਨ ’ਬਾ’ ਨਗਰ (ਨਾਡੀ ਸ਼ਹਿਰ ਤੋਂ 62 ਕਿਲੋਮੀਟਰ ਦੂਰ) ਖਰੀਦ ਲਈ। ਉਸ ਸਮੇਂ ਇਹ ਜ਼ਮੀਨ ਵੀ ਕਾਫੀ ਨਹੀਂ ਸੀ ਲੱਗ ਰਹੀ ਅਤੇ ਕਮੇਟੀ ਨੇ ਫੈਸਲਾ ਕੀਤਾ ਕਿ ਬਿਲਡਿੰਗ ਬਨਾਉਣਾ ਅਜੇ ਠੀਕ ਨਹੀਂ। ਇਸ ਦੌਰਾਨ ਇਕ ਭਾਗਸ਼ਾਲੀ ਸਮਾਂ ਬਣਿਆ ਕਿ ਲਾਗੇ ਹੀ ਇਕ ਇਕ ਮੈਥੋਡਿਸਟ ਚਰਚ ਜੋ ਇਕ ਪ੍ਰਾਇਮਰੀ ਸਕੂਲ ਚਲਾਉਂਦਾ ਸੀ, ਨੇ ਇਕ ਕਮੇਟੀ ਨੂੰ ਪੇਸ਼ਕਸ਼ ਕੀਤੀ ਕਿ ਜੇਕਰ ਉਹ ਵਿੱਤੀ ਗਾਰੰਟੀ ਲੈਂਦੇ ਹਨ ਤਾਂ ਸਕੂਲ ਉਨ੍ਹਾਂ ਨੂੰ ਸੌਂਪ ਦਿੱਤਾ ਜਾਵੇਗਾ। 11 ਫਰਵਰੀ 1958 ਨੂੰ ਉਹ ਸਕੂਲ ਸ੍ਰੀ ਗੁਰੂ ਨਾਨਕ ਖਾਲਸਾ ਸਕੂਲ ਕਮੇਟੀ ਦੇ ਸਪੁਰਦ ਹੋ ਗਿਆ। ਇਸਦੇ ਨਾਲ ਹੀ ’ਵਾਇਲਾਈਲਾਈ ਹਾਈਟਸ’ ਵਾਲੀ ਥਾਂ ਦੀ ਲੀਜ਼ ਵੀ ਨਾਲ ਹੀ ਮਿਲ ਗਈ ਜਿੱਥੇ ਕਿ ਨਵਾਂ ਸਕੂਲ ਬਨਾਉਣ ਦਾ ਪ੍ਰਾਜੈਕਟ ਸੀ। ਇਸ ਆਦਾਨ-ਪ੍ਰਦਾਨ ਵੇਲੇ ਸਮਾਗਮ ਵੀ ਹੋਇਆ ਅਤੇ ਸਰਕਾਰੀ ਅਫਸਰ ਵੀ ਪਹੁੰਚੇ। ਇਸ ਤੋਂ ਬਾਅਦ ਖਾਲਸਾ ਕਮੇਟੀ ਨੇ ਰਫਤਰਾ ਫ਼ੜ ਲਈ, ਨਵਾਂ ਪਲੈਨ ਤਿਆਰ ਕੀਤਾ ਅਤੇ ਖਾਲਸਾ ਪ੍ਰਾਇਮਰੀ ਸਕੂਲ ਦਾ ਨੀਂਹ ਪੱਥਰ 4 ਜੂਨ 1958 ਨੂੰ ਰੱਖ ਦਿੱਤਾ। 8 ਮਹੀਨਿਆਂ ਦੇ ਵਿਚ ਚਾਰ ਕਲਾਸ ਰੂਮ 5500 ਪੌਂਡ ਦੀ ਲਾਗਤ ਨਾਲ ਤਿਆਰ ਹੋ ਗਏ। 2 ਫਰਵਰੀ 1959 ਨੂੰ ਖਾਲਸਾ ਸਕੂਲ ਦਾ ਉਦਘਾਟਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਠ ਪਾਠ ਕਰਵਾਉਣ ਉਪਰੰਤ ਕੀਤਾ ਗਿਆ। ਚਾਰ ਹੋਰ ਕਮਰੇ ਤਿਆਰ ਕਰਵਾਏ ਗਏ, ਖੇਡ ਮੈਦਾਨ ਸਵਾਰਿਆ ਗਿਆ। ਮੈਥੋਜਿਸਟ ਮਿਸ਼ਨ ਸਕੂਲ ਦਾ ਹੈਡਮਾਸਟਰ ਅਤੇ 7 ਹੋਰ ਅਧਿਆਪਕ ਇਸ ਸਕੂਲ ਦੇ ਵਿਚ ਲਗਾਤਾਰ ਪੜ੍ਹਾਉਂਦੇ ਰਹੇ। ਇਸੇ ਸਾਲ ਸਕੂਲ ਦੇ ਵਿਚ ਪੰਬਾਬੀ ਮਾਂ ਬੋਲੀ ਨੂੰ ਵੀ ਸ਼ਾਮਿਲ ਕਰ ਲਿਆ ਗਿਆ। 1960 ਦੇ ਵਿਚ ਸ. ਪ੍ਰੀਤਮ ਸਿੰਘ ਨੇ ਹੈਡਮਾਸਟਰ ਵਜੋਂ ਅਹੁਦਾ ਸੰਭਾਲਿਆ। ਇਨ੍ਹਾਂ ਨੂੰ ਸਿਖਿਆ ਵਿਭਾਗ ਨੂੰ ਬੇਨਤੀ ਕਰਕੇ ਦੂਸਰੇ ਸਕੂਲ ਤੋਂ ਇਥੇ ਵਿਸ਼ੇਸ਼ ਤੌਰ ਤੇ ਤਬਦੀਲ ਕਰਵਾਇਆ ਗਿਆ। ਸੈਕੰਡਰੀ ਸਕੂਲ ਦੀਆਂ ਕਲਾਸਾਂ ਵਾਸਤੇ ਅਗਸਤ 1960 ਦੇ ਵਿਚ ਹੋਰ ਕਮਰੇ ਬਣਾਏ ਗਏ। 1965 ਦੇ ਵਿਚ ਇੰਡੀਆ ਤੋਂ ਆਏ ਇਕ ਗ੍ਰੰਥੀ ਸਿੰਘ ਦੇ ਕਹੇ ਸ਼ਬਦਾਂ ਨੂੰ ਲੈ ਕੇ ਕਾਫੀ ਰੌਲਾ ਪਿਆ ਜਿਸ ਦੇ ਨਾਲ ਸਕੂਲ ਦੀ ਰਫਤਰਾ ਮੱਠੀ ਪਈ ਪਰ ਫਿਰ 1967 ਦੇ ਵਿਚ ਸਿਖਿਆ ਵਿਭਾਗ ਨੇ ਇਸ ਸਕੂਲ ਨੂੰ ਸਹਾਇਤਾ ਦੇਣ ਲਈ ਮਾਨਤਾ ਪ੍ਰਾਪਤ ਕਰ ਦਿੱਤਾ। 1970 ਤੋਂ 74 ਤੱਕ ਫਿਰ ਬਿਲਡਿੰਗ ਦਾ ਕੰਮ ਚੱਲਿਆ। ਇਸ ਤੋਂ ਬਾਅਦ ਸਕੂਲ ਦਾ ਕਾਲਜ ਦਾ ਸਫਰ ਬੜੇ ਔਖੇ-ਸੌਖੇ ਦੌਰਾਂ ਵਿਚੋਂ ਲੰਘਿਆ। ਮੌਜੂਦਾ ਸਮੇਂ ਦੇ ਵਿਚ ਖਾਲਸਾ ਸਕੂਲ ਦਾ ਫੀਜ਼ੀ ਦੇ ਵਿਚ ਇਕ ਵਿਲੱਖਣ ਥਾਂ ਹੈ। ਇਸ ਵੇਲੇ 10 ਮੈਂਬਰੀ ਮੈਨੇਜਮੈਂਟ ਕਮੇਟੀ ਹੈ ਅਤੇ ਵੱਡੀ ਗਿਣਤੀ ਦੇ ਵਿਚ ਸਟਾਫ ਹੈ। ਇੰਗਲਿਸ਼, ਹਿੰਦੀ, ਫੀਜ਼ੀ ਅਤੇ ਪੰਜਾਬੀ ਭਾਸ਼ਾ ਦੇ ਨਾਲ-ਨਾਲ ਇਥੇ ਧਾਰਮਿਕ ਸਿੱਖਿਆ ਵੀ ਮਿਲਦੀ ਹੈ। 180 ਦੇ ਕਰੀਬ ਪ੍ਰਾਇਮਰੀ ਸਕੂਲ ਦੇ ਵਿਚ ਬੱਚੇ ਪੜ੍ਹਦੇ ਹਨ ਅਤੇ ਕਾਲਜ ਦੇ ਵਿਚ ਵੀ 400 ਦੇ ਕਰੀਬ ਹੈ। ਟ੍ਰਸਟੀਆਂ ਵਿਚ ਸ਼ਾਮਿਲ ਹਨ ਸ. ਧਰਮ ਸਿੰਘ, ਸ. ਪਿਆਰਾ ਸਿੰਘ ਪਿੰਡ ਮੰਡੀ (ਅੱਪਰਾ), ਸ. ਹਰਦੇਵ ਸਿੰਘ ਭਰੋਲੀ ਅਤੇ ਰਸ਼ਮੀਰ ਸਿੰਘ ਪਿੰਡ ਮੰਡੀ (ਅੱਪਰਾ) ਤੋਂ ਹਨ। ਕਾਲਜ ਦੇ ਪ੍ਰਧਾਨ ਸ. ਪ੍ਰੇਮ ਸਿੰਘ ਪਿੰਡ ਰਸੂਲਪੁਰ (ਬੰਗਾ), ਮਲਕੀਤ ਸਿੰਘ ਮੀਤ ਪ੍ਰਧਾਨ, ਸ. ਗੁਰਭਜਨ ਸਿੰਘ ਸਕੱਤਰ ਪਿੰਡ ਟਾਹਲੀ (ਨਕੋਦਰ), ਮੈਨ-ਜੇਰ ਸ. ਦਲਾਬਰ ਸਿੰਘ ਪਿੰਡ ਮੀਰ ਪੁਰ ਲੱਖਾ, ਮੈਂਬਰ ਸ. ਰਜਿੰਦਰ ਸਿੰਘ, ਬੇਅੰਤ ਸਿੰਘ ਪਿੰਡ ਮੁਟੱਠਾ (ਨੇੜੇ ਗੁਰਾਇਆਂ), ਕੇਸ਼ਵ ਸਿੰਘ, ਹਰਮਿੰਦਰਾ ਸਿੰਘ, ਸ. ਮਨਜੀਤ ਸਿੰਘ ਮੀਰਪੁਰ ਲੱਖਾ ਅਤੇ ਗੁਰਦੇਵ ਸਿੰਘ ਚਾਹਲ ਸਾਰੇ ਤਨ-ਮਨ-ਧਨ ਨਾਲ ਸੇਵਾ ਦੇ ਵਿਚ ਲੱਗੇ ਰਹਿੰਦੇ ਹਨ।। ਖਾਲਸਾ ਕਾਲਜ ਦੇ ਪ੍ਰਿੰਸੀਪਲ ਸੰਜੇਸ਼ ਚੰਦਰਾ ਹਨ। ਖਾਲਸਾ ਕਾਲਜ ਦੇ ਵਿਚ ਛੋਟਾ ਗੁਰਦੁਆਰਾ ਸਾਹਿਬ ਵੀ ਸਥਾਪਿਤ ਹੈ ਅਤੇ ਇਥੇ ਭਾਈ ਹਰਭਜਨ ਸਿੰਘ ਪੂੰਨੀਆ (ਬੰਗਾ) ਗ੍ਰੰਥੀ ਸਿੰਘ ਦੀ ਸੇਵਾ ਦੇ ਨਾਲ-ਨਾਲ ਧਾਰਮਿਕ ਸਿਖਿਆ ਦਿੰਦੇ ਹਨ। ਇਥੇ ਕਥਾ-ਕੀਰਤਨ ਸਮਾਗਮ ਵੀ ਹੁੰਦੇ ਹਨ। 15 ਜੂਨ ਨੂੰ ਸ੍ਰੀ ਗੁਰੂ ਨਾਨਕ ਖਾਲਸਾ ਸਕੂਲ ਅਤੇ ਕਾਲਜ ਆਪਣੇ 60 ਸਾਲਾਂ ਦੇ ਸਫਰ ਨੂੰ ਡਾਇਮੰਡ ਜੁਬਲੀ ਦੇ ਵਿਚ ਮਨਾ ਰਿਹਾ ਹੈ। ਇਸ ਮੌਕੇ ਜਿੱਥੇ ਵਿਸ਼ੇਸ਼ ਸਮਾਰੋਹ ਸ਼ਾਮ 7 ਵਜੇ ਹੋਵੇਗਾ ਉਥੇ ਸਕੂਲ ਦੇ ਵਿਚ ਵੀ ਇਕ ਵਿਸ਼ੇਸ਼ ਸਮਾਰੋਹ 14 ਜੂਨ ਨੂੰ ਕੀਤਾ ਜਾ ਰਿਹਾ ਹੈ। 15 ਜੂਨ ਨੂੰ ਨਿਊਜ਼ੀਲੈਂਡ ਤੋਂ ਵੀ ਬਹੁਤ ਸਾਰੀਆਂ ਸਖਸ਼ੀਅਤਾਂ ਪਹੁੰਚ ਰਹੀਆਂ ਹਨ। ਸ. ਹਰਨਾਮ ਸਿੰਘ ਗੋਲੀਅਨ (ਪਿੰਡ ਕਾਹਲੋਂ ਨਵਾਂਸ਼ਹਿਰ) ਜੋ ਕਿ ਅੱਜਕਲ੍ਹ ਨਿਊਜ਼ੀਲੈਂਡ ਰਹਿੰਦੇ ਹਨ ਮੁੱਖ ਮਹਿਮਾਨ ਦੇ ਤੌਰ ’ਤੇ ਜਾ ਰਹੇ ਹਨ। ਸ. ਗੋਲੀਅਨ ਸੰਨ 1982 ਤੋਂ 1987 ਤੱਕ ਸੀਨੇਟਰ ਰਹੇ ਅਤੇ 1992 ਦੇ ਵਿਚ ਉਥੇ ਚੋਣ ਜਿੱਤ ਕੇ ’ਹਾਊਸ ਆਫ ਰੀਪ੍ਰੈਜੇਂਟੇਟਿਵ’ (ਸਾਂਸਦ) ਬਣੇ ਸਨ ਤੇ 1999 ਤੱਕ ਇਹ ਸੇਵਾ ਕਰਦੇ ਰਹੇ, ਉਹੇ ਖਾਲਸਾ ਸਕੂਲ ਦੇ ਮੋਢੀ ਪ੍ਰਬੰਧਕਾਂ ਵਿਚ ਰਹੇ ਹਨ। ਉਹ ਸਕੂਲ ਦੇ ਔਡੀਟਰ, ਸਕੱਤਰ ਅਤੇ ਮੀਤ ਪ੍ਰਧਾਨ ਵੀ ਰਹੇ ਹਨ। ਇਸ ਡਾਇਮੰਡ ਜੁਬਲੀ ਸਮਾਰੋਹ ਦੇ ਵਿਚ ਜਿੱਥੇ ਆਏ ਮਹਿਮਾਨ ਆਪਣੇ ਵਿਚਾਰ ਰੱਖਣਗੇ ਉਥੇ ਪੰਜਾਬੀ ਨ੍ਰਿਤ ਗਿੱਧਾ ਤੇ ਭੰਗੜਾ ਫੀਜ਼ੀ ਨ੍ਰਿਤ ਮੇਕੇ ਅਤੇ ਹੋਰ ਸਭਿਆਚਾਰਕ ਵੰਨਗੀਆਂ ਵੀ ਹੋਣਗੀਆਂ।










L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
ਕੁਈਨ ਸਾਈਜ਼ ਬਲੈਂਕਟ $ 18.99 ਦਾ (+Tax)
5 ਬਲੈਂਕਟ ਖਰੀਦਣ ਤੇ 1 ਬਲੈਂਕਟ ਫਰੀ
New folding bed verities
Loose Fabrics, Groceries, Blankets, Vegetables







ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਹਰ ਕਿਸਮ ਦੀ ਦਾਲ ਸੇਲ ’ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
Red Label Tea 900 Gm $ 3.99



Bio Bidet Elite 2 $ 39.99+ Tax




ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ
ਇੰਡੀਆ ਤੋਂ Matterss ਸਸਤੇ ਰੇਟ ’ਤੇ ਪਹੁੰਚ ਚੁੱਕੀ ਹੈ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ



Baksho Kaur Bisla Hardev Singh Bisla

* ਗੋਲਡਨ ਆਟਾ ਨਾਲ 400 ਗ੍ਰਾਮ ਸੂਜ਼ੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।



ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ
ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ
530-671-0439, Fax 530-822-0439 Cell- 530-844-3250
Buy 5 get 1 free



AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Transmission, Body and Paint Work We Sell Used Cars at a Good Price



Prop: Jasbir Singh Takhar
510-755-2132
Free Estimates
Free Towing
510- 733- 2222
1421 Industrial PKWY West#F Hayward, CA 94544



Harmandeep Singh

# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ 34 ਸਾਲ ਪੂਰੇ

## ਸ. ਜੋਗਿੰਦਰ ਸਿੰਘ ਦਿੱਲੀ ਵਾਲਿਆਂ ਵੱਲੋਂ ਆਪਣੇ ਮਾਤਾ-ਪਿਤਾ ਦੀ ਯਾਦ 'ਚ ਸੁਖਮਨੀ ਸਾਹਿਬ ਦੇ ਪਾਠ ਤੇ ਲੰਗਰ ਦੀ ਸੇਵਾ

**ਪਿਟਸਬਰਗ (ਡੀ. ਡੀ. ਬੀ.)–** ਉੱਤਰੀ ਅਮਰੀਕਾ ਭਾਵ ਕੈਨੇਡਾ, ਅਮਰੀਕਾ ਆਦਿ ਦੇਸ਼ਾਂ ਅੰਦਰ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ ਉਪਰ ਉਸਾਰੇ ਗਏ ਗੁਰੂਘਰਾਂ ਵਿਚੋਂ ਪਿਟਸਬਰਗ (ਕੈਲੇਫੋਰਨੀਆ) 'ਚ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਪਹਿਲਾ ਗੁਰੂ ਘਰ ਹੈ, ਜੋ ਸਭ ਤੋਂ ਪਹਿਲਾਂ ਅੱਜ ਤੋਂ 34 ਸਾਲ ਪਹਿਲਾਂ ਉਸਾਰਿਆ ਗਿਆ ਸੀ, ਭਾਵ 2 ਜੂਨ 1985 ਨੂੰ ਇਸ ਗੁਰੂ ਘਰ ਦੀ ਸਥਾਪਨਾ ਕੀਤੀ ਗਈ ਸੀ ਜੋ ਹੁਣ 35ਵੇਂ ਸਾਲ 'ਚ ਪ੍ਰਵੇਸ਼ ਕਰ ਗਿਆ ਤੇ ਇਸ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਦੇ ਸੰਪੂਰਨ ਸਹਿਯੋਗ ਨਾਲ ਗੁਰੂ ਘਰ ਦਾ ਸਥਾਪਨਾ ਦਿਵਸ ਇਸੇ ਮਹੀਨੇ 30 ਜੂਨ ਦਿਨ ਐਤਵਾਰ ਨੂੰ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਜਾਵੇਗਾ। ਇਹ ਵਿਚਾਰ ਗੁਰੂ ਘਰ ਦੇ ਮੁਢਲੇ ਮੈਂਬਰ ਸਾਹਿਬਾਨ 'ਚੋਂ ਇਕ ਸ੍ਰੀਮਾਨ ਓ. ਪੀ. ਬਾਲੀ ਸਾਹਿਬ ਨੇ ਅੱਜ ਸਟੇਜ ਦੀ ਸੇਵਾ ਨਿਭਾਉਂਦਿਆਂ ਸੰਗਤਾਂ ਨਾਲ ਸਾਂਝੇ ਕੀਤੇ।

ਅੱਜ 2 ਜੂਨ 2019 ਨੂੰ ਹਫਤਾਵਾਰੀ ਪ੍ਰੋਗਰਾਮਾਂ ਦੀ ਤਰ੍ਹਾਂ ਪ੍ਰੋਗਰਾਮ ਤਹਿਤ ਥੋੜ੍ਹਾ ਹਟ ਕੇ ਜੋ ਦੇਖਣ ਨੂੰ ਮਿਲਿਆ, ਉਹ ਇਹ ਸੀ ਕਿ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਕਸ਼ਮੀਰੀ ਭਾਟੀਆ ਜੀ ਦੇ ਸਹੁਰਾ ਸਾਹਿਬ ਸ. ਜੋਗਿੰਦਰ ਸਿੰਘ ਦਿੱਲੀ ਵਾਲਿਆਂ ਨੇ ਆਪਣੇ ਪਿਤਾ ਸ੍ਰੀ ਤੁਲਸੀ ਦਾਸ ਜੀ ਅਤੇ ਮਾਤਾ ਸ੍ਰੀਮਤੀ ਕਰਤਾਰ ਕੌਰ ਜੀ ਦੀ ਯਾਦ ਵਿਚ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ ਅਤੇ ਗੁਰੂ ਘਰ ਦਾ ਜਥਾ ਭਾਈ ਸਾਹਿਬ ਭਾਈ ਗੁਰਨਾਮ ਸਿੰਘ ਜੀ ਤੇ ਸਾਥੀਆਂ ਤੋਂ ਇਲਾਵਾ ਭਾਈ ਸੁਬੇਗ ਸਿੰਘ ਸੈਨਹੋਜ਼ੇ ਵਾਲਿਆਂ ਦੇ ਜਥੇ ਨੇ ਬਹੁਤ ਹੀ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ, ਜਿਸ ਦਾ ਸਿੱਧਾ ਪ੍ਰਸਾਰਨ 'ਦੇਸ਼ ਦੁਆਬਾ' ਰਾਹੀਂ ਫੇਸਬੁੱਕ 'ਤੇ ਕੀਤਾ ਗਿਆ। ਇਹਨਾਂ ਦੋਵੇਂ ਜਥਿਆਂ ਤੋਂ ਇਲਾਵਾ ਬੀਬੀ ਕਮਲਜੀਤ ਕੌਰ ਭਾਟੀਆ ਅਤੇ ਬੀਬੀ ਸਤਨਾਮ ਕੌਰ ਜੀ ਨੇ ਵੀ ਇਕ ਸ਼ਬਦ ਨਾਲ ਆਪਣੀ ਹਾਜ਼ਰੀ ਲਗਵਾਈ ਅਤੇ ਭਾਈ ਅਵਤਾਰ ਸਿੰਘ ਭਾਟੀਆ ਜੀ ਨੇ ਵੀ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਜੋ ਸੰਗਤਾਂ ਨੇ ਮਨ ਚਿੱਤ ਲਗਾ ਕੇ ਸਰਵਣ ਕੀਤਾ।

ਇਹਨਾਂ ਤੋਂ ਇਲਾਵਾ ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ ਦੇ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਨੇ ਵੀ ਗੁਰੂ ਘਰ ਦੀਆਂ ਪੁਰਾਣੀਆਂ ਤੇ ਮੌਜੂਦਾ ਕਮੇਟੀ ਦੇ ਨਾਲ ਸਮੂਹ ਸੰਗਤ ਨੂੰ ਗੁਰੂ ਘਰ ਦੇ 34 ਸਾਲਾ ਸਥਾਪਨਾ ਦੇ ਪੂਰੇ ਹੋਣ 'ਤੇ ਦਿਲੀ ਹਾਰਦਿਕ ਵਧਾਈ ਦਿੰਦਿਆਂ ਸ. ਜੋਗਿੰਦਰ ਸਿੰਘ ਦਿੱਲੀ ਵਾਲਿਆਂ ਵੱਲੋਂ ਆਪਣੇ ਮਾਤਾ-ਪਿਤਾ ਜੀ ਦੀ ਯਾਦ ਵਿਚ ਗੁਰੂ ਘਰ ਵਿਖੇ ਸੁਖਮਨੀ ਸਾਹਿਬ ਜੀ ਦੇ ਪਾਠ ਰੱਖ ਕੇ ਅਤੇ ਲੰਗਰ ਦੀ ਸੇਵਾ ਕਰਕੇ ਯਾਦ ਕਰਨਾ ਆਪਣੇ ਆਪ 'ਚ ਸਲਾਹੁਣਯੋਗ ਹੈ।

ਸ੍ਰੀ ਚੁੰਬਰ ਨੇ ਭਗਵਾਨ ਵਾਲਮੀਕ ਜੀ ਦੇ ਪ੍ਰਵਚਨਾਂ ਨੂੰ ਦੁਹਰਾਉਂਦਿਆਂ ਕਿਹਾ ਕਿ ਜਨਣੀ ਅਤੇ ਜਨਮ ਭੂਮੀ ਸਵਰਗ ਤੋਂ ਵੀ ਉੱਤਮ ਹੈ, ਭਾਵ ਮਾਤਾ-ਪਿਤਾ ਦੀ ਸੇਵਾ, ਸਿਹਤ ਸੰਭਾਲ ਸਭ ਤੋਂ ਉੱਤਮ ਹੈ, ਜੋ ਕਿਸੇ ਸਵਰਗ ਤੋਂ ਘੱਟ ਨਹੀਂ।

ਅਖੀਰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਕਸ਼ਮੀਰੀ ਭਾਟੀਆ ਜੀ ਅਤੇ ਜਨਰਲ ਸਕੱਤਰ ਸ੍ਰੀ ਦਿਲਬਾਗ ਸਿੰਘ ਜੀ ਨੇ ਵੀ ਸੰਗਤਾਂ ਨੂੰ ਵਧਾਈ ਦਿੱਤੀ ਅਤੇ ਚੇਅਰਮੈਨ ਸ੍ਰੀ ਰਮੇਸ਼ ਸੁੰਮਨ ਜੀ ਵੱਲੋਂ ਸਭਨਾਂ ਦਾ ਧੰਨਵਾਦ ਕੀਤਾ ਗਿਆ।

ਇਸ ਮੌਕੇ ਕੈਸ਼ੀਅਰ ਸ੍ਰੀ ਨਰਿੰਦਰ ਚਾਹਲ ਨੇ ਵੀ ਆਪਣੀਆਂ ਸੇਵਾਵਾਂ ਦਾ ਯੋਗਦਾਨ ਪਾਇਆ। ਅਖੀਰ ਸਟੇਜ ਦੀ ਸਮਾਪਤੀ ਤੇ ਭਾਈ ਸਾਹਿਬ ਭਾਈ ਗੁਰਨਾਮ ਸਿੰਘ ਜੀ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਦਾ ਕੋਟਿਨ ਕੋਟਿ ਧੰਨਵਾਦ ਕੀਤਾ ਗਿਆ। ਸ੍ਰੀਮਾਨ ਓ. ਪੀ. ਬਾਲੀ ਸਾਹਿਬ ਜੀ ਨੇ ਆਪਣੀ ਸਟੇਜ ਸੇਵਾ ਬਾਖੂਬੀ ਨਾਲ ਨਿਭਾਈ। **(ਹੋਰ ਤਸਵੀਰਾਂ ਅਗਲੇ ਸਫੇ 'ਤੇ)**

















# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ 34 ਸਾਲ ਪੂਰੇ











KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

K&K AUTO REPAIR
and Car Wash
63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਭਾਟੀਆ ਪਰਿਵਾਰ ਨੇ ਮਾਤਾ-ਪਿਤਾ ਜੀ ਦੀ ਯਾਦ ਨੂੰ ਸਮਰਪਿਤ ਆਖੰਡ ਪਾਠ ਕਰਵਾਏ









(ਰਿਪੋਰਟ ਦੇਖੋ ਸਫਾ 5 'ਤੇ)

# ਮਹਾਂਰਿਸ਼ੀ ਵਾਲਮੀਕ ਟੈਂਪਲ 'ਚ ਹਫਤਾਵਾਰੀ ਪ੍ਰੋਗਰਾਮ ਮਨਾਇਆ ਗਿਆ



(ਰਿਪੋਰਟ ਦੇਖੋ ਸਫਾ 5 'ਤੇ)






## ਡਾ. ਬੀ. ਆਰ. ਅੰਬੇਦਕਰ ਜੀ ਦਾ 128ਵਾਂ ਜਨਮ ਦਿਹਾੜਾ 9 ਜੂਨ 2019 ਦਿਨ ਐਤਵਾਰ ਨੂੰ ਸੈਕਰਾਮੈਂਟੋ 'ਚ ਮਨਾਇਆ ਜਾਵੇਗਾ

ਭਾਰਤ ਰਤਨ ਬਾਬਾ ਸਾਹਿਬ ਡਾ. ਬੀ. ਆਰ. ਅੰਬੇਦਕਰ ਜੀ ਦੇ ਪੈਰੋਕਾਰਾਂ ਵੱਲੋਂ 9 ਜੂਨ 2019 ਦਿਨ ਐਤਵਾਰ ਨੂੰ ਮਾਉਂਟੇਨ ਮਾਈਕ ਪੀਜ਼ਾ (5640 ਆਬਰਨ ਬੁਲੇਵਾਰਡ, ਕੈਲੇਫੋਰਨੀਆ) ਵਿਖੇ ਬਾਅਦ ਦੁਪਹਿਰ 3 ਵਜ਼ੇ ਤੋਂ ਲੈ ਕੇ ਸ਼ਾਮ 9 ਵਜ਼ੇ ਤੱਕ ਬਾਬਾ ਸਾਹਿਬ ਡਾ. ਬੀ. ਆਰ. ਅੰਬੇਦਕਰ ਜੀ ਦੇ ਜੀਵਨ ਅਤੇ ਮਿਸ਼ਨ ਪ੍ਰਤੀ ਗਿਆਨ ਭਰਪੂਰ ਚਰਚਾ ਅਤੇ ਵਿਚਾਰ ਹੋਵੇਗਾ।

**ਰਮੇਸ਼ ਬੰਗੜ, ਕਸ਼ਮੀਰ ਸਿੰਘ ਹੀਰਾ, ਰਾਜ ਸੂਦ, ਸਤਨਾਮ ਸਿੰਘ ਮੰਢਾਲੀ, ਬਲਵਿੰਦਰ ਰੱਲ੍ਹ, ਸਤੀਸ਼ ਰੱਲ੍ਹ, ਅਵਤਾਰ ਸਿੱਧੂ, ਬਲਵੀਰ ਕਲੇਰ, ਮਨਜੀਤ ਭਾਰਦਵਾਜ, ਦਿਲਬਾਗ ਰਾਣਾ ਅਤੇ ਅਵਤਾਰ ਜੱਸਲ**

ਇਸ ਪ੍ਰੋਗਰਾਮ ਵਿਚ ਸਿਰਫ ਬਾਲਗ ਹੀ ਆਉਣ ਅਤੇ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨ ਜੀ

### ਹੋਰ ਜਾਣਕਾਰੀ ਲਈ ਸੰਪਰਕ ਕਰੋ:

| ਰਮੇਸ਼ ਬੰਗੜ | ਰਾਜ ਸੂਦ | ਸਤਨਾਮ ਸਿੰਘ ਮੰਢਾਲੀ |
|---|---|---|
| 916-821-2175 | 916-370-3542 | 916-803-0108 |

# ਸ. ਪ੍ਰਮਜੀਤ ਸਿੰਘ ਰੰਧਾਵਾ ਦਾ ਯੂਬਾ ਸਿਟੀ ’ਚ ਅੰਤਿਮ ਸਸਕਾਰ

## ਰੰਧਾਵਾ-ਥਿਆੜਾ ਦੁਖੀ ਪਰਿਵਾਰਾਂ ਵੱਲੋਂ ਦੁਖੀ ਹਿਰਦੇ ਨਾਲ ਸ਼ਰਧਾਂਜਲੀ, ਯੂਬਾ ਸਿਟੀ ਦੇ ਬਹੁਤ ਭਾਰੀ ਗਿਣਤੀ ਪੰਜਾਬੀ ਭਾਈਚਾਰਾ ਸਸਕਾਰ ਤੇ ਅੰਤਿਮ ਅਰਦਾਸ ਵਿਚ ਸ਼ਾਮਲ ਹੋਇਆ














**ਯੂਬਾ ਸਿਟੀ (ਡੀ. ਡੀ. ਬੀ.)–** ਦੁਨੀਆਂ ’ਚ ਹਰ ਇਨਸਾਨ ਚੰਗੇ ਭਵਿੱਖ ਲਈ ਇਕ ਤੋਂ ਦੂਜੇ ਸਥਾਨ ਜਾਂ ਦੇਸ਼/ਖਿੱਤੇ ਬਦਲਦਾ ਆਇਆ ਹੈ ਤਾਂ ਕਿ ਉਹ ਆਪਣਾ ਅਤੇ ਆਪਣੇ ਪਰਿਵਾਰ ਦਾ ਭਵਿੱਖ ਸੁਨਹਿਰੀ ਬਣਾ ਸਕੇ। ਇਸੇ ਤਰਾਂ ਪੰਜਾਬੀ ਭਾਈਚਾਰੇ ਖਾਸ ਕਰਕੇ ਸਿੱਖ ਭਾਈਚਾਰਾ ਬਹੁਤ ਭਾਰੀ ਗਿਣਤੀ ਵਿਚ ਵਿਦੇਸ਼ਾਂ ’ਚ ਵੱਸਿਆ ਹੋਇਆ ਹੈ ਤੇ ਵੱਖ-ਵੱਖ ਖੇਤਰਾਂ ‘ਚ ਚੰਗੀਆਂ ਮੱਲਾਂ ਵੀ ਮਾਰੀਆਂ। ਉਸ ਨੂੰ ਜਿੱਥੇ ਆਪਣੀ ਖੁਸ਼ਹਾਲੀ ਲਈ ਸੰਘਰਸ਼ ਕਰਨਾ ਪਿਆ ਜਾਂ ਪੈ ਰਿਹਾ ਹੈ, ਉਸ ਦੇ ਨਾਲ ਨਾਲ ਸਮੇਂ-ਸਮੇਂ ਦੀਆਂ ਹੋਰਨਾਂ ਮੁਸ਼ਕਿਲਾਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ, ਜੋ ਕਿਸੇ ਤੋਂ ਛੁਪਿਆ ਜਾਂ ਛੁਪਾਉਣ ਵਾਲੀ ਗੱਲ ਨਹੀਂ।

ਪਿਛਲੇ ਮਹੀਨੇ 25 ਮਈ ਨੂੰ ਯੂਬਾ ਸਿਟੀ ਨਿਵਾਸੀ ਸ. ਪ੍ਰਮਜੀਤ ਸਿੰਘ ਰੰਧਾਵਾ ਦਾ ਕਤਲ ਹੋ ਗਿਆ ਤੇ ਪਹਿਲੀ ਜੂਨ ਨੂੰ ਯੂਬਾ ਸਿਟੀ ’ਚ ਸਸਕਾਰ ਕਰ ਦਿੱਤਾ ਗਿਆ। ਸਵਰਗੀ ਰੰਧਾਵਾ ਦਾ ਪਿਛਲਾ ਜੱਦੀ ਪਿੰਡ ਸੈਦੋਵਾਲ ਨੇੜੇ ਨੂਰਮਹਿਲ ਜ਼ਿਲ੍ਹਾ ਜਲੰਧਰ ਸੀ, ਜੋ ਆਪਣੇ ਪਿੱਛੇ ਆਪਣੀ ਸੁਪਤਨੀ ਤੋਂ ਇਲਾਵਾ ਤਿੰਨ ਲੜਕੀਆਂ ਛੱਡ ਗਿਆ, ਜਿਹਨਾਂ ਵਿਚ ਇਕ ਲੜਕੀ ਅਜੇ ਵਿਆਹੁਣ ਵਾਲੀ ਹੈ, ਜੋ ਮੈਡੀਕਲ ਸਟੂਡੈਂਟ ਹੈ। ਦੱਸਿਆ ਜਾਂਦਾ ਹੈ ਕਿ ਸਵਰਗਵਾਸੀ ਪ੍ਰਮਜੀਤ ਸਿੰਘ ਰੰਧਾਵਾ ਨਿੱਤ ਦਾ ਗੁਰੂ ਘਰ ਜਾਣ ਦਾ ਪ੍ਰੇਮੀ ਸੀ ਅਤੇ ਨਾਮਵਰ ਕਬੱਡੀ ਪ੍ਰਮੋਟਰ ਅਤੇ ਯੂ. ਐਸ. ਏ. ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਸ. ਸਰਬਜੀਤ ਸਿੰਘ ਥਿਆੜਾ (ਸੱਬਾ ਥਿਆੜਾ) ਦਾ ਕੁੜਮ ਸੀ ਅਤੇ ਸ. ਤੀਰਥ ਸਿੰਘ ਸੋਹਲ (ਕੌਰਨਿੰਗ ਵਾਲਿਆਂ) ਦਾ ਨਜਦੀਕੀ ਰਿਸ਼ਤੇਦਾਰ ਸੀ। ਸਸਕਾਰ ਵਕਤ ਫਿਊਨਰਲ ਹੋਮ ਵਿਖੇ ਬਹੁਤ ਭਾਰੀ ਗਿਣਤੀ ’ਚ ਪੰਜਾਬੀ ਅਮੈਰੀਕਨ ਭਾਈਚਾਰੇ ਨੇ ਵਿਛੜੀ ਰੂਹ ਨੂੰ ਦੁਖੀ ਹਿਰਦੇ ਨਾਲ ਆਖਰੀ ਅਲਵਿਦਾ ਆਖੀ ਤੇ ਸ਼ਰਧਾਂਜਲੀ ਦਿੱਤੀ ਗਈ।

ਸਵਰਗੀ ਰੰਧਾਵਾ ਦੀ ਸਭ ਤੋਂ ਛੋਟੀ ਲੜਕੀ ਹਰਮਨ ਕੌਰ ਰੰਧਾਵਾ, ਜੋ ਮੈਡੀਕਲ ਸਟੂਡੈਂਟ ਵੀ ਹੈ, ਨੇ ਬਹੁਤ ਹੀ ਦੁਖੀ ਹਿਰਦੇ ਨਾਲ ਸ਼ਰਧਾਂਜਲੀ ਦਿੰਦਿਆਂ ਸਭ ਦੇ ਮਨਾਂ ਨੂੰ ਝੰਜੋੜ ਕੇ ਰੱਖ ਦਿੱਤਾ। ਉਸਦੇ ਸ਼ਰਧਾਂਜਲੀ ਸ਼ਬਦਾਂ ਦਾ ਬੜਾ ਗਹਿਰਾ ਦੁੱਖ ਪਿਤਾ ਪ੍ਰਤੀ ਪਿਆਰ ਅਤੇ ਸਤਿਕਾਰ ਝਲਕਦਾ ਸੀ। ਪਿਤਾ ਵੱਲੋਂ ਆਪਣੀ ਧੀ ਪ੍ਰਤੀ ਜੋ ਸੁਪਨੇ ਲਏ ਸਨ, ਨੂੰ ਪੂਰਾ ਕਰਨ ਲਈ ਉਸ ਨੇ ਆਪਣੀ ਵਚਨਬੱਧਤਾ ਦੁਹਰਾਉਂਦਿਆਂ ਉਸਨੂੰ ਪੂਰਾ ਕਰਨਾ ਆਪਣੀ ਸ਼ਰਧਾਂਜਲੀ ਦਿੱਤੀ। ਬੱਚੀ ਦੇ ਮਨ ਦੀ ਵੇਦਨਾ ਨੂੰ ਸਮਝਣਾ ਇੰਨਾ ਮੁਸ਼ਕਿਲ ਨਹੀਂ ਸੀ, ਜਿਵੇਂ ਕਿ ਉਸਨੇ ਆਪਣੇ ਮਾਣਯੋਗ ਪਿਤਾ ਦੇ ਜਲਦੀ ਚਲੇ ਜਾਣ ’ਚ ਸ਼ਰਧਾਂਜਲੀ ਦਿੱਤੀ। ਉਸ ਨੇ ਗੁਰਬਾਣੀ ਦੇ ਸ਼ਬਦ ਕਬੀਰਾ ਮੁਝ ਮੇ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ, ਨਾਲ ਸ਼ੁਰੂ ਕੀਤੀ ਤੇ ਸ਼ਰਧਾਂਜਲੀ ਦੇ ਸਮਾਪਤੀ ’ਚ ਇਸੇ ਹੀ ਸ਼ਬਦ ਦੀਆਂ ਅਗਲੀਆਂ ਸੱਤਰਾਂ ’ਤੇਰਾ ਤੁਝ ਕੋ ਸੌਂਪ ਕੇ ਅਬ ਕਿਆ ਲਾਗੇ ਮੇਰਾ’ ਭਾਵ ਹੇ ਪ੍ਰਭੂ, ਹੇ ਮੇਰੇ ਮਾਲਕ, ਹੇ ਮੇਰੇ ਵਾਹਿਗੁਰੂ ਸਾਡਾ ਕੁਝ ਨਹੀਂ ਸੀ, ਤੇਰੀ ਬਖਸ਼ਿਸ਼ ਸੀ, ਤੂੰ ਉਸ ਨੂੰ ਵਾਪਸ ਲੈ ਲਿਆ। ਹੁਣ ਸਾਡਾ ਕੀ ਹੈ, ਤੇਰਾ ਤੈਨੂੰ ਸੌਂਪ ਦਿੱਤਾ। ਸਾਡਾ ਹੁਣ ਕੀ ਰਿਹਾ। ਬੱਸ ਤੂੰ ਹੀ ਸਾਡਾ ਹੈਂ, ਸਾਡੇ ਤੇ ਮਿਹਰ ਕਰ ਤੇ ਇਸ ਵਿਛੜੀ ਰੂਹ ਨੂੰ ਆਪਣੇ ਚਰਨਾਂ ’ਚ ਨਿਵਾਸ ਬਖਸ਼ ਤੇ ਸਾਨੂੰ ਭਾਣਾ ਮੰਨਣ ਦਾ ਬਲ ਬਖਸ਼। ਸਸਕਾਰ ਉਪਰੰਤ (ਗੁਰਦੁਆਰਾ ਸਾਹਿਬ) ਗੁਰੂ ਨਾਨਕ ਸਿੱਖ ਟੈਂਪਲ, ਬੋਗ ਰੋਡ ਯੂਬਾ ਸਿਟੀ ਵਿਖੇ ਅੰਤਿਮ ਅਰਦਾਸ ਕੀਤੀ ਗਈ ਤੇ ਗੁਰੂ ਘਰ ਦੇ ਜਥੇ ਨੇ ਵਿਰਾਗਮਈ ਸ਼ਬਦ ਪੜ੍ਹੇ ਤੇ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਅਤੇ ਮਗਰ ਪਰਿਵਾਰ ਨੂੰ ਭਾਣਾ ਮੰਨਣ ਲਈ ਅਰਦਾਸ ਕੀਤੀ।

ਸ. ਹਰਬੰਸ ਸਿੰਘ ਭੰਮਾ ਨੇ ਦੁਖੀ ਰੰਧਾਵਾ, ਦੁਲਾਈ, ਸਿੱਧੂ ਅਤੇ ਥਿਆੜਾ ਪਰਿਵਾਰਾਂ ਵੱਲੋਂ ਸਾਰੇ ਹੀ ਭਾਈਚਾਰੇ ਦਾ ਦਿਲੀ ਧੰਨਵਾਦ ਕੀਤਾ, ਜਿਹਨਾਂ ਦੁੱਖ ਦੀ ਘੜੀ ਵਿਚ ਸਾਥ ਦਿੱਤਾ। ਇਸ ਮੌਕੇ ਪੰਜਾਬੀ ਭਾਈਚਾਰੇ ਦੀਆਂ ਮੰਨੀਆਂ-ਪ੍ਰਮੰਨੀਆਂ ਖਸੀਅਤਾਂ ਨੇ ਦੁੱਖ ਸਾਂਝਾ ਕੀਤਾ।

ਅਦਾਰਾ ’ਦੇਸ਼ ਦੁਆਬਾ’ ਵੱਲੋਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਅਤੇ ‘ਖੁਸ਼ਬੂ ਪੰਜਾਬ ਦੀ’ ਵੱਲੋਂ ਸ. ਇੰਦਰਜੀਤ ਸਿੰਘ ਰੰਧਾਵਾ ਨੇ ਦੁਖੀ ਪਰਿਵਾਰਾਂ ਨਾਲ ਦੁੱਖ ਸਾਂਝਾ ਕੀਤਾ।

TANDOOR
Indian Restaurant
27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

BUFFET
LUNCH
11:00 AM
To 3:00 PM



ਸੁਰਿੰਦਰ ‘ਕੋਕਾ’ ਧਲੇਤਾ

Contact Us:

Ph. 510-885-1212, Fax. 510-885-1532

We are open seven days 11 AM to 10 PM

# ਸੋਨੇ ਦਾ ਪਹਾੜ ਅਤੇ ਹੀਰੇ ਦੀ ਚੋਟੀ (ਤਥਾਗਤ ਬੁੱਧ)



ਹਰਦੀਪ ਸਿੰਘ ਚੁੰਬਰ
91-94636-01616

ਤਥਾਗਤ ਬੁੱਧ ਦੇ ਕੋ.ਲ ਉਹਨਾਂ ਦਾ ਇਕ ਚੇਲਾ ਅਇਆ ਅਤੇ ਉਸ ਨੇ ਤਥਾਗਤ ਬੁੱਧ ਨੂੰ ਕਿਹਾ ਕਿ ਉਸ ਨੂੰ ਚਾਰ ਸਾਲ ਤੋਂ ਜਿਆਦਾ ਸਮਾਂ ਹੋ ਗਿਆ ਹੈ । ਮੈਂ ਰੋਝ ਆਪ ਦੇ ਦਸੇ ਹੋਏ ਅਨੂਸਾਰ ਧਿਆਨ ਕਰਦਾ ਹਾਂ। ਫਿਰ ਵੀ ਮੈਨੂੰ ਧਿਆਨ ਨਾਲ ਹੁਣ ਤਕ ਕੁੱਝ ਵੀ ਪ੍ਰਾਪਤ ਨਹੀਂ ਹੋਇਆ ਹੈ । ਬਾਕੀ ਸਾਰੇ ਸੰਘਮਿਤਰ ਦਸਦੇ ਹਨ ਕਿ ਉਹਨਾਂ ਨੇ ਧਿਆਨ ਨਾਲ ਕੁੱਝ ਨਾਂ ਕੁੱਝ ਪ੍ਰਾਪਤ ਹੁੰਦਾ ਹੈ । ਪਰ ਮੈਨੂੰ ਕੁੱਝ ਵੀ ਪ੍ਰਾਪਤ ਨਹੀਂ ਹੋਇਆ ਹੈ । ਤੁਸੀਂ ਮੈਨੂੰ ਮੁਆਫ ਕਰਨਾ ਤਥਾਗਤ ਮੇਰੇ ਮਨ ਵਿਚ ਵਿਚਾਰ ਆਉਣ ਲਗਿਆ ਹੈ ਕਿ ਧਿਆਨ ਨਾਲ ਕੁੱਝ ਪ੍ਰਾਪਤ ਹੁੰਦਾ ਵੀ ਹੈ ਜਾਂ ਨਹੀ । ਮੈਨੂੰ ਤਾਂ ਇਹ ਲਗਦਾ ਹੈ ਕਿ ਧਿਆਨ ਨਾਲ ਕੁੱਝ ਵੀ ਪ੍ਰਪਤ ਨਹੀਂ ਪਾਇਆ । ਹਣ ਮੈਨੂੰ ਲਗਣ ਲਗਾ ਹੈ ਕਿ ਧਿਆਨ ਨਾਲ ਕੁੱਝ ਵੀ ਪ੍ਰਾਪਤ ਨਹੀਂ ਹੁੰਦਾ । ਜੋ ਕਹਿੰਦੇ ਹਨ ਕਿ ਧਿਆਨ ਨਾਲ ਉਹਨਾਂ ਨੂੰ ਕੁੱਝ ਮਿਲਿਆ ਹੈ, ਉਹ ਸਾਇਦ ਝੂਠ ਹੀ ਬੋਲਦੇ ਹਨ। ਆਪ ਨੇ ਹੀ ਕਿਹਾ ਸੀ ਕਿ ਆਪਣੀ ਬੁੱਧੀ ਨਾਲ ਖੋਜ ਕਰੋ , ਜਿਸ ਉਤੇ ਤੁਹਾਡੀ ਬੁੱਧੀ ਜਾਕੀਨ ਕਰੇ ਉਸ ਨੂੰ ਹੀ ਮੰਨੋ। ਹੁਣ ਐਨੇ ਸਾਲਾਂ ਤਕ ਧਿਆਨ ਕਰਨ ਤੋਂ ਬਾਅਦ ਹੁਣ ਮੈਨੂੰ ਇਸ ਤਰਾਂ ਲਗਣ ਲਗਾ ਹੈ ਕਿ ਧਿਆਨ ਨਾਲ ਕੁੱਝ ਵੀ ਪ੍ਰਾਪਤ ਨਹੀਂ ਮਿਲਦਾ । ਕਿਰਪਾ ਕਰਕੇ ਤਥਾਗਤ ਤੁਸੀਂ ਮੇਰਾ ਮਾਰਗ ਦਰਸ਼ਨ ਕਰੋ । ਤਥਾਗਤ ਬੁੱਧ ਮੁਸ਼ਕਰਾਏ ਅਤੇ ਉਹਨਾਂ ਕਿਹਾ ਕਿ ਇਸ ਦਾ ਉਤਰ ਮੈਂ ਤੁਹਾਨੂੰ ਕਲ ਸਵੇਰੇ ਦੇਵਾਂਗਾ । ਹੁਣ ਤੁਸੀਂ ਜਾਵੋ ਕੱਲ ਤੁਸੀ ਧਿਆਨ ਸਭਾ ਵਿਚ ਹਾਜਰ ਹੋਣਾ ।

ਅਗਲੀ ਸ਼ੁਭਾ ਤਥਾਗਤ ਧਿਆਨ ਸਭਾ ਵਿਚ ਹਾਜਰ ਆਏ। ਉਹਨਾਂ ਨੇ ਸਾਰੇ ਚੇਲਿਆਂ ਨੂੰ ਕਿਹਾ ਕਿ ਅੱਜ ਮੈ ਤੁਹਾਨੂੰ ਇਕ ਕਹਾਣੀ ਸੁਣਾਵਾਂਗਾ । ਇਸ ਕਹਾਣੀ ਨੂੰ ਧਿਆਨ ਨਾਲ ਸੁਣਨਾਂ । ਇਸ ਕਹਾਣੀ ਨੂੰ ਧਿਆਨ ਦੇ ਸੰਧਰਵ ਵਿਚ ਹੀ ਲੈਣਾ। ਕਹਾਣੀ ਦੇ ਵਿਚ ਹੀ ਨਾਂ ਖੋ ਜਾਣਾ। ਇਹ ਕਹਾਣੀ ਪੂਰਨ ਕਾਲਪਨਿਕ ਹੈ । ਇਹ ਕੁੱਝ ਗਲਾਂ ਨੂੰ ਸਮਝਾਉਣ ਲਈ ਹੀ ਕਹੀ ਜਾ ਰਹੀ ਹੈ । ਤਥਾਗਤ ਬੁੱਧ ਨੇ ਕਿਹਾ ਇਕ ਗੁਰੂ ਆਪਣੇ ਗਿਆਨ ਦੇ ਲਈ ਪ੍ਰਸਿੱਧ ਸਨ । ਕਿਹਾ ਜਾਂਦਾ ਹੈ ਕਿ ਉਸ ਨੇ ਸੋਨੇ ਦਾ ਪਹਾੜ ਜਿਸ ਦੀ ਸਿਖਰ ਵਾਲੀ ਚੋਟੀ ਹੀਰੇ ਦੀ ਬਣੀ ਹੋਈ ਸੀ ਉਸ ਦੀ ਖੋਜ ਕਰ ਲਈ ਸੀ । ਜਿਸ ਨਾਲ ਉਹਨਾ ਨੂੰ ਗਿਆਨ ਦੀ ਪ੍ਰਾਪਤੀ ਵੀ ਹੋਈ ਸੀ । ਉਹ ਗੁਰੂ ਇਕਾਂਤ ਵਿਚ ਜੰਗਲ ਵਿਚ ਰਹਿੰਦੇ ਸਨ । ਉਹਨਾ ਨੇ ਕਿਸੇ ਨੂੰ ਆਪਣਾ ਚੇਲਾ ਨਹੀਂ ਬਣਾਇਆ । ਉਸ ਗੁਰੂ ਦੇ ਵਾਰੇ ਵਿਚ ਜਾਣਕਾਰੀ ਹੋ ਜਾਣ ਉਤੇ ਤਿੰਨਾਂ ਮਿੱਤਰਾਂ ਨੇ ਉਹਨਾਂ ਦੇ ਚੇਲੇ ਬਣਨ ਦਾ ਇੱਛਾ ਕਰ ਨਾਲ ਉਹਨਾਂ ਕੋਲ ਆਏ । ਗੁਰੂ ਨਾ ਉਹਨਾ ਦੀ ਲਗਨ ਅਤੇ ਇੱਛਾ ਸ਼ਕਤੀ ਨੂੰ ਦੇਖਦੇ ਹੋਏ ਉਹਨਾਂ ਨੂੰ ਆਪਣੇ ਚੇਲੇ ਬਣਾ ਲਿਆ । ਤਿੰਨਾ ਮਿੱਤਰਾਂ ਨੇ ਸੋਲਨੇ ਦਾ ਪਹਾੜ ਜਿਸ ਦਾ ਸਿਖਰ ਹੀਰੇ ਦਾ ਸੀ ਦੇ ਬਾਰੇ ਵਿਚ ਪੁੱਛਿਆ । ਗੁਰੂ ਨੇ ਕਿਹਾ ਮੈਂ ਤੁਹਾਨੂੰ ਤਿੰਨਾਂ ਨੂੰ ਬਾਰੀ ਬਾਰੀ ਸਿਰ ਉਹ ਰਸਤਾ ਦਿਖਾਵਾਂਗਾ ਜਿਸ ਰਸਤੇ ਉਤੇ ਚੱਲਕੇ ਤੁਸੀ ਉਸ ਪਹਾੜ ਤਕ ਪਹੁੰਚ ਸਕਦੇ ਹੋ। ਫਿਰ ਗੁਰੂ ਨੇ ਇਕ ਦਿਸ਼ਾ ਵਲ ਇਸ਼ਾਰਾ ਕਰਦੇ ਹੋਏ ਪਹਿਲੇ ਚੇਲੇ ਨੂੰ ਕਿਹਾ ਕਿ ਉਹ ਇਸ ਰਸਤੇ ਉਤੇ ਸਿਧੇ ਜਾਣਾ ਕਿਸੇ ਵੀ ਪਾਸੇ ਨਹੀਂ ਮੁੜਨਾਂ । ਬਿਲਕੁਲ ਸਿਧੇ ਇਸੇ ਦਿਸ਼ਾ ਵਿਚ ਸਿਧੇ ਹੀ ਚਲਦੇ ਜਾਣਾ ਹੈ । ਇਹ ਰਸਤਾ ਤੁਹਾਨੂੰ ਉਸ ਪਹਾੜ ਤਕ ਲੈ ਜਾਵੇਗਾ ਅਤੇ ਜਦੋਂ ਤਕ ਉਸ ਪਹਾੜ ਤਕ ਨਾਂ ਪਹੁੰਚ ਜਾਵੋ ਆਪਣੀ ਯਾਤਰਾ ਮਤ ਰੋਕਣਾ । ਉਹ ਚੇਲਾ ਆਪਣੇ ਗੁਰੂ ਦਾ ਅਸ਼ੀਰਬਾਦ ਲੈਕੇ ਉਸ ਰਸਤੇ ਉਤੇ ਚਲ ਪਿਆ । ਰਸਤੇ ਵਿਚ ਉਸਨੂੰ ਬਰੁਤ ਸੰਘਣਾ ਜੰਗਲ ਮਿਲਿਆ। ਰਸਤੇ ਵਿਚ ਉਸਦੇ ਪੈਰ ਜਖਮੀ ਹੋਏ, ਕੰਡੇ ਲਗੇ, ਜੰਗਲੀ ਕੀੜੇ ਮਕੌੜਿਆਂ ਨੇ ਉਸਨੂੰ ਕਟਿਆ, ਬਹੁਤ ਖਤਰਨਾਕ ਜਾਨਵਰਾਂ ਦਾ ਸਾਹਮਣਾ ਕਰਨਾ ਪਿਆ । ਰਸਤੇ ਵਿਚ ਉਸ ਨੂੰ ਭੁੱਖ ਲਗੀ, ਪਿਆਸ ਲਗੀ, ਜੰਗਲ ਵਿਚੋਂ ਹੀ ਉਸਨੇ ਖਾਣ, ਪੀਣ ਦਾ ਇੰਤਜਾਮ ਕਰ ਲਿਆ । ਇਸ ਤਰਾਂ ਉਸ ਨੇ ਜੰਗਲ ਪਾਰ ਕਰ ਲਿਆ ।

ਇਸ ਤੋਂ ਅਗੇ ਉਸ ਨੂੰ ਮਾਰੂਥਲ ਆਇਆ। ਇਹ ਮਾਰੂਥਲ ਬਹੁਤ ਵੱਡਾ ਸੀ । ਪਾਣੀ ਦਾ ਕੋਈ ਸਾਧਨ ਨਹੀਂ ਸੀ । ਖਾਣ ਲਈ ਉਸਨੇ ਜੰਗਲ ਵਿਚੋ ਕੁੱਝ ਫਸ ਇਕੱਠੇ ਕਰ ਕੇ ਰਖ ਲਏ ਸਨ । ਇਸ ਤਰਾਂ ਵਿਵਸਥਾ ਕਰਦੇ ਕਰਦੇ ਉਸ ਨੂੰ ਕਈ ਦਿਨ ਬੀਤ ਗਏ । ਉਸ ਪਿਆਸ ਚਰਮ ਪਰ ਪਹੁੰਚ ਗਈ । ਉਹ ਪਾਣੀ ਦੀ ਇਕ ਇਕ ਘੁੱਟ ਨੂੰ ਤਰਸਣ ਲਗਾ। ਫਿਰ ਪਹਿਲੀ ਵਾਰ ਉਸ ਦੇ ਮਨ ਵਿਚ ਆਇਆ ਕਿ ਕਿਤੇ ਗੁਰੂ ਨੇ ਉਸ ਨੂੰ ਕਿਤੇ ਗੁਰੂ ਨੇ ਉਸ ਨੂੰ ਗਲਤ ਰਸਤਾ ਤਾਂ ਨਹੀਂ ਦਿਖਾ ਦਿਤਾ, ਅਤੇ ਅਗਰ ਉਹ ਜਿੰਦਾ ਹੀ ਨਾਂ ਰਿਹਾ ਫਿਰ ਉਹ ਪਹਾੜ ਤਕ ਕਿਦਾਂ ਪਹੁੰਚੇਗਾ। ਉਹ ਇਕ ਇਕ ਪਾਣੀ ਦੀ ਬੂੰਦ ਨੂੰ ਤਰਸਣ ਲਗਾ, ਉਸ ਦਾ ਗਲਾ ਸੁੱਕ ਗਿਆ ਅਤੇ ਉਸ ਦਾ ਚਿਹਰਾ ਮੁਰਝਾ ਗਿਆ । ਉਹ ਰੇਤ ਉਤੇ ਗਿਰ ਗਿਆ ਅਤੇ ਬੇਹੋਸ਼ ਹੋਗਿਆ । ਉਸੇ ਸਮੇ ਸਮਾਨ ਵਿਚ ਤੇਜ ਗਰਜਣਾ ਹੋਈ ਘਟਾ ਛਾ ਗਈ ਅਤੇ ਬਾਰਿਸ਼ ਹੋਣ ਲਗੀ । ਕੁੱਝ ਬੂੰਦਾਂ ਉਸ ਦੇ ਚਿਹਰੇ ਉਤੇ ਗਿਰੀਆਂ ਤਾਂ ਜਾ ਕੇ ਉਸ ਨੂੰ ਹੋਸ਼ ਆਇਆ । ਉਸ ਨੇ ਜਲਦੀ ਨਾਲ ਆਪਣਾ ਬਰਤਨ ਪਾਣੀ ਨਾਲ ਭਰ ਲਿਆ । ਫਿਰ ਆਪਣੇ ਰਸਤੇ ਉਤੇ ਚੱਲ ਪਿਆ ਅਤੇ ਅੱਗੇ ਵਧਣ ਲਗਿਆ । ਹੁਣ ਉਸ ਨੇ ਮਾਰੂਥਲ ਪਾਰ ਕਰ ਲਿਆ ਸੀ । ਹੁਣ ਉਸ ਦੇ ਸਾਹਮਣੇ ਇਕ ਵੱਡੀ ਨਦੀ ਆਈ । ਉਹ ਉਸ ਨੇ ਪਾਰ ਕਰਨੀ ਸੀ ਉਸ ਨੇ ਬਾਂਸ ਦੇ ਡੰਡਿਆਂ ਨਾਲ ਇਕ ਕਿਸਤੀ ਬਣਾਈ ਅਤੇ ਉਸ ਵਿਚ ਬੈਠਕੇ ਉਹ ਵੱਡੀ ਨਦੀ ਪਾਰ ਕਰਨ ਲਗਿਆ ਤਾਂ ਨਦੀ ਵਿਚ ਵਵੰਡਰ ਆ ਗਿਆ ਅਤੇ ਉਸ ਦੀ ਕਿਸਤੀ ਡੁੱਬ ਗਈ ਅਤੇ ਉਹ ਡੁਬਣ ਲੱਗਿਆ । ਡੁੱਬਦੇ ਡੁੱਬਦੇ ਉਹ ਸੋਚਣ ਲਗਾ ਕਿ ਪਤਾ ਨਹੀਂ ਗੁਰੂ ਜੀ ਨੇ ਸਹੀ ਰਸਤਾ ਦਿਖਾਇਆ ਵੀ ਹੈ ਜਾਂ ਨਹੀਂ । ਇਥੇ ਤਾਂ ਮੈਂ ਬਾਰ ਬਾਰ ਮੌਤ ਦੇ ਕਰੀਬ ਪਹੁੰਚ ਰਿਹਾ ਹਾਂ ਹੁ ਤਾਂ ਮੈਂ ਡੁੱਬ ਹੀ ਜਾਵਾਂਗਾ । ਉਸੇ ਸਮੇਂ ਕੁੱਝ ਵਿਅਕਤੀਆਂ ਨੇ ਉਸ ਨੂੰ ਨਦੀ ਵਿਚੋਂ ਬਾਹਰ ਕੱਢਿਆ ਅਤੇ ਉਸ ਦੀ ਜਾਨ ਬਚਾਈ । ਉਹਨਾਂ ਲੋਕਾਂ ਨੇ ਦਸਿਆ ਕਿ ਉਹ ਨਾਲ ਦੇ ਹੀ ਪਿੰਡ ਦੇ ਮਛਵਾਰੇ ਹਨ । ਉਹ ਚੇਲਾ ਉਹਨਾਂ ਦੇ ਨਾਲ ਚਲਾ ਗਿਆ । ਉਹ ਉਹਨਾਂ ਨਾਲ ਕੁੱਝ ਭੋਜਨ ਕਰਕੇ ਅਤੇ ਕੁੱਝ ਨਾਲ ਲੈਕੇ ਆਪਣੀ ਯਾਤਰ ਉਤੇ ਫਿਰ ਤੋਂ ਚਲ ਪਿਆ । ਉਹ ਸਿੱਧੇ ਰਸਤੇ ਉਤੇ ਹੀ ਚਲ ਰਿਹਾ ਸੀ । ਚਲਦੇ ਚਲਦੇ ਉਹ ਇਕ ਐਸੀ ਜਗਾ ਪਹੁੰਚ ਗਿਆ ਜਿਥੇ ਰਸਤਾ ਖਤਮ ਹੋ ਗਿਆ । ਉਸਤੋਂ ਅਗੇ ਬੜੀ ਵੱਡੀ ਅਤੇ ਵਿਸ਼ਾਲ ਗਹਿਰੀ ਖਾਈ ਸੀ । ਇਸ ਨੂੰ ਦੇਖ ਕੇ ਉਹ ਜੋਰ ਨਾਲ ਚਿਲਾਇਆ ਅਤੇ ਬੋਲਿਆ ਕਿ ਗੁਰੂ ਨੇ ਉਸ ਨੂੰ ਗਲਤ ਰਸਤਾ ਦਿਖਾ ਦਿਤਾ ਹੈ । ਇਸ ਤੋਂ ਅਗੇ ਕੋਈ ਰਸਤਾ ਹੀ ਨਹੀਂ ਹੈ ਨਾਂ ਹੀ ਅੱਗੇ ਕੋਈ ਸੋਨੇ ਦਾ ਪਹਾੜ ਹੈ ਜਿਸ ਦਾ ਸਿਰ ਹੀਰੇ ਦਾ ਹੋਵੇ । ਸਭ ਵਿਅਰਥ ਹੋ ਗਿਆ । ਮੇਰੀ ਐਨੀ ਲੰਬੀ ਯਾਤਰਾ ਵਿਅਰਥ ਹੋ ਗਈ । ਇਥੇ ਤਾਂ ਕੁੱਝ ਵੀ ਨਹੀਂ ਹੈ । ਉਹ ਤੁਰੰਤ ਮੁੜਿਆ ਅਤੇ ਯਾਤਰਾ ਕਰ ਆਪਣੇ ਗੁਰੂ ਦੇ ਕੋਲ ਪਹੁੰਚਿਆ ਅਤੇ ਫੇਰ ਆਪਣੇ ਗੁਰੂ ਜੀ ਨੂੰ ਬੋਲਿਆ, ਹੇ ਗੁਰੂਦੇਵ ਮੈਂ ਉਸ ਰਸਤੇ ਉਤੇ ਚਲਿਆ ਜੋ ਰਸਤਾ ਤੁਸੀ ਮੈਨੂੰ ਦਿਖਾਇਆ ਸੀ, ਮੈਨੂੰ ਉਥੇ ਕੁੱਝ ਵੀ ਨਹੀਂ ਮਿਲਿਆ । ਸੋਨੇ ਦਾ ਪਹਾੜ ਤਾਂ ਮੈਨੂੰ ਕਿਤੇ ਦਿਖਾਈ ਹੀ ਨਹੀਂ ਦਿਤਾ । ਜੋ ਰਸਤਾ ਤੁਸੀਂ ਮੈਨੂੰ ਦਿਖਾਇਆ ਸੀ ਉਹ ਅਗੇ ਜਾ ਕੇ ਖਤਮ ਹੋ ਜਾਂਦਾ ਹੈ, ਅਗੇ ਤਾਂ ਬਹੁਤ ਗਹਿਰੀ ਖਾਈ ਹੈ । ਤਾਂ ਤਥਾਗਤ ਬੁੱਧ ਨੇ ਕਿਹਾ ਕਿ ਤੁਸੀ ਰਸਤੇ ਵਿਚ ਕੀ ਸਿੱਖਿਆ । ਚੇਲਾ ਬੋਲਿਆ, ਗੁਰੂਦੇਵ ਰਸਤੇ ਵਿਚ ਕੀ ਸਿੱਖਿਆ ਜਾ ਸਕਦਾ ਹੈ, ਮੈਂ ਤਾਂ ਉਸ ਪਹਾੜ ਨੂੰ ਖੋਜਣ ਗਿਆ ਸੀ। ਰਸਤਾ ਬਹੁਤ ਕਠਿਨ ਸੀ ਬਹੁਤ ਖਤਰੇ ਸਨ ਫਿਰ ਵੀ ਮੈਂ ਉਸ ਰਸਤੇ ਉਤੇ ਚਲਦਾ ਗਿਆ ਸਾਰੀਆਂ ਕਠਨਾਈਆਂ ਨੂੰ ਪਾਰ ਕੀਤਾ ਕਿਉਂਕਿ ਮੈਂ ਤਾਂ ਉਸ ਪਹਾੜ ਨੂੰ ਖੋਜਣ ਗਿਆ ਸੀ ਲੇਕਿਨ ਮੈਨੂੰ ਕੁੱਝ ਨਹੀਂ ਮਿਲਿਆ । ਫਿਰ ਉਸ ਗੁਰੂ ਨੇ ਕਿਹਾ, ਤੁਸੀ ਹੁਣ ਰੁਕੋ ਮੈਂ ਹੁਣ ਤੁਹਾਡੇ ਦੂਜੇ ਭਾਈ ਨੂੰ ਭੇਜਦਾ ਹਾਂ। ਤਾਂ ਚੇਲਾ ਬੋਲਿਆ ਉਸ ਨੂੰ ਵੀ ਕੁੱਝ ਨਹੀ ਮਿਲੇਗਾ, ਉਤੇ ਕੁੱਝ ਹੈ ਹੀ ਨਹੀਂ।



ਗੁਰੂ ਨੇ ਆਪਣੇ ਦੂਜੇ ਚੇਲੇ ਨੂੰ ਉਸੇ ਹੀ ਰਸਤੇ ਉਤੇ ਭੇਜਿਆ। ਉਹ ਚੇਲਾ ਗੁਰੂ ਦਾ ਅਸ਼ੀਰਬਾਦ ਲੈਕੇ ਉਸ ਰਸਤੇ ਉਤੇ ਨਿਕਲ ਪਿਆ । ਕਈ ਦਿਨਾਂ ਪਿੱਛੋਂ ਉਹ ਵੀ ਗੁਰੂ ਕੋਲ ਵਾਪਿਸ ਪਰਤ ਆਇਆ। ਗੁਰੂ ਨੇ ਪੁੱਛਿਆ ਕਿ ਕੀ ਉਸ ਨੂੰ ਉਹ ਪਹਾੜ ਮਿ-ਲਿਆ। ਚੇਲਾ ਬੋਲਿਆ, ਨਹੀਂ ਗੁਰੂਦੇਵ ਮੈਨੂੰ ਉਹ ਪਹਾੜ ਨਹੀਂ ਮਿਲਿਆ, ਰਸਤੇ ਦੇ ਆਖੀਰ ਵਿਚ ਇਕ ਗਹਿਰੀ ਖਾਈ ਸੀ, ਤਾਂ ਮੈਨੂੰ ਲਗਿਆ ਕਿ ਮੈਂ ਸਾਇਦ ਆਪ ਦੇ ਦਿਖਾਏ ਰਸਤੇ ਤੋਂ ਭਟਕ ਗਿਆ ਹਾਂ ਤਾਂ ਮੈਂ ਤੁਹਾਡੇ ਕੋਲ ਵਾਪਿਸ ਆਇਆ ਹਾਂ । ਤਾਂ ਫਿਰ ਗੁਰੂ ਨੇ ਕਿਹਾ, ਤੂੰ ਇਸ ਪੂਰੇ ਰਸਤੇ ਵਿਚ ਕੀ ਸਿੱਖਿਆ । ਤਾ ਫਿਰ ਉਸ ਚੇਲੇ ਨੇ ਕਿਹਾ , ਹੇ ਗੁਰੂਦੇਵ ਮੈਂ ਇਸ ਸਥਾਨ ਤੋਂ ਜਾਤਰਾ ਸੂਰੂ ਕੀਤੀ, ਸੰਘਣੇ ਜੰਗਲਾਂ ਵਿਚੋਂ ਹੋ ਕੇ ਮੈਣ ਯਾਤਰਾ ਸੂਰੂ ਕੀਤੀ । ਉਸ ਸੰਘਣੇ ਚੰਗਲ ਵਿਚ ਮੈਂ ਦੇਖਿਆ ਕਿਸ ਤਰਾਂ ਜੀਵਨ ਚੱਕਰ ਚਲ ਰਿਹਾ ਹੈ । ਕਿਸ ਤਰਾਂ ਸਾਰੇ ਜੀਵ ਇਕ ਦੂਜੇ ਉਤੇ ਨਿਰਭਰ ਹਨ ਅਤੇ ਇਕ ਦੂਜੇ ਦਾ ਭੋਜਨ ਵੀ ਹਨ । ਜੰਗਲ ਪਾਰ ਕਰਨ ਤੋਂ ਬਾਅਦ ਮੈਂ ਇਕ ਮਾਰੂਥਲ ਦੇਖਿਆ । ਉਹ ਮਾਗੂਥਲ ਬਹੁਤ ਵੱਡਾ ਸੀ ਉਥੇ ਮੇਰਾ ਭੋਜਨ ਅਤੇ ਪਾਣੀ ਦੋਨੋ ਖਤਮ ਹੋ ਗਏ । ਇਕ ਸਮਾ ਐਸਾ ਆਇਆ ਜਦੋਂ ਮੈਂ ਆਪਣੇ ਆਪ ਨੂੰ ਮੌਤ ਦੇ ਕਰੀਬ ਪਾਇਆ ਤਾਂ ਮੈਨੂੰ ਪਤਾ ਲਗਿਆ ਕਿ ਮੌਤ ਦੇ ਕਰੀਬ ਕਿਦਾਂ ਮਹਿਸੂਸ ਹੁੰਦਾ ਹੈ । ਗੁਰੂ ਜੀ ਅਸੀਂ ਆਪਣੇ ਸਾਹਾਂ ਦੀ ਗਿਣਤੀ ਨਹੀਂ ਕਰਦੇ ਪਰ ਆਖੀਰ ਸਮੇਂ ਉਤੇ ਇਕ ਇਕ ਸਾਂਹ ਬਹੁਤ ਕੀਮਤੀ ਲਗਦਾ ਹੈ । ਹਰ ਇਕ ਸਾਂਹ ਲੈਣ ਦੇ ਬਾਅਦ ਲਗਦਾ ਹੈ ਕਿ ਦੂਜੀ ਸਾਂਹ ਆਏਗਾ ਵੀ ਜਾਂ ਨਹੀਂ । ਫਿਰ ਮੈਂ ਅਕਾਸ਼ ਤੋਂ ਅੰਮ੍ਰਿਤ ਨੂੰ ਵਰਸ਼ਦੇ ਹੋਏ ਦੇਖਿਆ । ਉਸ ਅੰਮ੍ਰਿਤ ਰੂਪੀ ਪਾਣੀ ਨਾਲ ਮੇਰੇ ਸਰੀਰ ਵਿਚ ਫਿਰ ਤੋਂ ਜੀਵਨ ਸੰਚਾਰਿਤ ਹੋਇਆ । ਉਹ ਪਾਣੀ ਬੜਾ ਹੀ ਸਵਾਦੀ ਸੀ । ਮੈਂ ਅੱਜ ਤੱਕ ਐਨਾ ਸਵਾਦੀ ਪਾਣੀ ਕਦੀ ਵੀ ਨਹੀਂ ਪੀਤਾ ।ਫਿਰ ਜਾ ਕੇ ਮੈਂ ਜਾਣਿਆ ਕਿ ਪਾਣੀ ਤੋਂ ਇਲਾਵਾ ਕੋਈ ਹੋਰ ਅੰਮ੍ਰਿਤ ਨਹੀਂ ਹੈ ਤਾਂ ਜਾ ਕੇ ਮੈਂ ਉਹ ਮਾਰੂਥਲ ਪਾਰ ਕੀਤਾ । ਇਰ ਮੈਂ ਅਗੇ ਦੇਖੀ ਇਕ ਨਦੀ ਉਹ ਨਦੀ ਬੜੀ ਹੀ ਵਿਸ਼ਾਲ ਸੀ । ਉਸ ਦਾ ਪਾਣੀ ਬਹੁਤ ਸਾਫ ਸੀ । ਉਹ ਨਦੀ ਬਹੁਤ ਸੁੰਦਰ ਦਿਖਾਈ ਦਿੰਦੀ ਸੀ। ਉਸ ਦੀ ਹਵਾ ਵਿਚ ਇਕ ਖੁਸ਼ਬੂ ਸੀ । ਇਰ ਮੈਂ ਬਾਂਸ ਦੇ ਡੰਡਿਆਂ ਨੂੰ ਇਕਠਾ ਕੀਤਾ ਅਤੇ ਇਕ ਕਿਸ਼ਤੀ ਦਾ ਨਿਰਮਾਣ ਕੀਤਾ ਅਤੇ ਨਦੀ ਨੂੰ ਪਾਰ ਕਰਨ ਲਗਾ । ਉਸੇ ਸਮੇਂ ਨਦੀ ਵਿਚ ਵਵੰਡਰ ਆ ਗਿਆ । ਮੇਰੀ ਕਿਸ਼ਤੀ ਪਲਟੀ ਅਤੇ ਡੁੱਬ ਗਈ, ਮੈਂ ਵੀ ਡੁੱਬਣ ਲਗਾ । ਮੈਨੂੰ ਉਥੇ ਕਈ ਮਛਵਾਰੀਆਂ ਨੇ ਬਚਾਇਆ । ਮੈਨੂੰ ਪਤਾ ਲਗਾ ਕਿ ਮੁਸੀਬਤ ਆਉਣ ਤੇ ਅਸੀਂ ਬਚਾਉਣ ਵਈ ਪੁਕਾਰਦੇ ਹਾਂ ਅਤੇ ਸੋਚਦਾ ਦਾਂ ਕੇ ਕੋਈ ਆਕੇ ਸਾਡੀ ਸਹਾਇਤਾ ਕਰੇਗਾ । ਲੇਕਿਨ ਜਦੋਂ ਜੀਵਨ ਭਰ ਜਦੋਂ ਦੂਜਿਆਂ ਨੂੰ ਸਹਾਇਤਾ ਦੀ ਜਰੂਰਤ ਹੁੰਦੀ ਹੈ ਤਾਂ ਅਸੀ ਸਹਾਇਤਾ ਲਈ ਅਗੇ ਨਹੀਂ ਆਉਂਦੇ । ਮੈਂ ਜੀਵਨ ਭਰ ਕਦੀ ਕਿਸੀ ਦੀ ਸਹਾਇਤਾ ਨਹੀਂ ਕੀਤੀ ਪਰ ਮੈਂ ਦੇਖਿਆ ਮੇਰੀ ਮਛਵਾਰਿਆਂ ਨੇ ਸਹਾਇਤਾ ਕੀਤੀ ਅਤੇ ਮੇਰੇ ਜੀਵਨ ਨੂੰ ਬਚਾਇਆ। ਉਸ ਤੋਂ ਬਾਅਦ ਮੈਂ ਉਹਨਾਂ ਮਛਵਾਰਿਆਂ ਨਾਲ ਉਹਨਾਂ ਦੇ ਪਿੰਡ ਗਿਆ, ਮੈਂ ਉਸ ਪਿੰਡ ਵਿਚ ਜੀਵਨ ਦੇ ਕਈ ਰੰਗ ਦੇਖੇ । ਮੈਂ ਫਿਰ ਬੱਚਿਆਂ ਨੂੰ ਭੁੱਖ ਨਾਲ ਤੜਪਦੇ ਦੇਖਿਆ। ਦੋਸ਼ੀ ਸਾਬਿਤ ਹੋਣ ਉਤੇ ਮੈਂ ਇਕ ਵਿਅਕਤੀ ਦੀ ਹਤਿਆ ਹੁੰਦੀ ਦੇਖੀ, ਇਕ ਪਤੀ ਦੇ ਮਰ ਜਾਣ ਤੇ ਉਸ ਦੀ ਪਤਨੀ ਨੂੰ ਵਿਲਕਦੇ ਹੋਏ ਦੇਖਿਆ । ਉਥੇ ਇਕ ਬੱਚੇ ਨੂੰ ਦੇਖਿਆ ਜੋ ਬਹੁਤ ਬਿਮਾਰ ਸੀ, ਜੜੀ ਬੂਟੀ ਦਾ ਮੈਨੂੰ ਗਿਆਨ ਹੈ , ਇਸੇ ਨਾਲ ਮੈਂ ਉਸ ਬੱਚੇ ਦੀ ਜਾਨ ਬਚਾਈ । ਤਾਂ ਫਿਰ ਮੈਨੂੰ ਪਤਾ ਲਗਿਆ ਕਿ ਦੂਸਰਿਆਂ ਦੀ ਮਦਦ ਕਰਨ ਦਾ ਜੋ ਆਨੰਦ ਮਿਲਦਾ ਹੈ ਉਹ ਕਿਸੇ ਹੋਰ ਚੀਜ ਵਿਚ ਨਹੀਂ ਹੈ । ਆਪਣੇ ਕੋਲ ਭੋਜਨ ਨਾਂ ਹੋਣ ਤੇ ਵੀ ਮੈਨੂੰ ਉਹਨਾਂ ਪਿੰਡ ਵਾਲਿਆਂ ਨੇ ਮੈਨੂੰ ਭੋਜਨ ਅਤੇ ਪਾਣੀ ਦਿਤਾ, ਜਿਸ ਨਾਲ ਕਿ ਮੈਂ ਆਪਣੀ ਯਾਤਰਾ ਸੂਰੂ ਕਰ ਸਕਾਂ ਅਤੇ ਮੈਂ ਫਿਰ ਆਪਣੀ ਯਾਤਰਾ ਉਤੇ ਨਿਕਲ ਗਿਆ । ਅਗੇ ਚਲਦੇ ਚਲਦੇ ਫਿਰ ਉਹ ਰਸਤਾ ਇਕ ਜਗਾ ਜਾਕੇ ਉਹ ਰਸਤਾ ਖਤਮ ਹੋਗਿਆ, ਅਗੇ ਇਕ ਬਹੁਤ ਵੱਡੀ ਖਾਈ ਸੀ । ਉਹ ਬੂਹਤ ਵਿਸ਼ਾਲ ਖਾਈ ਸੀ । ਉਹ ਬੂਹਤ ਗਹਿਰੀ ਸੀ । ਉਸ ਦੀਆਂ ਗਹਿਰਾਈਆਂ ਵਿਚ ਆਨੰਤ ਸ਼ਾਤੀ ਸੀ । ਉਥੇ ਕੋਈ ਆਵਾਜ ਨਹੀਂ ਸੀ । ਮੈਨੂੰ ਸਿਰਫ ਆਪਣੇ ਸਾਹਾਂ ਦੀ ਆਵਾਜ ਹੀ ਸੁਣਾਈ ਦੇ ਰਹੀ ਸੀ । ਫਿਰ ਮੈਂ ਸੋਚਿਆ ਕਿ ਸ਼ਾਇਦ ਮੈਂ ਆਪ ਦੇ ਦਸੇ ਹੋਏ ਰਸਤੇ ਤੋਂ ਭਟਕ ਗਿਆ ਹਾਂ ਅਤੇ ਮੈਂ ਗਲਤ ਰਸਤੇ ਉਤੇ ਆਗਿਆ ਹਾਂ ਇਸੇ ਲਈ ਮੈਨੂੰ ਉਥੇ ਸੋਨੇ ਦਾ ਪਹਾੜ ਨਹੀਂ ਦਿਖਾਈ ਦੇ ਰਿਹਾ । ਫਿਰ ਮੈਂ ਉਸ ਸਥਾਨ ਤੋ ਆਪ ਦੇ ਕੋਲ ਵਾਪਿਸ ਆਗਿਆ ਤਾਂ ਕਿ ਮੈਂ ਆਪਜੀ ਤੋਂ ਮਾਰਗ ਪੁੱਛ ਸਕਾਂ । ਹੇ ਗੁਰੂਦੇਵ ਕੀ ਮੈਂ ਗਲਤ ਰਸਤੇ ਉਤੇ ਸੀ । ਤਥਾਗਤ ਨੇ ਕਿਹਾ ਨਹੀਂ ਤੂੰ ਸਹੀ ਰਸਤੇ ਉਤੇ ਸੀ ਤੈਨੂੰ ਜਲਦੀ ਉਹ ਪਹਾੜ ਵੀ ਮਿਲ ਜਾਵੇਗਾ ।

ਫਿਰ ਗੁਰੂ ਨੇ ਤੀਜੇ ਚੇਲੇ ਨੂੰ ਕਿਹਾ ਕਿ ਤੂੰ ਵੀ ਉਹ ਸੋਨੇ ਦੇ ਪਹਾੜ ਨੂੰ ਖੋਜਣਾ ਚਾਹੇਗੇ । ਉਹ ਤੀਜਾ ਚੇਲਾ ਬੋਲਿਆ, ਹੇ ਗੁਰੂਦੇਵ ਮੈਨੂੰ ਉਸ ਰਸਤੇ ਉਤੇ ਪਹਾੜ ਮਿਲੇਗਾ ਜਾਂ ਨਹੀਂ ਮਿਲੇਗਾ ਇਹ ਤਾਂ ਮੈਂ ਨਹੀਂ ਜਾਣਦਾ ਲੇਕਿਨ ਮੇਰੇ ਦੂਜੇ ਗੁਰੂਭਾਈ ਨੇ ਜੋ ਰਸਤਾ ਦੀ ਵਿਆਖਿਆ ਕੀਤੀ ਹੈ ਮੈਂ ਉਸ ਰਸਤੇ ਉਤੇ ਚਲਕੇ ਦੇਖਣਾ ਚਾਹਾਂਗਾ । ਫਿਰ ਉਹ ਚੇਲਾ ਆਪਣੇ ਗੁਰੂ ਦਾ ਅਸ਼ੀਰਵਾਦ ਲੈਕੇ ਉਸ ਰਸਤੇ ਉਤੇ ਚਲ ਪਿਆ । ਕੁੱਝ ਦਿਨਾਂ ਬਾਅਦ ਉਹ ਚੇਲਾ ਵੀ ਵਾਪਸ ਪਰਤ ਆਇਆ । ਗੁਰੂ ਨੇ ਉਸ ਦੀ ਚਾਲ ਦੇਖ ਹੀ ਜਾਣ ਲਿਆ ਕਿ ਉਸ ਨੂੰ ਪਹਾੜ ਮਿਲ ਗਿਆ ਹੈ । ਉਸ ਚੇਲੇ ਦੇ ਅੰਦਰ ਅਲਗ ਚਮਕ ਸੀ ਉਹ ਸ਼ਾਤ ਸੀ। ਉਸ ਚੇਲੇ ਨੇ ਗੁਰੂ ਨੂੰ ਪ੍ਰਣਾਮ ਕਰਦੇ ਹੋਏ ਕਿਹਾ, ਹੇ ਗੁਰੂਦੇਵ ਮੈਨੂੰ ਜੋ ਮਾਰਗ ਆਪ ਨੇ ਦਿਖਾਇਆ ਮੈਂ ਆਪ ਦਾ ਬਹੁਤ ਸ਼ੁਕਰਗੁਜਾਰ ਹਾਂ । ਮੈਨੂੰ ਉਹ ਸੋਲੇ ਦਾ ਪਹਾੜ ਜਿਸ ਦਾ ਸੀਸ਼ ਹੀਰੇ ਦਾ ਹੈ ਮਿਲ ਗਿਆ ਹੈ । ਪਹਿਲੇ ਅਤੇ ਦੂਜੇ ਗੁਰੂਭਾਈ ਨੇ ਕਿਹਾ ਕਿ ਹੇ ਗੁਰੂਭਾਈ ਤੁਸੀ ਤਾਂ ਸੰਪੂਰਨ ਬਦਲ ਗਏ ਹੋ । ਕੀ ਤੁਹਾਨੂੰ ਵੀ ਉਹ ਗਹਿਰੀ ਖਾਈ ਮਿਲੀ ਜਿਥੇ ਰਸਤਾ ਖਤਮ ਹੋ ਜਾਂਦਾ ਹੈ । ਉਸ ਨੇ ਕਿਹਾ ਕਿ ਹਾਂ ਮੈਨੂੰ ਵੀ ਉਹ ਖਾਈ ਮਿਲੀ । ਉਸ ਖਾਈ ਤਕ ਪਹੁੰਚਣ ਤਕ ਮੈਂ ਵੀ ਉਸ ਤਰਾਂ ਦੇ ਅਨੁਭਵ ਕੀਤੇ ਜਿਸ ਤਰਾਂ ਮੇਰੇ ਦੂਜੇ ਗੁਰੂਭਈ ਨੇ ਕੀਤੇ ਸਨ । ਜਦੋਂ ਮੈਂ ਖਾਈ ਤਕ ਪਹੁੰਚਿਆ ਤਾਂ ਮੈਂ ਦੇਖਿਆ ਕਿ ਉਸ ਖਾਈ ਵਿਚ ਆਨੰਤ ਸ਼ਾਤੀ ਸੀ । ਐਨੀ ਸ਼ਾਤੀ ਇਸ ਤੋਂ ਪਹਿਲਾਂ ਮੈਂ ਕਦੇ ਕਦੀ ਵੀ ਮਹਿਸੂਸ ਨਹੀਂ ਕੀਤੀ ਸੀ । ਹੁਣ ਤਕ ਮੈਨੂੰ ਉਹ ਪਹਾੜ ਨਹੀਂ ਮਿਲਿਆ ਸੀ ਜੋ ਗੁਰੂਦੇਵ ਨੇ ਦਸਿਆ ਸੀ । ਮੈਨੂੰ ਪਤਾ ਸੀ ਕਿ ਮੈਂ ਹੁਣ ਤਕ ਸਿਧੇ ਰਸਤੇ ਉਤੇ ਹਾਂ ਜੋ ਮੈਨੂੰ ਗੁਰੂਦੇਵ ਨੇ ਦੱਸਿਆ ਸੀ । ਪਹਾੜ ਅਗੇ ਹੀ ਹੋਵੇਗਾ ਜਿਸ ਤਰਾਂ ਗੁਰੂਦੇਵ ਨੇ ਮੈਨੂੰ ਦਸਿਆ ਸੀ । ਇਸ ਲਈ ਮੈਂ ਆਪਣੇ ਕਦਮ ਉਸ ਖਾਈ ਵੱਲ ਵਧਾ ਦਿਤੇ । ਖਾਈ ਵਿਚ ਕਦਮ ਰਖਣ ਤੋਂ ਪਹਿਲਾਂ ਮੇਰੇ ਮਨ ਵਿਚ ਬਹੁਤ ਸਾਰੀਆਂ ਸੰਕਾਵਾ ਉੱਠ ਰਹੀਆਂ ਸਨ । ਮੈਂ ਦੋ ਬਾਰ ਮੌਤਾਂ ਨੂੰ ਰਸਤੇ ਵਿਚ ਬਹੁਤ ਨੇੜਿਉਂ ਦੇਖਿਆ ਸੀ । ਇਸ ਲਈ ਮੈਨੂੰ ਮੌਤ ਦਾ ਡਰ ਨਹੀ ਸੀ, ਮੈਂ ਸਿਰਫ ਅਗੇ ਵਧਣਾ ਚਾਹੁੰਦਾ ਸੀ । ਇਸ ਲਈ ਮੈਂ ਆਪਣਾ ਪਹਿਲਾ ਕਦਮ ਖਾਈ ਵਿਚ ਰਖ ਦਿਤਾ । ਖਾਈ ਵਿਚ ਕਦਮ ਰਖਣ ਤੇ ਮੈਂ ਦਿਖਿਆ ਕਿ ਮੈਂ ਨੀਚੇ ਦੀ ਤਰਫ ਨਹੀਂ ਡਿਗ ਰਿਹਾ, ਬਲਕਿ ਮੈਂ ਉਪਰ ਦੀ ਤਰਫ ਉਡ ਰਿਹਾ ਹਾਂ । ਤਾਂ ਮੈ ਦਿਖਿਆ ਕਿ ਮੇਰੇ ਪੈਰ ਜਮੀਨ ਉਤੇ ਨਹੀਂ ਪੈ ਰਹੇ ਸਗੋਂ ਮੈਂ ਹਵਾ ਵਿਚ ਉਡ ਰਿਹਾ ਹਾਂ ਅਤੇ ਮੈਂ ਖਾਈ ਦੇ ਉਪਰ ਚੱਲ ਰਿਹਾ ਹਾਂ । ਇਸੇ ਤਰਾਂ ਚਲਕੇ ਮੈਂ ਖਾਈ ਪਾਰ ਕੀਤੀ । ਉਹ ਖਾਈ ਪਾਰ ਕਰਨ ਤੋਂ ਬਾਅਦ ਮੈਨੂੰ ਹਨੇਰਾ ਦਿਖਾਈ ਦਿਤਾ । ਉਸ ਹਲੇਰੇ ਦੇ ਪਾਰ ਮੈਨੂੰ ਇਕ ਪ੍ਰਕਾਸ਼ ਦੀ ਕਿਰਨ ਵੀ ਨਹੀਂ ਦਿਖਾਈ ਦੇ ਰਹੀ ਸੀ । ਉਹ ਬਹੁਤ ਹੀ ਭਿਆਨਕ ਹਨੇਰਾ ਸੀ ਜਿਸ ਵਿਚ ਮੈਂ ਖੋ ਗਿਆ ਸੀ । ਮੈਂ ਸਿੱਧਾ ਹੀ ਚਲਦਾ ਗਿਆ । ਉਸ ਤੋਂ ਬਾਅਦ ਮੈਨੂੰ ਬਹੁਤ ਪ੍ਰਕਾਸ਼ ਦਿਖਾਈ ਦਿਤਾ । ਉਹ ਪ੍ਰਕਾਸ਼ ਵੀ ਐਨਾਂ ਪ੍ਰਕਾਸ਼ ਸੀ ਕਿ ਮੈਨੂੰ ਕੁੱਝ ਵੀ ਦਿਖਾਈ ਨਹੀਂ ਦੇ ਰਿਹਾ ਸੀ । ਮੈਂ ਫਿਰ ਵੀ ਉਸੇ ਹੀ ਰਾਹ ਉਤੇ ਚਲਦਾ ਰਿਹਾ । ਮੇਰੇ ਉਤੇ ਡਰ ਹਾਵੀ ਹੁੰਦਾ ਰਿਹਾ, ਮੈਂ ਭੈਭੀਤ ਸੀ । ਅੰਦਰ ਤੋਂ ਮੈਂ ਕੰਬ ਰਿਹਾ ਸੀ । ਮੈਂ ਅੰਦਰ ਤੋਂ ਬਹੁਤ ਡਰਿਆ ਹੋਇਆ ਸੀ । ਫਿਰ ਉਹ ਪ੍ਰਕਾਸ਼ ਵੀ ਚਲਾ ਗਿਆ ਅਤੇ ਮੇਰੀਆਂ ਅੱਖਾ ਵਿਚ ਕੁੱਝ ਰੋਸ਼ਨੀ ਆਈ । ਮੈਂ ਦੇਖਿਆ ਉਹ ਪਹਾੜ ਜੋ ਸੋਨੇ ਦਾ ਬਣਿਆ ਸੀ ਅਤੇ ਉਸ ਦਾ ਸੀਸ਼ ਹੀਰੇ ਦਾ ਬਣਿਆ ਸੀ । ਉਸ ਪਹਾੜ ਉਤੇ ਚੜਕੇ ਫਿਰ ਮੈਂ ਉਸ ਦੇ ਸਿਖਰ ਤਕ ਪਹੁੰਚਿਆ । ਉਸ ਸਮੇਂ ਮੈਨੂੰ ਕਿਸੇ ਵੀ ਚੀਜ ਦਾ ਡਰ ਨਹੀਂ ਸੀ । ਨਾਂ ਕੋਈ ਡਰ ਸੀ ਨਾਂ ਕੋਈ ਇੱਛਾ ਸੀ ਨਾਂ ਹੀ ਕੋਈ ਆਸ਼ਾ ਅਤੇ ਨਾਂ ਹੀ ਕੋਈ ਨਿਰਾਸ਼ਾ ਸੀ । ਕਿਸੇ ਤਰਾਂ ਦੇ ਗਿਆਨ ਨੂੰ ਪ੍ਰਾਪਤ ਕਰਨ ਦੀ ਜਗਿਆਸ਼ਾ ਵੀ ਨਹੀਂ ਸੀ । ਕੇਵਲ ਆਨੰਤ ਸ਼ਾਤੀ ਅਤੇ ਕੇਵਲ ਆਨੰਤ । ਤਾਂ ਫਿਰ ਮੈਨੂੰ ਗੁਰੂ ਜੀ ਤੁਹਾਡਾ ਖਿਆਲ ਆਇਆ ਅਤੇ ਮੈਂ ਤੁਹਾਨੂੰ ਮਿਲਣ ਚਲਾ ਆਇਆ ।

ਤਥਾਗਤ ਬੁੱਧ ਨੇ ਇਹ ਕਹਾਣੀ ਆਪਣੇ ਚੇਲਿਆਂ ਨੂੰ ਸੁਣਾਈ ਅਤੇ ਆਪਣੇ ਚੇਲਿਆਂ ਨੂੰ ਪੁੱਛਿਆ ਕਿ ਧਿਆਨ ਦੇ ਸਬੰਧ ਵਿਚ ਤੁਹਾਨੂੰ ਇਸ ਕਹਾਣੀ ਤੋਂ ਤੁਹਾਨੂੰ ਕੀ ਮਿਲਿਆ । ਤਥਾਗਤ ਬੁੱਧ ਦੇ ਚੇਲੇ ਸਾਰਵੀ ਪੁੱਤਰ ਤਥਾਗਤ ਦੇ ਸਾਹਮਣੇ ਹੱਥ ਜੋੜਕੇ ਖੜੇ ਹੋ ਗਏ ਅਤੇ ਉਹਨਾਂ ਨੇ ਕਿਹਾ ਕਿ ਹੇ ਤਥਾਗਤ ਬੁੱਧ ਉਹਨਾਂ ਤਿੰਨਾਂ ਚੇਲਿਆਂ ਨੂੰ ਜੋ ਰਸਤਾ ਦਿਖਾਇਆ ਉਹ ਉਹਨਾਂ ਦੇ ਅੰਤਰ ਮਨ ਦਾ ਸੀ । ਪਹਿਲੇ ਚੇਲੇ ਦੀ ਨਿਸ਼ਠਾ ਅਤੇ ਲਗਨ ਸਹੀ ਸੀ ਲੇਕਿਨ ਉਹ ਮਹਤਵਕਾਂਕਸ਼ੀ ਸੀ । ਆਪਣੇ ਧਿਆਨ ਮਾਰਗ ਉਤੇ ਚਲਦੇ ਹੋਏ ਉਸ ਚੇਲੇ ਨੇ ਮਾਰਗ ਹੋਨੇ ਵਾਲੇ ਗਿਆਨ ਉਤੇ ਧਿਆਨ ਹੀ ਨਹੀਂ ਦਿਤਾ । ਉਹ ਪੂਰਨ ਰੂਪ ਵਿਚ ਮਹਤਵਕਾਂਕਸ਼ੀ ਹੋ ਗਿਆ ਉਸ ਪਹਾੜ ਨੂੰ ਪਾਉਣ ਲਈ। ਪਹਾੜ ਦੇ ਇਲਾਵਾ ਉਸ ਨੂੰ ਹੋਰ ਕੁੱਝ ਹੋਰ ਦਿਖਾਈ ਹੀ ਨਹੀਂ ਦਿੰਦਾ ਸੀ । ਜਦੋਂ ਕਿ ਉਸ ਦੇ ਆਲੇ ਦੁਆਲੇ ਗਿਆਨ ਹੀ ਗਿਆਨ ਵਿਖਰਿਆ ਪਿਆ ਸੀ । ਇਸੇ ਕਾਰਨ ਵਾਪਸ ਆਉਣ ਉਤੇ ਉਸ ਨੇ ਆਪਣੇ ਗੁਰੂ ਨੂੰ ਕਿਹਾ ਕਿ ਉਸ ਨੂੰ ਕੁੱਝ ਵੀ ਨਹੀਂ ਮਿਲਿਆ । ਕਿਉਂਕਿ ਉਸ ਦੇ ਮਨ ਵਿਚ ਤਾਂ ਉਹ ਪਹਾੜ ਹੀ ਵਸਿਆ ਹੋਇਆ ਸੀ । ਬਾਕੀ ਹੋਰ ਕੁੱਝ ਉਸ ਨੂੰ ਨਜ਼ਰ ਹੀ ਨਹੀਂ ਆ ਰਿਹਾ ਸੀ ।

ਦੂਜੇ ਚੇਲੇ ਨੇ ਆਪਣੇ ਧਿਆਨ ਮਾਰਗ ਉਤੇ ਸਾਰੀਆਂ ਚੀਜਾਂ ਦਾ ਵਿਸਲੇਸ਼ਨ ਕੀਤਾ ਉਸ ਨੇ ਹਰ ਛੋਟੀ ਵੱਡੀ ਚੀਜ ਦਾ ਬੜੇ ਧਿਆਨ ਨਾਲ ਦੇਖਿਆ ਜਿਸ ਨਾਲ ਉਸ ਦੀ ਬੁੱਧੀ ਦਾ ਵਿਕਾਸ਼ ਹੋਇਆ ਅਤੇ ਉਸ ਨੇ ਜਾਣਿਆ ਕਿ ਪ੍ਰਕਿਰਤੀ ਕਿਸ ਤਰਾਂ ਕੰਮ ਕਰਦੀ ਹੈ । ਮੌਤ ਦੇ ਸਮੇਂ ਉਹ ਕਿਸ ਤਰਾਂ ਲਗਦਾ ਹੈ । ਸਾਡੀ ਮੌਤ ਅਤੇ ਸਾਹਾਂ ਦਾ ਕੀ ਸਬੰਧ ਹੈ । ਉਸਨੇ ਅੰਮ੍ਰਿਤ ਨੂੰ ਵੀ ਪਹਿਚਾਣਿਆ ਜੋ ਪਾਣੀ ਹੈ ।

ਉਸ ਨੇ ਸੰਸਾਰ ਵਿਚ ਘਟਣ ਵਾਲੀਆਂ ਘਟਨਾਵਾਂ ਨੂੰ ਵੀ ਜਾਣਿਆ ਕਿਸ ਤਰਾਂ ਉਹ ਸੁੱਖ ਅਤੇ ਦੁੱਖ ਉਤਪਨ ਕਰਦੀਆਂ ਹਨ । ਅਤੇ ਆਖਰ ਵਿਚ ਉਹ ਆਪਣੇ ਮਾਰਗ ਦੇ ਅੰਤਿਮ ਚਰਣ ਵਿਚ ਪਹੁੰਚਿਆ, ਜਿਥੇ ਰਸਤਾ ਖਤਮ ਹੋ ਜਾਂਦਾ ਸੀ । ਲੇਕਿਨ ਅਸਲ ਵਿਚ ਉਹ ਰਸਤਾ ਉਸੇ ਸਥਾਨ ਤੋਂ ਹੀ ਸੂਰੂ ਹੋਣਾ ਸੀ । ਉਸ ਖਾਈ ਦਾ ਆਨੰਤ ਸ਼ਾਂਤੀ, ਆਨੰਤ ਗਹਿਰਾਈ ਅਤੇ ਵਿਸ਼ਾਲਤਾ ਨੇ ਚੇਲੇ ਦਾ ਮਨ ਮੋੜ ਦਿਤਾ ਅਤੇ ਉਹ ਘਬਰਾ ਗਿਆ । ਇਸੇ ਕਾਰਨ ਉਹ ਆਪਣੇ ਗੁਰੂਦੇਵ ਕੋਲ ਵਾਪਿਸ ਆ ਗਿਆ ਤਾਂ ਕਿ ਉਹ ਮਾਰਗ ਦਰਸ਼ਨ ਲੈ ਸਕੇ। ਲੇਕਿਨ ਇਸ ਯਾਤਰਾ ਵਿਚ ਉਸਨੇ ਬਹੁਤ ਕੁੱਝ ਪਾਇਆ। ਇਸੇ ਲਈ ਉਸਨੇ ਗੁਰੂਦੇਵ ਨੂੰ ਇਹ ਨਹੀਂ ਕਿਹਾ ਕਿ ਉਸ ਨੂੰ ਕੁੱਝ ਨਹੀ ਮਿਲਿਆ। ਇਸ ਤੀਜੇ ਚੇਲੇ ਦੇ ਮਨ ਵਿਚ ਪਹਾੜ ਨੂੰ ਲੈਕੇ ਕੋਈ ਜਗਿਆਸਾ ਨਹੀਂ ਸੀ । ਉਹ ਕੇਵਲ ਜਾਣਨਾਂ ਚਾਹੁੰਦਾ ਸੀ ਅਤੇ ਉਹ ਉਸ ਮਾਰਗ ਨੂੰ ਸਮਝਣਾ ਚਾਹੁੰਦਾ ਸੀ । ਉਸ ਰਸਤੇ ਵਿਚ ਪੈਣ ਵਾਲੀਆਂ ਹਰ ਛੋਟੀਆਂ ਛੋਟੀਆਂ ਚੀਜਾਂ ਦਾ ਵਿਸ਼ਲੇਸ਼ਨ ਕੀਤਾ। ਉਹ ਸਾਰੀਆਂ ਗਲਾਂ ਜਾਣੀਆਂ ਜੋ ਉਸਦੇ ਦੂਜੇ ਗੁਰੂਭਾਈ ਨੇ ਵੀ ਜਾਣੀਆਂ ਸਨ । ਅਤੇ ਆਖਰ ਨੂੰ ਉਹ ਉਸ ਖਾਈ ਦੇ ਕੋਲ ਪਹੁੰਚਿਆ । ਉਸੇ ਖਾਈ ਤੋਂ ਦੋਨੋ ਗੁਰੂਭਾਈ ਵਾਪਿਸ ਪਰਤ ਗਏ ਸਨ । ਉਸ ਨੇ ਉਸ ਖਾਈ ਕੋਲ ਆਨੰਤ ਸ਼ਾਂਤੀ ਦਾ ਅਨੁਭਵ ਕੀਤਾ । ਇਹ ਉਹ ਸ਼ਾਂਤੀ ਸੀ ਜੋ ਉਸਨੇ ਅੱਜ ਤਕ ਮਹਿਸੂਸ ਨਹੀਂ ਕੀਤੀ ਸੀ । ਉਹ ਡਰਾ ਦੇਣ ਵਾਲੀ ਸ਼ਾਂਤੀ ਸੀ । ਉਥੇ ਕੇਵਲ ਉਸ ਦੇ ਕੇਵਲ ਸਾਹਾਂ ਦੀ ਆਵਾਜ ਸੁਣਾਈ ਦਿੰਦੀ ਸੀ । ਅਤੇ ਉਹ ਹੌਲੀ ਹੌਲੀ ਆਪਣੇ ਮਨ ਦੀਆਂ ਗਹਿਰਾਈਆਂ ਵਿਚ ਉਤਰਦਾ ਗਿਆ। ਉਥੇ ਜੀਵਨ ਦੇ ਸਾਰੇ ਵਿਚਾਰ ਖਤਮ ਹੋ ਗਏ ਅਤੇ ਇਕ ਬਹੁਤ ਵੱਡੇ ਸ਼ਨਾਟਾ ਅਤੇ ਅੰਧਕਾਰ ਉਸ ਨੂੰ ਦਿਖਾਈ ਦਿਤਾ। ਅੰਧਕਾਰ ਵਿਚ ਉਸਨੂੰ ਕੁੱਝ ਵੀ ਦਿਖਾਈ ਨਹੀਂ ਦਿੰਦਾ ਸੀ। ਪਰ ਉਹ ਅੱਗੇ ਵਧਦਾ ਗਿਆ। ਮਨ ਦੀਆਂ ਗਹਿਰਾਈਆਂ ਵਿਚ ਹੋਰ ਗਹਿਰਾਈਆਂ ਵਿਚ ਉਤਰਿਆ ਜਿੱਥੇ ਉਸ ਨੂੰ ਸਿਰਫ ਪ੍ਰਕਾਸ਼ ਹੀ ਪ੍ਰਕਾਸ਼ ਦਿਖਾਈ ਦਿਤਾ । ਉਸ ਪ੍ਰਕਾਸ਼ ਵਿਚ ਵੀ ਉਸ ਨੂੰ ਕੁੱਝ ਵੀ ਦਿਖਾਈ ਨਹੀਂ ਦੇ ਰਿਹਾ ਸੀ । ਅੰਤ ਵਿਚ ਉਹ ਪ੍ਰਕਾਸ਼ ਵੀ ਖਤਮ ਹੋਗਿਆ । ਅਤੇ ਉਹ ਆਪਣੇ ਮਨ ਦੇ ਵੀ ਪਾਰ ਚਲਿਆ ਗਿਆ । ਫਿਰ ਉਸ ਨੇ ਪਾਇਆ ਉਹ ਪਹਾੜ ਜੋ ਸੋਨੇ ਦਾ ਬਣਿਆ ਸੀ ਉਸਦਾ ਖੁਦ ਦਾ ਸਰੀਰ ਹੈ ਅਤੇ ਉਸ ਸੀਸ ਜੋ ਹੀਰੇ ਦਾ ਹੈ, ਉਹ ਉਸ ਦਾ ਆਪਣਾ ਮਸਤਿਕ ਹੈ ਜੋ ਪੂਰਨ ਜਾਗਰਿਤ ਹੋਗਿਆ ਹੈ । ਉਸ ਦੀ ਰੋਸ਼ਨੀ ਵਿਚ ਹੁਣ ਉਸ ਨੂੰ ਸਭ ਕੁੱਝ ਸਾਫ ਸਾਫ ਦਿਖਾਈ ਦੇ ਰਿਹਾ ਹੈ। ਉਸ ਦੇ ਮਨ ਵਿਚ ਕਿਸੇ ਵੀ ਗਲ ਨੂੰ ਲੈਕੇ ਕੋਈ ਦਵਿਧਾ ਜਾਂ ਸੰਸਾ ਨਹੀ ਬਚੀ। ਉਹ ਚੇਲਾ ਜਿਸ ਨੇ ਤਥਾਗਤ ਬੁੱਧ ਨੂੰ ਸਕਾਇਤ ਕੀਤੀ ਸੀ ਕਿ ਉਸ ਨੂੰ ਚਾਰ ਸਾਲਾਂ ਵਿਚ ਕੋਈ ਗਿਆਨ ਪ੍ਰਾਪਤ ਨਹੀਂ ਹੋਇਆ ਉਹ ਤਤਾਗਤ ਬੁੱਧ ਦੇ ਚਰਨਾਂ ਵਿਚ ਆਇਆ ਅਤੇ ਬੋਲਿਆ ਹੇ ਤਥਾਗਤ ਮੈਂ ਤਾਂ ਆਪ ਦਾ ਪਹਿਲਾ ਚੇਲਾ ਹੀ ਹਾਂ ਇਸ ਲਈ ਮੈਨੂੰ ਅੱਜ ਤਕ ਕੁੱਝ ਵੀ ਨਹੀਂ ਮਿਲਿਆ। ਹੁਣ ਮੈਂ ਘੱਟ ਤੋਂ ਘੱਟ ਦੂੱਜਾ ਚੇਲਾ ਜਰੂਰ ਬਣਾਂਗਾ। ਤਥਾਗਤ ਬੁੱਧ ਨੇ ਕਿਹਾ ਇਸ ਮਾਰਗ ਉਤੇ ਦੋ ਹੀ ਗਲਤੀਆਂ ਹੋ ਸਕਦੀਆਂ ਹਨ, ਪਹਿਲੀ ਇਸ ਮਾਰਗ ਉਤੇ ਨਾਂ ਚਲਣਾ ਅਤੇ ਦੂਜੀ ਇਸ ਮਾਰਗ ਨੂੰ ਪੂਰਾ ਹੀ ਨਾ ਕਰਨਾ।

## ਸਤਿਗੁਰੂ ਕਬੀਰ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼

# ਸੰਤ ਕਬੀਰ ਨੂੰ ਪੂਜਣ ਦੀ ਬਜਾਏ ਮੰਨਿਆ ਜਾਵੇ



ਦਰਸ਼ਨ ਸਿੰਘ ਬਾਜਵਾ
98783-83053

ਜਦੋਂ ਤੋਂ ਭਾਰਤ ਵਿੱਚ ਮਾਨਵਵਾਦੀ ਸਮਾਜਿਕ ਪ੍ਰਬੰਧ ਸਮਾਪਤ ਹੋ ਕੇ ਮਨੂੰ ਸਿੰਮ੍ਰਤੀ ਦਾ ਸੰਵਿਧਾਨ ਲਾਗੂ ਹੋਇਆ ਹੈ ਉਦੋਂ ਤੋਂ ਹੀ ਇਸ ਪ੍ਰਬੰਧ ਦੇ ਖਿਲਾਫ਼ ਅਵਾਜ਼ਾਂ ਵੀ ਉੱਠਦੀਆਂ ਰਹੀਆਂ ਹਨ। ਮੁਸਲਿਮ ਰਾਜ ਸਮੇਂ ਜਦੋਂ ਸਮਾਜਿਕ ਪ੍ਰਬੰਧ ਕੁੱਝ ਕੁ ਮੋਕਲ਼ਾ ਹੋਇਆ ਤਾਂ ਬਨਾਰਸ ਵਿੱਚੋਂ ਸੰਤ ਕਬੀਰ ਜੀ ਨੇ ਵੀ ਬ੍ਰਾਹਮਣਵਾਦ ਦੇ ਖ਼ਿਲਾਫ਼ ਆਪਣੀ ਆਵਾਜ਼ ਉਠਾਈ। ਉਹਨਾਂ ਨੇ ਸੰਘਰਸ਼ ਦਾ ਐਸਾ ਬਿਗ਼ਲ ਵਜਾਇਆ ਜਿਹੜਾ ਇੱਕ ਇਤਿਹਾਸ ਹੋ ਨਿੱਬੜਿਆ। ਕਬੀਰ ਸਾਹਿਬ ਨੇ ਆਪਣੀ ਬਾਣੀ ਰਾਹੀਂ ਇਸ ਢੰਗ ਨਾ਼ਲ ਬ੍ਰਾਹਮਣਵਾਦ ਦੇ ਬਖੀਏ ਉਧੇੜੇ ਕਿ ਬ੍ਰਾਹਮਣਵਾਦੀਆਂ ਨੂੰ ਲੁਕਣ ਲਈ ਜਗ੍ਹਾ ਮਿਲਣੀ ਮੁਸ਼ਕਲ ਹੋ ਗਈ। ਅੱਜ ਵੀ ਬੁੱਧੀਜੀਵੀਆਂ ਵੱਲੋਂ ਕਬੀਰ ਸਾਹਿਬ ਨੂੰ ਉਹਨਾਂ ਦੀ ਬੇਵਾਕੀ ਲਈ ਯਾਦ ਕੀਤਾ ਜਾਂਦਾ ਹੈ ਅਤੇ ਉਹਨਾਂ ਦੁਆਰਾ ਲਿਖੀਆਂ ਬੋਲੀਆਂ ਗੱਲਾਂ ਨੂੰ ਉਦਾਹਰਣ ਵਜੋਂ ਲਿਆ ਜਾਂਦਾ ਹੈ। ਜੇਕਰ ਦੇਖਿਆ ਜਾਵੇ ਕਿ ਬ੍ਰਾਹਮਣਵਾਦ ਪ੍ਰਤੀ ਕਬੀਰ ਸਾਹਿਬ ਦਾ ਰਵੱਈਆ ਇੰਨਾ ਸਖ਼ਤ ਕਿਉਂ ਹੈ ਤਾਂ ਪਤਾ ਲੱਗਦਾ ਹੈ ਕਿ ਉਹਨਾਂ ਦੇ ਪੁਰਖੇ ਕਿਸੇ ਸਮੇਂ ਜਾਤ-ਪਾਤ ਦੀ ਨਫ਼ਰਤ ਤੋਂ ਗ੍ਰਸਤ ਰਹੇ ਸਨ। ਇਸ ਜਾਤੀਵਾਦ ਤੋਂ ਛੁਟਕਾਰਾ ਪਾਉਣ ਖ਼ਾਤਰ ਉਹ ਹਿੰਦੂ ਧਰਮ ਨੂੰ ਤਿਆਗ ਕੇ ਇਸਲਾਮ ਦੀ ਸ਼ਰਣ ਵਿੱਚ ਗਏ ਸਨ। ਬਾਅਦ ਵਿੱਚ ਅਕਬਰ ਦੇ ਸਮੇਂ ਤੋਂ ਬ੍ਰਾਹਮਣ-ਮੁਗ਼ਲ ਹੁਕਮਰਾਨਾਂ ਦੇ ਗਠਜੋੜ ਹੋ ਜਾਣ ਕਾਰਣ ਇਸਲਾਮ ਕਬੂਲਣ ਵਾ਼ਲੇ ਦਲਿਤ-ਪਛੜੇ ਵਰਗ ਦੇ ਲੋਕਾਂ ਦਾ ਸਮਾਜਿਕ ਪੱਧਰ ਭਾਵੇਂ ਉੱਚ ਜਾਤੀਆਂ ਜਿਹਾ ਨਹੀਂ ਬਣ ਸਕਿਆ ਸੀ ਪਰ ਉਹਨਾਂ ਨੂੰ ਸਮਾਜ ਵਿੱਚ ਦਲੇਰੀ ਨਾ਼ਲ ਸੱਚ ਬੋਲ ਸਕਣ ਦੀ ਕੁੱਝ ਕੁ ਖੁੱਲ੍ਹ ਤਾਂ ਮਿਲ ਹੀ ਗਈ ਸੀ। ਇਸੇ ਖੁੱਲ੍ਹ ਨੇ ਹੀ ਹਰ ਸਮੇਂ ਖੱਡੀ ਵਿੱਚ ਲੱਤਾਂ ਲਮਕਾਈ ਰੱਖਣ ਵਾ਼ਲੇ ਜੁਲਾਹਿਆਂ ਦੇ ਪੁੱਤਰ ਨੂੰ ਕ੍ਰਾਂਤੀਕਾਰੀ ਸੰਤ ਕਬੀਰ ਜੀ ਦੇ ਰੂਪ ਵਿੱਚ ਸਾਹਮਣੇ ਲੈ ਆਂਦਾ। ਕਬੀਰ ਸਾਹਿਬ ਨੇ ਵੀ ਇਸ ਖੁੱਲ੍ਹ ਨੂੰ ਦਬੇ-ਕੁਚ਼ਲੇ ਸਮਾਜ ਦੀ ਗੱਲ ਕਹਿਣ ਲਈ ਖ਼ੂਬ ਇਸਤੇਮਾਲ ਕੀਤਾ।

ਜਦੋਂ ਭਾਰਤ ਵਿੱਚ ਇਸਲਾਮ ਦਾ ਬੋਲਬਾਲਾ ਹੋਇਆ ਤਾਂ ਜੁਲਾਹਿਆਂ ਵਿੱਚੋਂ ਬਹੁਤਿਆਂ ਨੇ ਇਸਲਾਮ ਕਬੂਲ ਕਰ ਲਿਆ। ਭਾਵੇਂ ਸੰਤ ਕਬੀਰ ਦਾ ਪਰਿਵਾਰ ਮੁਸਲਮਾਨ ਬਣ ਚੁੱਕਾ ਸੀ ਪਰ ਕਬੀਰ ਜੀ ਨੇ ਕਦੇ ਵੀ ਆਪਣੇ-ਆਪ ਨੂੰ ਗੱਜ-ਵੱਜ ਕੇ ਮੁਸਲਮਾਨ ਨਹੀਂ ਅਖਵਾਇਆ, ਸਗੋਂ ਨਾ ਹਮ ਹਿੰਦੂ ਨਾ ਮੁਸਲਮਾਨ ਹੀ ਕਿਹਾ। ਸੰਤ ਕਬੀਰ ਜੀ ਦਾ ਪਰਿਵਾਰਕ ਪਿਛੋਕੜ ਭਾਵੇਂ ਇਸਲਾਮ ਨਾ਼ਲ ਸੰਬੰਧਤ ਸੀ ਪਰ ਉਹਨਾਂ ਦੀਆਂ ਗੱਲਾਂ ਵਿੱਚੋਂ ਬੁੱਧ ਦੀ ਝਲਕ ਸਹਿਜੇ ਹੀ ਪੈ ਜਾਂਦੀ ਹੈ। ਬੁੱਧ ਧਰਮ ਦਾ ਪਹਿਰਾਵਾ ਭਾਵੇਂ ਅਲੱਗ ਸੀ ਪਰ ਕਬੀਰ ਸਾਹਿਬ ਦੀਆਂ ਗੱਲਾਂ ਵਿੱਚੋਂ ਬੋਲਦੀ ਬੁੱਧ ਦੀ ਵਿਚਾਰਧਾਰਾ ਨੂੰ ਸਪੱਸ਼ਟ ਮਹਿਸੂਸ ਕੀਤਾ ਜਾ ਸਕਦਾ ਹੈ। ਕਬੀਰ ਸਾਹਿਬ ਦੇ ਇੱਕ ਸ਼ਬਦ ਤੋਂ ਵੀ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਉਹ ਬੁੱਧ ਵਿਚਾਰਾਂ ਨੂੰ ਮੰਨਦੇ ਸਨ। ਉਹ ਲਿਖਦੇ ਹਨ :-

ਕਹਤੁ ਕਬੀਰ ਸੁਨਹੁ ਮੇਰੀ ਮਾਈ।।
ਇਨ ਮੁੰਡੀਅਨ ਮੇਰੀ ਜਾਤਿ ਗਵਾਈ।।
ਰਾਗ ਆਸਾ ਪੰਨਾ 484

ਇਸ ਸ਼ਬਦ ਵਿੱਚ ਕਬੀਰ ਸਾਹਿਬ ਆਪਣੀ ਮਾਤਾ ਨਾ਼ਲ ਵਾਰਤਾਲਾਪ ਕਰਦਿਆਂ 'ਮੁੰਡੀਅਨ' ਬਾਰੇ ਗੱਲ ਕਰਦੇ ਹਨ। ਮੁੰਡੀਅਨ ਦਾ ਭਾਵ ਮੁੰਨੇ ਹੋਏ ਸਿਰਾਂ ਵਾ਼ਲੇ ਲੋਕ। ਭਾਵ ਬੁੱਧ ਨੂੰ ਮੰਨਣ ਵਾ਼ਲੇ ਭਿਕਸ਼ੂ। ਭਿਕਸ਼ੂ ਕਿਸੇ ਜਾਤਪਾਤ ਨੂੰ ਨਹੀਂ ਮੰਨਦੇ। ਉਹਨਾਂ ਦਾ ਪ੍ਰਚਾਰ ਵੀ ਜਾਤਪਾਤ ਦੇ ਖ਼ਿਲਾਫ਼ ਹੁੰਦਾ ਹੈ। ਸ਼ਬਦ ਵਿੱਚ ਕਬੀਰ ਸਾਹਿਬ ਵੀ ਕਹਿੰਦੇ ਹਨ ਕਿ ਮੁੰਡੀਅਨ ਨੇ ਮੇਰੀ ਜਾਤ ਗਵਾ ਦਿੱਤੀ ਹੈ। ਭਾਵ ਕਿ ਉਹਨਾਂ ਦੀ ਸੰਗਤ ਦਾ ਸਦਕਾ ਕਬੀਰ ਸਾਹਿਬ ਵੀ ਜਾਤੀ ਤੋਂ ਰਹਿਤ ਹੋ ਗਏ ਹਨ।

ਮਗਹਰ ਬੁੱਧ ਦੀ ਧਰਤੀ ਰਹੀ ਹੈ। ਬੁੱਧ ਨੂੰ ਮੰਨਣ ਵਾ਼ਲੇ ਅੱਜ ਵੀ ਇਸ ਧਰਤੀ ਨੂੰ ਮਹਾਨ ਮੰਨਦੇ ਹਨ। ਸੰਤ ਕਬੀਰ ਜੀ ਦਾ ਬੋਧੀਆਂ ਦੀ ਧਰਤੀ ਮਗਹਰ ਨਾ਼ਲ ਪ੍ਰੇਮ ਵੀ ਉਹਨਾਂ ਨੂੰ ਬੋਧੀਆਂ ਦੇ ਨੇੜੇ ਸਾਬਤ ਕਰਦਾ ਹੈ। ਮਗਹਰ ਨਾ਼ਲ ਬੋਧੀਆਂ ਦਾ ਪ੍ਰੇਮ ਬ੍ਰਾਹਮਣਾਂ ਲਈ ਜਲਣ ਪੈਦਾ ਕਰਦਾ ਹੈ। ਬ੍ਰਾਹਮਣ ਦੀ ਹਮੇਸ਼ਾ ਇਹੀ ਕੋਸ਼ਿਸ਼ ਹੁੰਦੀ ਹੈ ਕਿ ਦੂਸਰੀ ਵਿਚਾਰਧਾਰਾ ਨੂੰ ਮੰਨਣ ਵਾ਼ਲਿਆਂ ਨੂੰ ਕਿਵੇਂ ਨਾ ਕਿਵੇਂ ਉਹਨਾਂ ਦੀ ਵਿਚਾਰਧਾਰਾ ਨਾ਼ਲੋਂ ਤੋੜਿਆ ਜਾਵੇ। ਇਸ ਕੰਮ ਲਈ ਬ੍ਰਾਹਮਣ ਹਮੇਸ਼ਾਂ ਕੋਈ ਨਾ ਕੋਈ ਕਾਢ ਕੱਢਦਾ ਹੈ। ਬ੍ਰਾਹਮਣੀ ਗ੍ਰੰਥਾਂ ਅਨੁਸਾਰ ਮਗਹਰ ਨੂੰ ਬੁਰਾ ਸਾਬਤ ਕੀਤਾ ਗਿਆ ਹੈ। ਇਹਨਾਂ ਗ੍ਰੰਥਾਂ ਅਨੁਸਾਰ ਕਾਸ਼ੀ ਵਿੱਚ ਮਰਨ ਵਾ਼ਲਾ ਸਿੱਧਾ ਸਵਰਗ ਵਿੱਚ ਜਾਂਦਾ ਹੈ। ਮਗਹਰ ਦੀ ਧਰਤੀ 'ਤੇ ਮਰਨ ਵਾ਼ਲਿਆਂ ਨੂੰ ਇਹਨਾਂ ਗ੍ਰੰਥਾਂ ਨੇ ਗਧੇ ਦੀ ਜੂਨ ਵਿੱਚ ਪੈਣ ਦਾ ਡਰਾਵਾ ਦੇ ਕੇ ਉੱਥੇ ਜਾਣ ਤੋਂ ਰੋਕਿਆ। ਕਬੀਰ ਸਾਹਿਬ ਖ਼ੁਦ ਕਾਸ਼ੀ ਬਨਾਰਸ ਵਿੱਚ ਰਹਿੰਦੇ ਸਨ। ਪਰ ਉਹਨਾਂ ਨੇ ਇਸ ਬ੍ਰਾਹਮਣੀ ਵਿਚਾਰ ਦਾ ਵਿਰੋਧ ਕਰਨ ਲਈ ਜਾਣ-ਬੁੱਝ ਕੇ ਉਸੇ ਮਗਹਰ ਦੀ ਧਰਤੀ 'ਤੇ ਆਪਣੇ ਪ੍ਰਾਣ ਤਿਆਗੇ ਜਿੱਥੋਂ ਬ੍ਰਾਹਮਣਾਂ ਨੇ ਲੋਕਾਂ ਨੂੰ ਰੋਕਿਆ। ਇਸ ਤਰ੍ਹਾਂ ਉਹਨਾਂ ਨੇ ਬ੍ਰਾਹਮਣਵਾਦ ਤੋਂ ਬਾਗ਼ੀ ਹੋਣ ਦਾ ਪ੍ਰਤੱਖ ਇਸ਼ਾਰਾ ਕੀਤਾ। ਮਗਹਰ ਦੀ ਧਰਤੀ 'ਤੇ ਜਾ ਕੇ ਮਰਨਾ ਕਬੀਰ ਸਾਹਿਬ ਲਈ ਕੋਈ ਪਵਿੱਤਰ ਧਰਤੀ ਦਾ ਹੋਣਾ ਜਾਂ ਸਵਰਗ ਪ੍ਰਾਪਤੀ ਲਈ ਯਤਨ ਨਹੀਂ ਬਲਕਿ ਬ੍ਰਾਹਮਣਵਾਦ ਦੇ ਪ੍ਰਚਾਰ ਦਾ ਵਿਚਾਰਧਾਰਕ ਵਿਰੋਧ ਹੈ ਕਿ ਜੈਸੀ ਧਰਤੀ ਕਾਸ਼ੀ ਦੀ ਹੈ, ਮਗਹਰ ਦੀ ਧਰਤੀ ਵੀ ਉਹੋ ਜਿਹੀ ਹੀ ਹੈ। ਜੇ ਇੱਕ ਥਾਂ 'ਤੇ ਮਰਨ ਨਾ਼ਲ ਸੁਰਗ ਦੀ ਪ੍ਰਾਪਤੀ ਸੰਭਵ ਹੈ ਤਾਂ ਦੂਸਰੀ ਥਾਂ 'ਤੇ ਮਰਨ ਨਾ਼ਲ ਗਧੇ ਦੀ ਜੂਨ ਕਿਵੇਂ ਪ੍ਰਾਪਤ ਹੋ ਸਕਦੀ ਹੈ? ਸਹੀ ਵਿਚਾਰਾਂ ਵਾ਼ਲੇ ਕਿਤੇ ਵੀ ਮਰਨ ਉਹ ਮੁਕਤ ਹੀ ਹੁੰਦੇ ਹਨ। ਉਹ ਲਿਖਦੇ ਹਨ :-

ਸਗਲ ਜਨਮੁ ਸਿਵਪੁਰੀ ਗਵਾਇਆ।।
ਮਰਤੀ ਬਾਰ ਮਗਹਰਿ ਉਠਿ ਆਇਆ।।
ਬਹੁਤੁ ਬਰਸ ਤਪੁ ਕੀਆ ਕਾਸੀ।।
ਮਰਨੁ ਭਇਆ ਮਗਹਰ ਕੀ ਬਾਸੀ।।
ਕਾਸੀ ਮਗਹਰ ਸਮ ਬੀਚਾਰੀ।।
ਓਛੀ ਭਗਤਿ ਕੈਸੇ ਉਤਰਸਿ ਪਾਰੀ।।
ਰਾਗ ਗਉੜੀ ਪੰਨਾ 326

ਸੰਤ ਕਬੀਰ ਇਸ ਸ਼ਬਦ ਵਿੱਚ ਮਗਹਰ ਨੂੰ ਪਵਿੱਤਰ ਕਰਾਰ ਨਹੀਂ ਦਿੰਦੇ ਅਤੇ ਨਾ ਹੀ ਕਾਸੀ ਨੂੰ ਨਿੰਦਦੇ ਹਨ। ਉਹਨਾਂ ਅਨੁਸਾਰ ਤਾਂ ਜਿਹੋ ਜਿਹੀ ਧਰਤੀ ਮਗਹਰ ਹੈ ਉਹੋ ਜਿਹੀ ਹੀ ਕਾਸੀ ਹੈ। ਮਗਹਰ ਵਿੱਚ ਆਖਰੀ ਸਮਾਂ ਬਿਤਾਉਣ ਦਾ ਮਤਲਬ ਉਸ ਨਾ਼ਲ ਜੋੜ ਦਿੱਤੀਆਂ ਗਈਆਂ ਮਾੜੀਆਂ ਰਵਾਇਤਾਂ ਨੂੰ ਤੋੜਨਾ ਹੀ ਹੈ। ਉਹਨਾਂ ਅਨੁਸਾਰ ਜਿਸ ਤਰ੍ਹਾਂ ਮਗਹਰ ਬੁੱਧ ਦੀ ਧਰਤੀ ਹੈ ਉਸੇ ਤਰ੍ਹਾਂ ਸ਼ਿਵ ਦੀ ਨਗਰੀ ਕਿਹਾ ਜਾਣ ਵਾ਼ਲਾ ਬਨਾਰਸ ਹੈ। ਬਨਾਰਸ ਵੀ ਬੁੱਧ ਦੀ ਧਰਤੀ ਹੈ ਕਿਉਂਕਿ ਇੱਥੇ ਵੀ ਬੁੱਧ ਵਸਦੇ ਹਨ। ਕਬੀਰ ਸਾਹਿਬ ਕਹਿੰਦੇ ਹਨ :-

ਸਿਵ ਕੀ ਪੁਰੀ ਬਸੈ ਬੁਧਿ ਸਾਰ।।
ਤਹ ਤੁਮ੍ ਮਿਲਕੈ ਕਰਹੁ ਬਿਚਾਰੁ।।
ਰਾਗ ਭੈਰਉ ਪੰਨਾ 1159



ਬੋਧੀ ਵਿਚਾਰਧਾਰਾ ਅਤੇ ਬ੍ਰਾਹਮਣ ਦਾ ਵਿਰੋਧ ਹੈ ਉਸੇ ਤਰ੍ਹਾਂ ਕਬੀਰ ਸਾਹਿਬ ਅਤੇ ਬ੍ਰਾਹਮਣੀ ਵਿਚਾਰਧਾਰਾ ਦਾ ਆਪਸ ਵਿੱਚ ਭਾਰੀ ਵਿਰੋਧ ਹੈ। ਬ੍ਰਾਹਮਣੀ ਗ੍ਰੰਥਾਂ ਅਨੁਸਾਰ ਬ੍ਰਾਹਮਣ ਸ੍ਰੇਸ਼ਟ ਹਨ ਜਦਕਿ ਦੂਸਰੇ ਸਾਰੇ ਵਰਣ ਕੇਵਲ ਬ੍ਰਾਹਮਣ ਦੀ ਸੇਵਾ ਲਈ ਹੀ ਬ੍ਰਹਮਾ ਵੱਲੋਂ ਪੈਦਾ ਕੀਤੇ ਗਏ ਹਨ। ਮਾਨਵਵਾਦੀ ਵਿਚਾਰਧਾਰਾ ਅਨੁਸਾਰ ਸਾਰੇ ਮਨੁੱਖ ਬਰਾਬਰ ਹਨ। ਇਸ ਲਈ ਸੰਤ ਕਬੀਰ ਜੀ ਨੇ ਬ੍ਰਾਹਮਣਾਂ ਦੀ ਉੱਚਤਾ ਨੂੰ ਇਸ ਤਰ੍ਹਾਂ ਚੈਲਿੰਜ ਕੀਤਾ ਅਤੇ ਬ੍ਰਾਹਮਣੀ ਵਿਵਸਥਾ ਦਾ ਖੰਡਨ ਕਰਦੇ ਹੋਏ ਕਿਹਾ ਕਿ ਜੇ ਕਰ ਬ੍ਰਾਹਮਣ ਨੂੰ ਸੱਚਮੁੱਚ ਹੀ ਪ੍ਰਮਾਤਮਾ ਵੱਲੋਂ ਵਿਸ਼ੇਸ਼ ਤੌਰ 'ਤੇ ਦੁਨੀਆਂ ਵਿੱਚ ਭੇਜਿਆ ਗਿਆ ਹੈ ਤਾਂ ਉਹ ਆਮ ਆਦਮੀ ਵਾਂਗ ਹੀ ਕਿਉਂ ਪੈਦਾ ਹੋਇਆ ਹੈ ਅਤੇ ਕਿਸੇ ਹੋਰ ਰਾਹ ਕਿਉਂ ਨਹੀਂ ਆਇਆ? ਉਹ ਕਹਿੰਦੇ ਹਨ ਕਿ ਇੱਕ ਹੀ ਢੰਗ ਤਰੀਕਿਆਂ ਨਾ਼ਲ ਪੈਦਾ ਹੋਣ ਵਾ਼ਲਾ ਇੱਕ ਵਿਅਕਤੀ ਬ੍ਰਾਹਮਣ ਅਤੇ ਦੂਸਰਾ ਸ਼ੂਦਰ ਕਿਸ ਤਰ੍ਹਾਂ ਹੋ ਗਿਆ? ਕੀ ਬ੍ਰਾਹਮਣ ਦੇ ਸਰੀਰ ਅੰਦਰ ਖ਼ੂਨ ਦੀ ਜਗ੍ਹਾ ਦੁੱਧ ਦੌੜ ਰਿਹਾ ਹੈ? ਉਹ ਆਖਦੇ ਹਨ :-

ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ।।
ਬਾਮਨ ਕਹਿ ਕਹਿ ਜਨਮੁ ਮਤ ਖੋਏ।। ੧।। ਰਹਾਉ।।
ਜੌ ਤੂੰ ਬ੍ਰਾਹਮਣ ਬ੍ਰਹਮਣੀ ਜਾਇਆ।।
ਤਉ ਆਨ ਬਾਟ ਕਾਹੇ ਨਹੀ ਆਇਆ।।੨।।
ਤੁਮ ਕਤ ਬ੍ਰਾਹਮਣ ਹਮ ਕਤ ਸੂਦ।।
ਹਮ ਕਤ ਲੋਹੂ ਤੁਮ ਕਤ ਦੂਧ।।੩।।
ਰਾਗ ਗਉੜੀ ਪੰਨਾ 324

ਬ੍ਰਾਹਮਣੀ ਗ੍ਰੰਥਾਂ ਨੇ ਬ੍ਰਾਹਮਣ ਨੂੰ ਸਾਰਿਆਂ ਦਾ ਗੁਰੂ ਸਾਬਤ ਕੀਤਾ ਹੈ ਪਰ ਸਤਗੁਰੂ ਕਬੀਰ ਜੀ ਇਸ ਉੱਚਤਾ ਨੂੰ ਅਸਵੀਕਾਰ ਕਰਦਿਆਂ ਆਖਦੇ ਹਨ ਕਿ ਬ੍ਰਾਹਮਣ ਨੂੰ ਬ੍ਰਹਿਮੰਡ ਦੀ ਕੋਈ ਸਾਰ ਨਹੀਂ। ਉਹ ਤਾਂ ਚਾਰਾਂ ਵੇਦਾਂ ਵਿੱਚ ਹੀ ਉਲ਼ਝਿਆ ਹੋਇਆ ਹੈ। ਅਜਿਹਾ ਵਿਅਕਤੀ ਸਾਰੀ ਜਗਤ ਦਾ ਗੁਰੂ ਕਿਵੇਂ ਹੋ ਸਕਦਾ ਹੈ? ਉਹ ਲਿਖਦੇ ਹਨ :-

ਕਬੀਰ ਬਾਮਨ ਗੁਰੂ ਹੈ ਜਗਤ ਦਾ ਭਗਤਨ ਕਾ ਗੁਰੁ ਨਾਹਿ।।
ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ।।
ਸ਼ਲੋਕ ਪੰਨਾ 1377

ਵੇਦਾਂ ਨੂੰ ਭਾਰਤੀ ਸੱਭਿਆਚਾਰ ਵਿੱਚ ਪ੍ਰਮਾਤਮਾ ਦੀਆਂ ਲਿਖਤਾਂ ਕਰਾਰ ਦਿੱਤਾ ਹੈ। ਵੇਦਾਂ ਦੇ ਅਧਾਰ 'ਤੇ ਹੀ ਸਿਮ੍ਰਤੀਆਂ ਬਣੀਆਂ ਜਿੰਨ੍ਹਾਂ ਨੇ ਵਰਣ ਵਾ਼ਲੀ ਸਮਾਜਿਕ ਵਿਵਸਥਾ ਕਾਇਮ ਕੀਤੀ। ਸੰਤ ਕਬੀਰ ਜੀ ਨੇ ਇਸ ਪ੍ਰਬੰਧ ਬਾਰੇ ਸਪੱਸ਼ਟ ਬਿਆਨ ਕੀਤਾ ਹੈ। ਉਹ ਲਿਖਦੇ ਹਨ :-

ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ।।
ਸਾਂਕਲ ਜੇਵਰੀ ਲੈ ਹੈ ਆਈ।।
ਰਾਗ ਗਉੜੀ ਪੰਨਾ 329

ਬ੍ਰਾਹਮਣ ਵੇਦ ਸਿੰਮ੍ਰਤੀਆਂ ਦਾ ਪਾਠ ਕਰਦਾ ਹੈ। ਉਸਨੇ ਆਪਣੇ ਆਪ ਲਈ ਧਾਰਮਿਕ ਪੁਰਸ਼ ਦਰਸਾਉਂਦਾ ਇੱਕ ਵਿਸ਼ੇਸ਼ ਪਹਿਰਾਵਾ ਨਿਯਤ ਕੀਤਾ ਹੋਇਆ ਹੈ। ਇਹ ਪਹਿਰਾਵਾ ਹੈ ਧੋਤੀ, ਜਨੇਊ, ਮੱਥੇ 'ਤੇ ਤਿਲਕ ਅਤੇ ਗ਼ਲ ਵਿੱਚ ਮਾ਼ਲਾ। ਇਸ ਤਰ੍ਹਾਂ ਦਾ ਪਹਿਰਾਵਾ ਪਹਿਨ ਕੇ ਧਾਰਮਿਕ ਪੁਰਸ਼ ਹੋਣ ਦਾ ਦਿਖਾਵਾ ਕਰਨ ਵਾ਼ਲੇ ਭੇਖੀਆਂ ਨੂੰ ਸੰਤ ਕਹਿਣ ਦੀ ਬਜਾਏ ਕਠੋਰਤਾ ਨਾ਼ਲ ਠੱਗ ਦੀ ਉਪਾਧੀ ਦਿੰਦਿਆਂ ਉਹ ਆਖਦੇ ਹਨ ਕਿ ਇਹੋ ਜਿਹੇ ਲੋਕ ਕਿਸੇ ਵੀ ਪਾਸਿਉਂ ਸੰਤ ਨਹੀਂ ਬਲਕਿ ਬਨਾਰਸ ਦੇ ਠੱਗ ਹਨ। ਇਹੋ ਜਿਹੇ ਲੋਕ ਸਮੇਤ ਟਾਹਣੀਆਂ ਪੂਰੇ ਦਰੱਖਤ ਦਾ ਤਣਾ ਖਾ ਜਾਂਦੇ ਹਨ। ਆਦਮੀਆਂ ਨੂੰ ਖਾ ਜਾਣ ਵਾ਼ਲੇ ਇਹ ਲੋਕ ਪਵਿੱਤਰਤਾ ਦਾ ਢੌਂਗ ਵੀ ਕਰਦੇ ਹਨ। ਅਜਿਹੇ ਹੰਕਾਰ ਵਿੱਚ ਗ੍ਰਸੇ ਆਦਮੀ ਆਪ ਤਾਂ ਡੁਬਦੇ ਹੀ ਹਨ, ਨਾ਼ਲ ਸਾਰੀ ਦੁਨੀਆਂ ਨੂੰ ਵੀ ਡੋਬ ਦਿੰਦੇ ਹਨ। ਉਹ ਲਿਖਦੇ ਹਨ :-

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ।।
ਗਲੀ ਜਿਨ੍ਹਾ ਜਪਮਾਲੀਆ ਲੋਟੇ ਹਥਿ ਨਿਬਗ।।
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ।।੧।।
ਐਸੇ ਸੰਤ ਨ ਮੋ ਕਉ ਭਾਵਹਿ।।
ਡਾਲਾ ਸਿਉ ਪੇਡਾ ਗਟਕਾਵਹਿ।।੧।। ਰਹਾਉ।।
ਬਾਂਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ।।
ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ ਸਾਰੇ ਮਾਣਸ ਖਾਵਹਿ।।੨।।
ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ।।
ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ।।
ਰਾਗ ਆਸਾ ਪੰਨਾ 478

ਬ੍ਰਾਹਮਣ ਨੇ ਧਾਰਮਿਕ ਗ੍ਰੰਥਾਂ ਦੇ ਜਰੀਏ ਅਸਾਨੀ ਨਾ਼ਲ ਆਪਣੀ ਰੋਟੀ ਦਾ ਬੰਦੋਬਸਤ ਕੀਤਾ ਹੋਇਆ ਹੈ। ਪਿੱਤਰਾਂ ਨੂੰ ਭੋਜਨ ਪਹੁੰਚਾਉਣ ਦਾ ਲਾਰਾ ਲਾ ਕੇ ਬ੍ਰਾਹਮਣ ਆਪਣੇ ਜਜਮਾਨਾਂ ਤੋਂ ਜੀਵਾਂ ਦੀਆਂ ਬਲੀਆਂ ਵੀ ਦਿਵਾ ਦਿੰਦਾ ਹੈ। ਬ੍ਰਾਹਮਣ ਪਿਤਰਾਂ ਨੂੰ ਭੋਜਨ ਪਹੁੰਚਾਉਣ ਦੇ ਇਸ ਕੰਮ ਲਈ ਆਪਣੇ ਜਜਮਾਨਾਂ ਤੋਂ ਮੋਟੀ ਫ਼ੀਸ ਵੀ ਵਸੂਲਦਾ ਹੈ। ਸੰਤ ਕਬੀਰ ਜੀ ਨੇ ਇਸ ਦੇ ਜਵਾਬ ਵਿੱਚ ਲੋਕਾਂ ਨੂੰ ਸਮਝਾਉਂਦਿਆਂ ਕਿਹਾ ਕਿ ਜੇਕਰ ਬ੍ਰਾਹਮਣਾਂ ਨੂੰ ਦਿੱਤਾ ਦਾਨ ਸੱਚਮੁੱਚ ਪਿਤਰਾਂ ਤੱਕ ਪਹੁੰਚਦਾ ਹੈ ਤਾਂ ਤੁਹਾਡੇ ਕਿਹੋ ਜਿਹੇ ਪਿਤਰ ਹਨ ਜੋ ਤੁਹਾਡੇ ਕੋ਼ਲੋਂ ਖ਼ੁਦ ਮੰਗ ਕੇ ਨਹੀਂ ਲੈ ਸਕਦੇ ਸਗੋਂ ਬ੍ਰਾਹਮਣਾਂ ਨੂੰ ਹੀ ਇਹ ਵਸਤਾਂ ਦੇਣ ਲਈ ਆਖਦੇ ਹਨ। ਉਹ ਲਿਖਦੇ ਹਨ :-

ਮਾਟੀ ਕੇ ਕਰਿ ਦੇਵੀ ਦੇਵਾ ਤਿਸੁ ਆਗੇ ਜੀਉ ਦੇਹੀ।।
ਐਸੇ ਪਿਤਰ ਤੁਮਾਰੇ ਕਹੀਅਹਿ ਆਪਨ ਕਹਿਆ ਨ ਲੇਹੀ।।
ਰਾਗ ਗਉੜੀ ਬੈਰਾਗਣਿ ਪੰਨਾ 332

ਕਬੀਰ ਜੀ ਮੁਤਾਬਕ ਸਭ ਦੇਵੀ ਦੇਵਤੇ ਮੈ਼ਲੇ ਹਨ। ਨਿਰਮਲ ਉਹ ਹੈ ਜਿਸ ਨੇ ਰਾਮ ਰਮੱਈਆ ਨੂੰ ਜਾਣ ਲਿਆਹੈ। ਕਬੀਰ ਸਾਹਿਬ ਕਹਿੰਦੇ ਹਨ :-

ਮੈਲਾ ਬ੍ਰਹਮਾ ਮੈਲਾ ਇੰਦੁ।। ਰਵਿ ਮੈਲਾ ਮੈਲਾ ਹੈ ਚੰਦੁ।।੧।।
ਮੈਲਾ ਮਲਤਾ ਇਹੁ ਸੰਸਾਰੁ।। ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰ।।੧।। ਰਹਾਉ।।
ਮੈਲੇ ਬ੍ਰਹਮੰਡਾਇਕੈ ਈਸੁ।। ਮੈਲੇ ਨਿਸਿ ਬਾਸੁਰ ਦਿਨ ਤੀਸੁ।।੨।।
ਮੈਲਾ ਮੋਤੀ ਮੈਲਾ ਹੀਰੁ।। ਮੈਲਾ ਪਵਨੁ ਪਾਵਕੁ ਅਰੁ ਨੀਰੁ।।੩।।
ਮੈਲੇ ਸਿਵ ਸੰਕਰਾ ਮਹੇਸ।। ਮੈਲੇ ਸਿਧ ਸਾਧਿਕ ਅਰੁ ਭੇਖ।।੪।।
ਮੈਲੇ ਜੋਗੀ ਜੰਗਮ ਜਟਾ ਸਹੇਤਿ।। ਮੈਲੀ ਕਾਇਆ ਹੰਸੁ ਸਮੇਤਿ।।੫।।
ਕਹਿ ਕਬੀਰ ਤੇ ਜਨ ਪਰਵਾਨ।। ਨਿਰਮਲ ਤੇ ਜੋ ਰਾਮਹਿ ਜਾਨ।।੬।।
ਰਾਗ ਭੈਰਉ ਪੰਨਾ 1158

ਬ੍ਰਾਹਮਣ ਨੇ ਗ੍ਰੰਥਾਂ ਦੇ ਪਾਠ ਨੂੰ ਧਰਮ ਬਣਾਇਆ ਹੋਇਆ ਹੈ। ਕਬੀਰ ਸਾਹਿਬ ਦੇ ਅਨੁਸਾਰ ਇਹ ਪੁੱਠਾ ਕੰਮ ਹੈ ਜਿਹੜਾ ਕਿਸੇ ਪਾਸੇ ਵੀ ਨਹੀਂ ਲਿਜਾਂਦਾ। ਧਾਰਮਿਕ ਗ੍ਰੰਥਾਂ ਦਾ ਪਾਠ ਕਰਨ ਵਾ਼ਲੇ ਖੁਦ ਤਾਂ ਡੁਬਦੇ ਹੀ ਹਨ ਬਾਕੀਆਂ ਨੂੰ ਵੀ ਲੈ ਡੋਬਦੇ ਹਨ। ਸੰਤ ਕਬੀਰ ਕਹਿੰਦੇ ਹਨ :-

ਪੰਡੀਆ ਕਵਨ ਕੁਮਤਿ ਤੁਮ ਲਾਗੇ।।
ਬੂਡਹੁਗੇ ਪਰਵਾਰ ਸਕਲ ਸਿਉ ਰਾਮ ਨ ਜਪਹੁ ਅਭਾਗੇ।।੧।। ਰਹਾਉ।।
ਬੇਦ ਪੁਰਾਨ ਪੜ੍ਹੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ।।
ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ।।੧।।
ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ।।
ਆਪਸ ਕਉ ਮੁਨਿਵਰ ਕਰਿ ਥਾਪਹੁ ਕਾਕਉ ਕਹਹੁ ਕਸਾਈ।।੨।।
ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ।।
ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ।।੩।।
ਰਾਗੁ ਮਾਰੂ ਪੰਨਾ 1102

ਬ੍ਰਾਹਮਣ ਦਾ ਸਭ ਤੋਂ ਖਤਰਨਾਕ ਹਥਿਆਰ ਹੈ ਸਵਰਗ ਤੇ ਨਰਕ ਦਾ ਵਿਚਾਰ। ਨਰਕ ਦਾ ਡਰ ਅਤੇ ਸਵਰਗ ਦਾ ਲਾਲਚ ਆਮ ਲੋਕਾਂ ਨੂੰ ਬ੍ਰਾਹਮਣੀ ਕਰਮ ਕਾਂਡ ਕਰਨ ਲਈ ਉਕਸਾਉਂਦਾ ਰਹਿੰਦਾ ਹੈ। ਇਸ ਲਈ ਨਰਕ ਅਤੇ ਸੁਰਗ ਦਾ ਡਰ ਦਿਖਾ ਕੇ ਬ੍ਰਾਹਮਣ ਲੋਕਾਂ ਨੂੰ ਆਪਣੇ ਜਾ਼ਲ ਵਿੱਚ ਸਦਾ ਲਈ ਫਸਾਈ ਰੱਖਦੇ ਸਨ। ਇਸ ਕਰਕੇ ਕਈ ਵਾਰ ਕੋਈ ਵਿਅਕਤੀ ਕੁੱਝ ਵੀ ਬ੍ਰਾਹਮਣ ਦੀ ਸੇਵਾ ਵਿੱਚ ਹਾਜ਼ਰ ਕਰਨ ਲਈ ਤਿਆਰ ਹੋ ਜਾਂਦਾ ਹੈ। ਪ੍ਰੰਤੂ ਸੰਤ ਕਬੀਰ ਜੀ ਨੇ ਆਪਣੀ ਬਾਣੀ ਰਾਹੀਂ ਨਰਕ ਸੁਰਗ ਦੇ ਵਿਚਾਰ ਨੂੰ ਮੁੱਢੋਂ ਹੀ ਰੱਦ ਕਰਦਿਆਂ ਵਿਗਿਆਨਕ ਢੰਗ ਰਾਹੀਂ ਲੋਕਾਂ ਨੂੰ ਇਸ ਕੂੜ ਪ੍ਰਚਾਰ ਤੋਂ ਸੁਚੇਤ ਕੀਤਾ ਅਤੇ ਇਸ ਪਖੰਡ ਤੋਂ ਬਚਣ ਲਈ ਪ੍ਰੇਰਦਿਆਂ ਕਿਹਾ। ਉਹ ਕਹਿੰਦੇ ਹਨ :-

ਕਵਨ ਨਰਕੁ ਕਿਆ ਸੁਰਗੁ ਵਿਚਾਰਾ ਸੰਤਨ ਦੋਊ ਰਾਦੇ।।
ਹਮ ਕਾਹੂ ਕੀ ਕਾਣਿ ਨ ਕਢਤੇ ਆਪਨੇ ਗੁਰ ਪਰਸਾਦੇ।।
ਰਾਗ ਰਾਮਕਲੀ ਪੰਨਾ 969

ਕਬੀਰ ਜੀ ਆਪਣੇ ਪੈਰੋਕਾਰਾਂ ਨੂੰ ਸੁਚੇਤ ਕਰਦਿਆਂ ਆਖਦੇ ਹਨ ਕਿ ਉਹ ਪੱਕਾ ਇਰਾਦਾ ਬਣਾ ਕੇ ਮਨੂੰਵਾਦ ਦੇ ਚੁੰਗਲ ਵਿੱਚੋਂ ਨਿੱਕਲ ਜਾਣ ਤਾਂ ਹੀ ਮੁਕਤੀ ਦਾ ਮਾਰਗ ਅਪਣਾਇਆ ਜਾ ਸਕਦਾ ਹੈ। ਦੁਚਿੱਤੀ ਲਈ ਇਸ ਮਾਰਗ ਵਿੱਚ ਕੋਈ ਥਾਂ ਨਹੀਂ। ਮਤਲਬ ਕਬੀਰ ਸਾਹਿਬ ਵਰਗਿਆਂ ਨੂੰ ਮੰਨੀ ਵੀ ਜਾਣਾ ਅਤੇ ਗੁੱਟ 'ਤੇ ਬ੍ਰਾਹਮਣ ਦਾ ਲਾਲ ਧਾਗਾ ਵੀ ਬੰਨ੍ਹੀ ਰੱਖਣਾ। ਇਹ ਦੋਵੇਂ ਕਰਮ ਕਾਂਡ ਬਰਾਬਰ ਨਹੀਂ ਨਿਭ ਸਕਦੇ। ਉਹ ਲਿਖਦੇ ਹਨ :-

ਡਗਮਗ ਛਾਡਿ ਰੇ ਮਨ ਬਉਰਾ।।
ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ।।
ਰਾਗ ਗਉੜੀ ਪੰਨਾ 338

ਕਬੀਰ ਸਾਹਿਬ ਆਪਣੇ ਪੈਰੋਕਾਰਾਂ ਨੂੰ ਪਖੰਡ ਦਾ ਰਸਤਾ ਛੱਡ ਕੇ ਨਿਰਾਲੇ ਪੰਧ ਵੱਲ ਜਾਣ ਪ੍ਰਤੀ ਸੁਚੇਤ ਕਰਦੇ ਹਨ ਪਰ ਵਹਿਮਾਂ-ਭਰਮਾਂ ਵਿੱਚ ਬੁਰੀ ਤਰ੍ਹਾਂ ਜਕੜੀ ਸਧਾਰਨ ਅਤੇ ਲਾਈਲੱਗ ਜਨਤਾ ਜੇ ਕਰ ਉਹਨਾਂ ਦੀ ਗੱਲ ਨੂੰ ਨਹੀਂ ਸੁਣਦੀ ਅਤੇ ਉਹਨਾਂ ਹੀ ਪੁਰਾਣੇ ਪਖੰਡ ਨਾ਼ਲ ਭਰੇ ਮਾਰਗ ਨੂੰ ਕਸ ਕੇ ਪਕੜੀ ਰੱਖਦੀ ਹੈ ਤਾਂ ਕਬੀਰ ਸਾਹਿਬ ਕਹਿੰਦੇ ਹਨ ਕਿ ਅਜਿਹੇ ਮਾਹੌਲ ਵਿੱਚ ਸੱਚਾ ਸਤਗੁਰੂ ਵੀ ਕੀ ਕਰ ਸਕਦਾ ਹੈ ਜਦੋਂ ਉਸ ਦੀ ਕਿਸੇ ਨੇ ਗੱਲ ਹੀ ਨਹੀਂ ਸੁਣਨੀ। ਉਹ ਲਿਖਦੇ ਹਨ :-

ਕਬੀਰ ਸਾਚਾ ਸਤਿਗੁਰ ਕਿਆ ਕਰੈ ਜਉ ਸਿਖਾਂ ਮਹਿ ਚੂਕ।।
ਅੰਧੇ ਏਕ ਨ ਲਾਗਈ ਜਿਉ ਬਾਂਸ ਵਜਾਈਐ ਫੂਕ।।
ਸਲੋਕ ਪੰਨਾ 1372

ਪੜ੍ਹੇ-ਲਿਖੇ ਲੋਕ ਸਿਰਫ਼ ਆਪਣੇ ਪਰਿਵਾਰ ਤੱਕ ਹੀ ਸੀਮਤ ਹੋ ਕੇ ਸਾਡੇ ਮਹਾਂਪੁਰਸ਼ਾਂ ਦੇ ਵਚਨਾਂ ਨੂੰ ਭੁੱਲ ਗਏ ਹਨ ਇਸ ਲਈ ਸਮਾਜਿਕ ਵਿਕਾਸ ਦੀ ਗਤੀ ਕਾਫ਼ੀ ਮੱਧਮ ਹੈ। ਸੰਸਾਰ ਖਾਣਾ ਖਾਂਦਾ ਹੈ ਅਤੇ ਦੂਸਰੇ ਲੋਕਾਂ ਦੀ ਚਿੰਤਾ ਕੀਤੇ ਵਗ਼ੈਰ ਹੀ ਖਾ ਕੇ ਸੌਂ ਜਾਂਦਾ ਹੈ ਪਰ ਕਬੀਰ ਉਹਨਾਂ ਵਿਅਕਤੀਆਂ ਵਿੱਚੋਂ ਨਹੀਂ ਹੈ। ਕਬੀਰ ਤਾਂ ਆਪਣੀ ਡਿਊਟੀ ਨਿਭਾ ਰਿਹਾ ਹੈ। ਇਸ ਲਈ ਉਹ ਰਾਤ ਨੂੰ ਜਾਗਦਾ ਹੈ ਅਤੇ ਆਪਣੇ ਦੀਨ-ਦੁਖੀ ਲੋਕਾਂ ਦੀ ਹਾਲਤ 'ਤੇ ਵਿਚਾਰ ਕਰਦਿਆਂ ਰੋਂਦਾ ਹੈ ਅਤੇ ਉਹਨਾਂ ਦੀ ਹਾਲਤ ਬਦਲਣ ਲਈ ਕੋਸ਼ਿਸ਼ਾਂ ਕਰਦਾ ਹੈ। ਜਿਹੜਾ ਪੜ੍ਹਿਆ-ਲਿਖਿਆ ਵਿਅਕਤੀ ਅਜਿਹੀ ਕਿਸੇ ਤਰ੍ਹਾਂ ਦੀ ਕੋਸ਼ਿਸ਼ ਕਰਦਾ ਹੈ ਉਹ ਹੀ ਕਬੀਰ ਹੈ। ਜਿਸ ਤਰ੍ਹਾਂ ਤਥਾਗਤ ਬੁੱਧ ਦੇ ਵਚਨਾਂ ਅਨੁਸਾਰ ਉਹ ਹੀ ਬੁੱਧ ਹੈ ਜਿਸ ਨੂੰ ਗਿਆਨ ਪ੍ਰਾਪਤ ਹੋ ਗਿਆ ਅਤੇ ਜੋ ਚੰਗੇ-ਮਾੜੇ ਦੀ ਪਛਾਣ ਕਰਨ ਦੇ ਕਾਬਲ ਹੈ। ਕਬੀਰ ਸਾਹਿਬ ਇਸ ਬਾਰੇ ਸਮਝਾਉਂਦਿਅ ਆਖਦੇ ਹਨ :-

ਕਬੀਰ ਸੁਖੀਆ ਸਭ ਸੰਸਾਰ ਹੈ ਖਾਵੇ ਅਰ ਸੋਵੇ।।
ਦੁਖੀਆ ਦਾਸ ਕਬੀਰ ਹੈ ਜਾਗੇ ਅਰ ਰੋਵੇ।।

ਕਬੀਰ ਜੀ ਨੇ ਬੌਧ ਭਿਕਸ਼ੂਆਂ ਵਾਂਗ ਹੀ ਦੇਸ਼ ਵਿਦੇਸ਼ ਵਿੱਚ ਜਗ੍ਹਾ-ਜਗ੍ਹਾ 'ਤੇ ਘੁੰਮ ਕੇ ਆਪਣੇ ਵਿਚਾਰਾਂ ਦਾ ਪ੍ਰਚਾਰ ਕੀਤਾ। 'ਕਬੀਰ ਮਨਸੂਰ' ਪੁਸਤਕ ਵਿੱਚ ਉਹਨਾਂ ਦੀ ਬਗ਼ਦਾਦ, ਸਮਰਕੰਦ ਅਤੇ ਬੁਖ਼ਾਰੇ ਦੀ ਯਾਤਰਾ ਦਾ ਵਰਣਨ ਆਉਂਦਾ। ਇਸ ਦਾ ਮਤਲਬ ਉਹ ਇਕੱਲੇ ਦੇਸ਼ ਤੱਕ ਹੀ ਸੀਮਤ ਨਹੀਂ ਰਹੇ ਸਗੋਂ ਦੂਰ ਤੱਕ ਗਏ ਅਤੇ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਪ੍ਰਸਾਰ ਕੀਤਾ। ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਜੀ ਦੇ ਪਿਤਾ ਜੀ ਕਬੀਰ ਪੰਥੀ ਸਨ। ਇਸ ਲਈ ਬਾਬਾ ਸਾਹਿਬ ਉੱਪਰ ਕਬੀਰ ਸਾਹਿਬ ਦਾ ਕਾਫ਼ੀ ਅਸਰ ਝਲਕਦਾ ਹੈ। ਕੁੱਝ ਸਮੇਂ ਤੋਂ ਧਾਣਕਾ ਸਮਾਜ ਨੇ ਕਬੀਰ ਸਾਹਿਬ ਨੂੰ ਆਪਣੇ ਗੁਰੂ ਦੇ ਤੌਰ 'ਤੇ ਪ੍ਰਵਾਨ ਕਰ ਲਿਆ ਹੈ। ਆਪਣੇ ਗੁਰੂ ਵਾਂਗ ਧਾਣਕਾ ਸਮਾਜ ਖੁਦ ਵੀ ਕ੍ਰਾਂਤੀਕਾਰੀ ਰਿਹਾ ਹੈ। ਇਸ ਕਰਕੇ ਵਰਣ ਵਿਵਸਥਾ ਵਾ਼ਲੇ ਸਮਾਜਿਕ ਪ੍ਰਬੰਧ ਵਿੱਚ ਇਸ ਵਰਗ ਨੂੰ ਸ਼ਾਮਲ ਨਹੀਂ ਕੀਤਾ ਗਿਆ। ਧਾਣਕਾ ਸਮਾਜ ਦਾ ਸੰਤ ਕਬੀਰ ਨੂੰ ਆਪਣਾ ਗੁਰੂ ਮੰਨ ਲੈਣਾ ਵੀ ਕ੍ਰਾਂਤੀਕਾਰੀ ਕਦਮ ਹੀ ਹੈ। ਪਰ ਉਦੋਂ ਬਹੁਤ ਨਿਰਾਸ਼ਤਾ ਹੁੰਦੀ ਹੈ ਜਦੋਂ ਦੇਖਦੇ ਹਾਂ ਕਿ ਧਾਣਕਾ ਸਮਾਜ ਕਬੀਰ ਸਾਹਿਬ ਨੂੰ ਪੂਜਦਾ ਜ਼ਰੂਰ ਹੈ ਪਰ ਅਜੇ ਵੀ ਇਸ ਸਮਾਜ ਦਾ ਬਹੁਤਾ ਹਿੱਸਾ ਬ੍ਰਾਹਮਣਵਾਦੀ ਰੀਤੀ-ਰਸਮਾਂ ਨੂੰ ਮੰਨਦਾ ਹੈ। ਇਹ ਸਿੱਧਾ ਕਬੀਰ ਸਾਹਿਬ ਦਾ ਵਿਰੋਧੀ ਹੋ ਜਾਣਾ ਹੈ। ਜਦੋਂ ਸੰਤ ਕਬੀਰ ਨੂੰ ਮੰਨਣ ਵਾ਼ਲੇ ਲੋਕ ਅੰਧ-ਵਿਸ਼ਵਾਸ ਤੇ ਬ੍ਰਾਹਮਣਵਾਦ ਦੀ ਕੈਦ ਵਿੱਚੋਂ ਨਿੱਕਲ ਕੇ ਕਬੀਰ ਸਾਹਿਬ ਦੀ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਮੰਨਣ ਲੱਗ ਜਾਣਗੇ, ਉਦੋਂ ਸਮਾਜਿਕ ਇਨਕਲਾਬ ਦੀ ਸ਼ੁਰੂਆਤ ਹੋਵੇਗੀ।

# ਜਰਖੜ ਖੇਡਾਂ - ਸੀਨੀਅਰ ਵਰਗ ਵਿੱਚ ਫਰਿਜ਼ਨੋ ਫੀਲਡ ਹਾਕੀ ਕਲੱਬ, ਜੂਨੀਅਰ ਵਰਗ ਵਿੱਚ ਘਵੱਦੀ ਹਾਕੀ ਸੈਂਟਰ ਬਣੇ ਚੈਂਪੀਅਨ

## ਉਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਧੂਮ-ਧੜੱਕੇ ਨਾਲ ਸਮਾਪਤ









**ਲੁਧਿਆਣਾ–** ਮਾਤਾ ਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋਂ ਜਰਖੜ ਖੇਡਾਂ ਦੀ ਕੜੀ ਦਾ 9ਵਾਂ ਉਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਧੂਮ-ਧੜੱਕੇ ਨਾਲ ਸਮਾਪਤ ਹੋਇਆ।

ਹਾਕੀ ਦੇ ਸੀਨੀਅਰ ਵਰਗ ਵਿੱਚ ਜਿੱਥੇ ਫਰਿਜ਼ਨੋ ਫੀਲਡ ਹਾਕੀ ਕਲੱਬ ਨੇ ਇਸਤਿਹਾਸਿਕ ਖਿਤਾਬੀ ਜਿੱਤ ਹਾਸਿਲ ਕੀਤੀ। ਉੱਥੇ ਜੂਨੀਅਰ ਵਰਗ ਵਿੱਚ ਸੀਨੀਅਰ ਸੈਕੰਡਰੀ ਸਕੂਲ ਹਾਕੀ ਸੈਂਟਰ ਨੇ ਪਹਿਲੀ ਵਾਰ ਚੈਂਪੀਅਨ ਬਣਨ ਦਾ ਮਾਣ ਹਾਸਿਲ ਕੀਤਾ। ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਯੁਰਿੰਦਰ ਸਿੰਘ ਹੇਅਰ ਡੀ. ਆਈ. ਜੀ (ਐਡੀਸਨਲ ਡਰਾਇਕੈਟਰ ਪੰਜਾਬ ਪੁਲਿਸ ਅਕੈਡਮੀ ਫਿਲੌਰ) ਨੇ ਕੀਤੀ। ਬੀਤੀ ਰਾਤ ਫਲੱਡ ਲਾਇਟਾਂ ਦੀ ਰੌਸ਼ਨੀ ਵਿੱਚ ਉਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦਾ ਫਾਈਨਲ ਮੁਕਾਬਲਾ ਜੋ ਫਰਿਜ਼ਨੋ ਫੀਲਡ ਹਾਕੀ ਕਲੱਬ ਅਤੇ ਦਰਸ਼ਨ ਸਿੰਘ ਆਸੀ ਗਰੇਵਾਲ ਕਲੱਬ ਕਿਲਾ ਰਾਏਪੁਰ ਵਿਚਕਾਰ ਖੇਡਿਆ ਗਿਆ। ਬੇਹੱਦ ਰੁਮਾਂਚਿਕ ਅਤੇ ਸੰਘਰਸ ਪੂਰਨ ਹੋ ਨਿੱਬੜਿਆ।

ਨਿਰਧਾਰਿਤ ਸਮੇਂ ਤੱਕ ਦੋਵੇਂ ਟੀਮਾਂ 6-6 ’ਤੇ ਬਰਾਬਰ ਖੇਡੀਆਂ, ਆਖਿਰ ਪੈਨਲਟੀ ਸਟ੍ਰੋਕ ਵਿੱਚ ਫਰਿਜ਼ਨੋ ਹਾਕੀ ਫੀਲਡ 3-2 ਨਾਲ ਜੇਤੂ ਰਹੀ। ਮੈਚ ਦੇ ਸ਼ੁਰੂਆਤ ਵਿੱਚ ਫਰਿਜ਼ਨੋ ਕਲੱਬ ਨੇ ਉੱਪਰੋਥਲੀ ਦੋ ਗੋਲ ਕੀਤੇ ਪਰ ਦੂਸਰੇ ਕੁਆਟਰ ਵਿੱਚ ਕਿਲਾ ਰਾਏਪੁਰ ਨੇ ਵਾਪਸੀ ਕਰਦਿਆਂ ਸਕੋਰ 3-2 ਨਾਲ ਆਪਣੇ ਪੱਖ ਵਿੱਚ ਕਰ ਲਿਆ। ਫਿਰ ਚੌਥੇ ਕੁਆਟਰ ਵਿੱਚ ਕਿਲਾ ਰਾਏਪੁਰ ਨੇ 3 ਗੋਲ ਹੋਰ ਕਰਦਿਆਂ ਸਕੋਰ 6-2 ਬਣਾਉਦਿਆਂ ਮੈਚ ਨੂੰ ਇੱਕ ਤਰਫਾ ਰੁੱਖ ਵੱਲ ਮੋੜਿਆ ਪਰ ਆਖਰੀ ਤਿੰਨ ਮਿੰਟਾਂ ’ਚ ਫਰਿਜ਼ਨੋ ਹਾਕੀ ਫੀਲਡ ਕਲੱਬ ਨੇ ਜ਼ਬਰਦਸਤ ਵਾਪਸੀ ਕਰਦਿਆਂ ਉੱਪਰੋਥਲੀ 4 ਗੋਲ ਠੋਕ ਕੇ ਨਾ ਸਿਰਫ ਮੈਚ 6-6 ਦੀ ਬਰਾਬਰੀ ’ਤੇ ਲਿਆਂਦਾ, ਸਗੋਂ ਪੂਰੇ ਸਟੇਡੀਅਮ ਵਿੱਚ ਹਾਕੀ ਪ੍ਰੇਮੀਆਂ ਦੀ ਕਾਵਾਂ ਰੌਲੀ ਪਵਾ ਦਿੱਤੀ। ਅਖੀਰ ਪੈਨਲਟੀ ਸਟ੍ਰੋਕ ਵਿੱਚ ਫਰਿਜ਼ਨੋ ਹਾਕੀ ਫੀਲਡ ਕਲੱਬ ਨੇ 3-2 ਗੋਲਾਂ ਦੀ ਇਤਿਹਾਸਿਕ ਜਿੱਤ ਪ੍ਰਾਪਤ ਕੀਤੀ। ਜੇਤੂ ਟੀਮ ਵੱਲੋਂ ਰਵਿੰਦਰ ਸਿੰਘ ਨੇ 3, ਗੁਰਸਤਿੰਦਰ ਸਿੰਘ ਪਰਗਟ ਨੇ 2, ਲਵਜੀਤ ਸਿੰਘ ਨੇ 1 ਗੋਲ ਕੀਤਾ। ਜਦੋ ਕਿ ਕਿਲਾ ਰਾਏਪੁਰ ਵੱਲੋਂ ਰਣਬੀਰ ਸਿੰਘ ਮੰਨਾ ਨੇ 3, ਨਵਜੋਤ, ਨਰਿੰਦਰ ਅਤੇ ਸਤਵੀਰ ਸਿੰਘ ਨੇ ਇੱਕ-ਇੱਕ ਗੋਲ ਕੀਤਾ।

ਅੱਜ ਦੇ ਜੂਨੀਅਰ ਵਰਗ ਦੇ ਫਾਈਨਲ ਮੁਕਾਬਲੇ ਵਿੱਚ ਘਵੱਦੀ ਹਾਕੀ ਸੈਂਟਰ ਨੇ ਪੀਪੀਐੱਸ ਨਾਭਾ ਨੂੰ 3-2 ਨਾਲ ਹਰਾ ਕੇ ਪਹਿਲੀ ਵਾਰ ਚੈਂਪੀਅਨ ਬਣਨ ਦਾ ਮਾਣ ਹਾਸਿਲ ਕੀਤਾ। ਜੇਤੂ ਟੀਮ ਵੱਲੋਂ ਜਸ਼ਨਦੀਪ ਸਿੰਘ ਨੇ 2, ਅਵਨੀਤ ਸਿੰਘ ਨੇ 1, ਜਦੋਂ ਕਿ ਪੀਪੀਐੱਸ ਨਾਭਾ ਵੱਲੋਂ ਗੁਰਕੀਰਤ ਸਿੰਘ ਅਤੇ ਹਰਦਿਲ ਨੇ 1-1 ਗੋਲ ਕੀਤਾ।

ਸੀਨੀਅਰ ਵਰਗ ਵਿੱਚ ਨੌਜਵਾਨ ਖਿਡਾਰੀਆਂ ਵਿੱਚ ਰਣਬੀਰ ਸਿੰਘ, ਫਰਿਜ਼ਨੋ ਫੀਲਡ ਹਾਕੀ ਕਲੱਬ ਦਾ ਲਵਜੀਤ ਸਿੰਘ ਅਤੇ ਆਜ਼ਾਦ ਕਲੱਬ ਹਠੂਰ ਦਾ ਗੁਰਜੋਤ ਸਿੰਘ ਲਾਡੀ ਨੂੰ ਮੈਨ ਆਫ ਦਾ ਟੂਰਨਾਮੈਂਟ ਵਜੋਂ ਸਾਈਕਲਾਂ ਨਾਲ ਸਨਮਾਨਿਤ ਕੀਤਾ। ਵੈਟਰਨ ਖਿਡਾਰੀ ਵੱਜੋਂ ਫਰਿਜ਼ਨੋ ਕਲੱਬ ਦਾ ਕੁਲਵਿੰਦਰ ਸਿੰਘ ਨੀਟੂ, ਅਤੇ ਰਾਮਪੁਰ ਕਲੱਬ ਦਾ ਪ੍ਰੇਮ ਸਿੰਘ ਮੈਨ ਆਫ ਦਾ ਟੂਰਨਾਮੈਂਟ ਬਣੇ ਜੂਨੀਅਰ ਵਰਗ ਵਿੱਚ ਇਕਬਾਲ ਸਿੰਘ ਘਵੱਦੀ ਮੈਨ ਆਫ ਦਾ ਟੂਰਨਾਮੈਂਟ, ਜਸ਼ਨਪ੍ਰੀਤ ਸਿੰਘ ਘਵੱਦੀ ਮੈਨ ਆਫ ਦਾ ਮੈਚ, ਨਾਭਾ ਦਾ ਹਰਦਿਲ ਹਾਕੀ ਪ੍ਰੇਮੀਆਂ ਦਾ ਚਹੇਤਾ ਖਿਡਾਰੀ ਐਵਾਰਡ, ਨਨਕਾਣਾ ਸਾਹਿਬ ਪਬਲਿਕ ਸਕੂਲ ਰਾਮਪੁਰ ਛੰਨਾਂ ਦਾ ਸੁਖਪ੍ਰੀਤ ਸਿੰਘ ਨੂੰ ਉੱਭਰਦੇ ਖਿਡਾਰੀ ਵੱਲੋਂ ਸਨਮਾਨਿਤ ਕੀਤਾ।

ਇਸ ਮੌਕੇ ਸਿੱਖਿਆ ਦੇ ਖੇਤਰ ਵਿੱਚ ਭਾਈ ਨਗਾਹੀਆ ਸਿੰਘ ਆਲਮਗੀਰ ਦੀ ਵਿਦਿਆਰਥਣ ਲਕਛਮੀ ਕੁਮਾਰੀ ਸ਼ਰੀਹ ਨੂੰ ਕੌਮੀ ਪੱਧਰ ’ਤੇ ਜਰਖੜ ਅਕੈਡਮੀ ਦੇ ਹਾਕੀ ਖੇਡੇ ਖਿਡਾਰੀ ਜਸ਼ਕਰਨ ਸਿੰਘ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਦੇ ਕੇ ਸਾਈਕਲ ਦੇ ਕੇ ਸਨਮਾਨਿਆ ਗਿਆ। ਜੇਤੂ ਟੀਮਾਂ ਨੂੰ ਨਕਦ ਰਾਸ਼ੀ ਅਤੇ ਜੇਤੂ ਟਰਾਫੀਆਂ ਨਾਲ ਅਤੇ ਹੋਰ ਐਵਾਰਡਾਂ ਨਾਲ ਸਨਮਾਨਿਆ ਗਿਆ। ਇਸ ਮੌਕੇ ਸਰਕਾਰੀ ਕਾਲਜ ਲੁਧਿਆਣਾ ਦੇ ਵਿਦਿਆਰਥੀਆਂ ਨੇ ’ਜਰਖੜ ਖੇਡਾਂ ਦੀ ਸਰਦਾਰੀ’ ਵਾਲੇ ਗੀਤ ’ਤੇ ਭੰਗੜਾਂ ਪਾ ਕੇ ਹਾਕੀ ਮਾਹੌਲ ਨੂੰ ਹੋਰ ਸੁਹਾਵਣਾ ਕੀਤਾ। ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਯੁਰਿੰਦਰ ਸਿੰਘ ਹੇਅਰ ਡੀ.ਆਈ.ਜੀ (ਐਡੀਸਨਲ ਡਰਾਇਕੈਟਰ ਪੰਜਾਬ ਪੁਲਿਸ ਅਕੈਡਮੀ ਫਿਲੌਰ) ਨੇ ਕੀਤੀ।

ਇਸ ਮੌਕੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਪ੍ਰੋ. ਰਜਿੰਦਰ ਸਿੰਘ ਅਤੇ ਆਜ਼ਾਦ ਨੇ ਆਪਣੀ ਖੇਡ ਕਮੇਟੀ ਤੋਂ ਇਲਾਵਾ ਆਏ ਮਹਿਮਾਨਾਂ ਨੂੰ ਜੀ ਆਇਆ ਆਖਿਆ। ਇਸ ਮੌਕੇ ਤੇਜਾ ਸਿੰਘ ਧਾਲੀਵਾਲ ਸਕੱਤਰ ਪੰਜਾਬ ਬਾਸਕਟ ਬਾਲ, ਐਡਵੋਕੇਟ ਹਰਕਮਲ ਸਿੰਘ, ਸਕੱਤਰ ਜਗਦੀਪ ਸਿੰਘ ਕਾਹਲੋਂ, ਇੰਸਪੈਟਰ ਬਲਬੀਰ ਸਿੰਘ ਹੀਰ, ਗੁਰਵਿੰਦਰ ਸਿੰਘ ਕਿਲਾ ਰਾਏਪੁਰ, ਰਣਜੀਤ ਸਿੰਘ ਦੁਲੇਅ, ਪਹਿਲਵਾਨ ਹਰਮੇਲ ਸਿੰਘ ਕਾਲਾ, ਅਜੀਤ ਸਿੰਘ ਲਾਦੀਆਂ, ਸਰਪੰਚ ਬਲਜੀਤ ਸਿੰਘ ਬਿੱਟੂ, ਰਜਿੰਦਰ ਸਿੰਘ ਰਾਜੂ ਗਿੱਲ, ਰੇਸ਼ਮ ਸਿੰਘ ਹਠੂਰ, ਐਡਵੋਕੇਟ ਸਪਨੀਤ ਸਿੰਘ, ਡਾ. ਦਵਿੰਦਰ ਸਿੰਘ ਲੁਧਿਆਣਾ, ਐਡਵੋਕੇਟ ਇਸਮੀਤ ਸਿੰਘ, ਨਵਜੋਤ ਸਿੰਘ ਸੰਧੂ ਨਾਭਾ, ਇੰਦਰਜੀਤ ਸਿੰਘ ਕੋਚ ਅਮਰਗੜ੍ਹ, ਪਰਮਜੀਤ ਸਿੰਘ ਨਾਰੰਗਵਾਲ, ਸਰਪੰਚ ਗਿਆਨ ਸਿੰਘ ਗਿੰਨੀ ਕਿਲਾ ਰਾਏਪੁਰ, ਭਗਵੰਤ ਸਿੰਘ ਰਣੀਆਂ, ਰਜਿੰਦਰ ਸਿੰਘ ਜਰਖੜ, ਲਖਵੀਰ ਸਿੰਘ, ਬਾਬਾ ਰੁਲਦਾ ਸਿੰਘ, ਸੋਹਣ ਸਿੰਘ ਸ਼ੰਕਰ, ਪਰਗਟ ਸਿੰਘ ਜਰਖੜ, ਦਲਵੀਰ ਸਿੰਘ ਜਰਖੜ, ਸ਼ਿੰਗਾਰਾ ਸਿੰਘ ਜਰਖੜ, ਸੰਦੀਪ ਸਿੰਘ ਪੰਧੇਰ, ਸਾਹਬਜੀਤ ਸਿੰਘ ਸਾਬੀ, ਪਰਮਜੀਤ ਸਿੰਘ ਪੰਮਾ ਗਰੇਵਾਲ (ਗਿੱਲ) ਆਦਿ ਇਲਾਕੇ ਦੀਆਂ ਹੋਰ ਸ਼ਖਸ਼ੀਅਤਾਂ ਹਾਜ਼ਰ ਸਨ। ਪ੍ਰਧਾਨ ਐਡਵੋਕੇਟ ਹਰਕਮਲ ਸਿੰਘ, ਜਗਰੂਪ ਸਿੰਘ ਜਰਖੜ ਨੇ ਉਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੀ ਕਾਮਯਾਬੀ ’ਤੇ ਪ੍ਰਬੰਧਕਾਂ, ਖਿਡਾਰੀਆਂ ਅਤੇ ਹਾਕੀ ਪ੍ਰੇਮੀਆਂ ਦਾ ਧੰਨਵਾਦ ਕਰਦਿਆਂ ਆਖਿਆ ਕਿ 33ਵੀਆਂ ਜਰਖੜ ਖੇਡਾਂ ਇਸ ਵਰ੍ਹੇ 5 ਤੋਂ 8 ਦਸੰਬਰ ਨੂੰ ਕਰਵਾਈਆਂ ਜਾਣਗੀਆਂ। ਜਿਨ੍ਹਾਂ ਦੀਆਂ ਤਿਆਰੀਆਂ ਹੁਣ ਤੋਂ ਹੀ ਸ਼ੁਰੂ ਕਰ ਦਿੱਤੀਆਂ ਗਈਆਂ ਹਨ।

ਉਨ੍ਹਾਂ ਆਖਿਆ ਇਲਾਕੇ ਦੇ ਸਕੂਲਾਂ ਦੇ ਸਿੱਖਿਆ ਦੇ ਖੇਤਰ ਵਿੱਚ ਵਧੀਆਂ ਮੱਲਾਂ ਮਾਰਨ ਵਾਲੇ 6 ਬੱਚਿਆਂ ਨੂੰ ਜਰਖੜ ਅਕੈਡਮੀ ਸਾਈਕਲਾਂ ਨਾਲ ਸਨਮਾਨਿਤ ਕਰੇਗੀ।

## ਗੀਤ

ਸੂਰਜਾ ਕੁਪੱਤੀ ਤੇਰੀ ਹੁੰਦੀ ਘਰ ਵਾਲੀ,
ਟੈਂਪਰੇਚਰ ਆ ਵੜਦਾ ਨਾ ਵਿਹੜੇ,
ਵਧ ਗਿਆ ਏਨਾ, ਕੀਤੀ ਗਰਮੀ ਨੇ ਅੱਤ,
ਦਿੱਤੇ ਰੱਖ ਮੁਰਝਾ ਕੇ ਸਾਰੇ ਚਿਹਰੇ।
ਸੂਰਜਾ ਕੁਪੱਤੀ ਤੇਰੀ ਹੁੰਦੀ ਘਰਵਾਲੀ...

ਸੁਰਖ਼ੀ ਤੇ ਪਾਉਡਰਾਂ ਦਾ ਜੱਭ ਕਦੇ ਪਿਆ ਨਹੀਂ,
ਨਿੱਕ ਸੁੱਕ ਲੈ ਕੇ ਆਓ, ਵੀ ਤਾਂ ਕਿਸੇ ਕਿਹਾ ਨਹੀਂ,
ਅਜੇ ਤੂੰ ਨਿਠੱਲਾ ਹੋ ਕੇ ਜਿੰਦਗੀ ਗੁਜ਼ਾਰੇਂ,
ਘਰਵਾਲੀ ਦੇ ਨਾ ਨਖ਼ਰੇ ਸਹੇੜੇ।
ਸੂਰਜਾ ਕੁਪੱਤੀ ਤੇਰੀ ਹੁੰਦੀ ਘਰਵਾਲੀ...

ਤੇਰੇ ਵੀ ਹੋਣੇ ਸੀ, ਕੁਝ ਬਾਲ ਤੇ ਨਿਆਣੇ ਜੀ,
ਉਲਝ ਜਾਣੇ ਸੀ, ਸਭ ਤਾਣੇ ਅਤੇ ਬਾਣੇ ਜੀ,
ਮਘਣੇ-ਮਘਾਉਣ ਦਾ, ਖ਼ਿਆਲ ਭੁੱਲ ਜਾਂਦਾ,
ਰਹਿਣੀ ਮੂੰਹ ’ਚ ਜ਼ੁਬਾਨ ਨਾ ਸੀ ਤੇਰੇ।
ਸੂਰਜਾ ਕੁਪੱਤੀ ਤੇਰੀ ਹੁੰਦੀ ਘਰਵਾਲੀ...

ਡੈਡੀ-ਡੈਡੀ ਆਖ ਜਦੋਂ ਬਿੱਟੂ ਪਹੁੰਚਾ ਫੜਦਾ,
ਸੇਕ ਦੇਣਾ ਭੁੱਲਦਾ, ਤੇ ਆਪ ਵੀ ਤੂੰ ਠਰਦਾ,
ਘਰਵਾਲੀ ਪਾਉਣਾ ਸੀਗਾ, ਵੱਖਰਾ ਈ ਸ਼ੋਰ,
ਚੈਂਅ-ਮੈਂਅ ਹੀ ਹੋਣੀ ਸੀ ਵਿੱਚ ਵਿਹੜੇ।
ਸੂਰਜਾ ਕੁਪੱਤੀ ਤੇਰੀ ਹੁੰਦੀ ਘਰਵਾਲੀ...

ਕੰਮ ਉੱਤੇ ਘਰਵਾਲੀ ਲਾ ਕੇ ਸੀਗਾ ਰੱਖਣਾ,
ਦੇਖ-ਰੇਖ ਵਿੱਚ, ਮਜ਼ਾ ਠੰਢ ਦਾ ਸੀ ਚੱਖਣਾ,
ਘੋਟਣਾ ਤੇ ਵੇਲਣਾ, ਸੀ ਦੇਵੀ ਨੇ ਦਿਖਾਉਣਾ,
ਕਦੇ ਗਰਮੀਂ ਨਹੀਂ, ਢੁੱਕਣੀ ਸੀ ਨੇੜੇ।
ਸੂਰਜਾ ਕੁਪੱਤੀ ਤੇਰੀ ਹੁੰਦੀ ਘਰਵਾਲੀ...

ਸ਼ਹਿਰਨ ਹੁੰਦੀ ਤਾਂ ਉਹਨੇ ਕਿੱਟੀ ’ਤੇ ਲੈ ਜਾਣਾ ਸੀ,
ਪੇਂਡੂ ਹੁੰਦੀ ਆਲੂ-ਗੰਢੇ ਛਿੱਲਣੇ ’ਤੇ ਲਾਉਣਾ ਸੀ,
ਡਿਗਰੀਆਂ ਤੇਰੀਆਂ ਨਾ ਰਹਿਣੀਆਂ ਸੀ ਪੱਲੇ,
ਲੂਅ ਦਾ ਕਾਂ, ਨਹੀਂ ਸੀ ਬੈਠਣਾ ਬਨੇਰੇ।
ਸੂਰਜਾ ਕੁਪੱਤੀ ਤੇਰੀ ਹੁੰਦੀ ਘਰਵਾਲੀ...

ਜਦੋਂ ਹੱਦੋਂ ਵੱਧ ਤਪੇਂ, ਫ਼ੇਲ ਹਾਰਟ ਏਂ ਕਰਦਾ,
ਦੁਨੀਆਂ ’ਤੇ ਰਤਾ ਵੀ, ਤੂੰ ਤਰਸ ਨਾ ਕਰਦਾ,
ਪਰਸ਼ੋਤਮ ਸਰੋਏ ਆਖੇ,
ਕਾਹਦਾ ਤੈਨੂੰ ਮਾਣ,
ਖੋਹਵੇਂ ਲੋਕਾਂ ਕੋਲੋਂ, ਖ਼ੁਸ਼ੀਆਂ ਤੇ ਖੇੜੇ।
ਸੂਰਜਾ ਕੁਪੱਤੀ ਤੇਰੀ ਹੁੰਦੀ ਘਰਵਾਲੀ...



**ਪਰਸ਼ੋਤਮ ਲਾਲ ਸਰੋਏ**
91-92175-44348

# ਕਰਤਾਰਪੁਰ ਲਾਂਘਾ: ਕੰਮ 30 ਸਤੰਬਰ ਤੱਕ ਹੋਵੇਗਾ ਮੁਕੰਮਲ

**ਬਟਾਲਾ–** ਪੰਜਾਬ ਦੇ ਲੋਕ ਨਿਰਮਾਣ ਵਿਭਾਗ ਦੇ ਮੰਤਰੀ ਵਿਜੈ ਇੰਦਰ ਸਿੰਗਲਾ ਨੇ ਅੱਜ ਕਰਤਾਰਪੁਰ ਸਾਹਿਬ ਲਾਂਘੇ ਲਈ ਜਾਰੀ ਉਸਾਰੀ ਕਾਰਜਾਂ ਤੇ ਹੋਰ ਪ੍ਰਬੰਧਾਂ ਦਾ ਜਾਇਜ਼ਾ ਲਿਆ। ਡੇਰਾ ਬਾਬਾ ਨਾਨਕ ਪੁੱਜੇ ਸਿੰਗਲਾ ਦੇ ਨਾਲ ਹਲਕਾ ਵਿਧਾਇਕ ਤੇ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵੀ ਮੌਜੂਦ ਸਨ।



ਇਸ ਮੌਕੇ ਉਨ੍ਹਾਂ ਕੌਮਾਂਤਰੀ ਸਰਹੱਦ ਤੋਂ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦੀਦਾਰ ਵੀ ਕੀਤੇ। ਸਿੰਗਲਾ ਨੇ ਕਿਹਾ ਕਿ ਡੇਰਾ ਬਾਬਾ ਨਾਨਕ ਨੂੰ ਆਉਣ ਵਾਲੀਆਂ ਸਾਰੀਆਂ ਸੜਕਾਂ ਨੂੰ ਚੌੜਾ ਕੀਤਾ ਜਾਵੇਗਾ ਤਾਂ ਜੋ ਦੂਰ-ਦੁਰੇਡਿਓਂ ਆਉਣ ਵਾਲੀ ਸੰਗਤ ਨੂੰ ਕੋਈ ਮੁਸ਼ਕਲ ਨਾ ਆਵੇ। ਮੰਤਰੀ ਨੇ ਕਿਹਾ ਕਿ 30 ਸਤੰਬਰ ਤੱਕ ਕੌਰੀਡੋਰ ਦੇ ਰਾਹ ਨਾਲ ਸਬੰਧਤ ਕਾਰਜ ਮੁਕੰਮਲ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਦੀ 550ਵੀਂ ਜਨਮ ਵਰ੍ਹੇਗੰਢ ਤੋਂ ਪਹਿਲਾਂ ਹੀ ਬਟਾਲਾ-ਡੇਰਾ ਬਾਬਾ ਨਾਨਕ, ਫਤਿਹਗੜ੍ਹ ਚੂੜੀਆਂ ਅਤੇ ਅੰਮ੍ਰਿਤਸਰ-ਰਮਦਾਸ ਤੋਂ ਡੇਰਾ ਬਾਬਾ ਨਾਨਕ ਤੱਕ ਆਉਣ ਵਾਲੀ ਸੜਕ ਨੂੰ ਚੌੜਾ ਕੀਤਾ ਜਾਵੇਗਾ। ਸਿੰਗਲਾ ਨੇ ਕਿਹਾ ਕਿ ਕੈਪਟਨ ਸਰਕਾਰ ਇਲਾਕੇ ਦੇ ਸਰਬਪੱਖੀ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ ਤੇ ਜਲਦੀ ਸਾਰੇ ਕਾਰਜ ਮੁਕੰਮਲ ਕੀਤੇ ਜਾਣਗੇ। ਸਹਿਕਾਰਤਾ ਤੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਫਤਹਿਗੜ੍ਹ ਚੂੜੀਆਂ ਤੋਂ ਡੇਰਾ ਬਾਬਾ ਨਾਨਕ ਤੱਕ ਸੜਕ ਦੀ ਹਾਲਤ ਖ਼ਸਤਾ ਰਹੀ ਹੈ ਤੇ ਲੋਕ ਲੰਮੇ ਸਮੇਂ ਤੋਂ ਮੁਰੰਮਤ ਮੰਗ ਰਹੇ ਸਨ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਕੇਂਦਰ ਨੂੰ ਬਟਾਲਾ-ਡੇਰਾ ਬਾਬਾ ਨਾਨਕ ਸੜਕ ਨੂੰ ’ਕੌਮੀ ਮਾਰਗ’ ਐਲਾਨਣ ਬਾਰੇ ਲਿਖਿਆ ਹੈ। ਰੰਧਾਵਾ ਨੇ ਦੱਸਿਆ ਕਿ ਮੰਗਲਵਾਰ ਨੂੰ ਸੜਕਾਂ ਸਬੰਧੀ ਟੈਂਡਰ ਜਾਰੀ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਕਸਬੇ ਨੂੰ ਵਿਰਾਸਤੀ ਸ਼ਹਿਰ ਵਜੋਂ ਵਿਕਸਿਤ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਸਿੰਗਲਾ ਨੇ ਸਥਾਨਕ ਪੀਡਬਲਿਊਡੀ ਰੈਸਟ ਹਾਊਸ ਵਿਚ ਅਧਿਕਾਰੀਆਂ ਨਾਲ ਮੀਟਿੰਗ ਵੀ ਕੀਤੀ ਤੇ ਚੱਲ ਰਹੇ ਵਿਕਾਸ ਕੰਮਾਂ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਵਿਕਾਸ ਕਾਰਜਾਂ ਵਿਚ ਤੇਜ਼ੀ ਲਿਆਉਣ ਤੇ ਸਮੇਂ ਸਿਰ ਮੁਕੰਮਲ ਕਰਨ ਲਈ ਹਦਾਇਤਾਂ ਵੀ ਦਿੱਤੀਆਂ। ਹੋਰਨਾਂ ਤੋਂ ਇਲਾਵਾ ਇਸ ਮੌਕੇ ਐੱਸਡੀਐੱਮ ਗੁਰਸਿਮਰਨ ਸਿੰਘ, ਚੀਫ਼ ਇੰਜਨੀਅਰ ਜੇ.ਐੱਸ. ਮਾਨ ਤੇ ਅਰੁਣ ਕੁਮਾਰ, ਐੱਸਈ ਭੁਪਿੰਦਰ ਸਿੰਘ ਤੁਲੀ ਤੇ ਹੋਰ ਹਾਜ਼ਰ ਸਨ।

# ਅਮਰੀਕਾ ਵੱਲੋਂ ਭਾਰਤ ਦਾ ਤਰਜੀਹੀ ਵਿਕਾਸਸ਼ੀਲ ਮੁਲਕ ਦਾ ਦਰਜਾ ਖਤਮ

ਵਾਸ਼ਿੰਗਟਨ- ਅਮਰੀਕੀ ਰਾਸ਼ਟਰ-ਪਤੀ ਡੋਨਲਡ ਟਰੰਪ ਨੇ ਕਾਰੋਬਾਰ ਵਿੱਚ ਆਮ ਤਰਜੀਹੀ ਪ੍ਰਬੰਧ (ਜੀ-ਐੱਸਪੀ) ਤਹਿਤ ਭਾਰਤ ਨੂੰ ਵਿਕਾ-ਸਸ਼ੀਲ ਦੇਸ਼ ਵਜੋਂ ਟੈਕਸ ਵਿੱਚ ਛੋਟ ਦਾ ਲਾਭ ਖਤਮ ਕਰ ਦਿੱਤਾ ਹੈ। ਇਸ ਫ਼ੈਸਲੇ ਨਾਲ ਭਾਰਤ ਦੇ ਕੁਝ ਉਤਪਾਦ ਅਮਰੀਕਾ ਵਿੱਚ ਟੈਕਸ ਲੱਗਣ ਨਾਲ ਮਹਿੰਗੇ ਹੋ ਜਾਣਗੇ।



ਜੀਐੱਸਪੀ ਅਮਰੀਕਾ ਦਾ ਸਭ ਤੋਂ ਵੱਡਾ ਤੇ ਪੁਰਾਣਾ ਕਾਰੋਬਾਰ ਤਰਜੀਹੀ ਪ੍ਰੋਗਰਾਮ ਹੈ। ਇਹ ਪ੍ਰੋਗਰਾਮ ਚੋਣਵੇਂ ਲਾਭਪਾਤਰੀ ਦੇਸ਼ਾਂ ਦੇ ਹਜ਼ਾਰਾਂ ਉਤਪਾਦਾਂ ਨੂੰ ਟੈਕਸ ਦੀ ਛੋਟ ਦੇ ਕੇ ਉਨ੍ਹਾਂ ਨੂੰ ਵਿੱਤੀ ਵਿਕਾਸ ਨੂੰ ਹੁਲਾਰਾ ਦੇਣ ਲਈ ਸ਼ੁਰੂ ਕੀਤਾ ਗਿਆ ਸੀ। ਟਰੰਪ ਨੇ ਕਈ ਸੰਸਦ ਮੈਂਬਰਾਂ ਦੀ ਅਪੀਲ ਨੂੰ ਨਜ਼ਰਅੰਦਾਜ਼ ਕਰਦਿਆਂ ਬੀਤੇ ਦਿਨ ਐਲਾਨ ਕੀਤਾ, ’ਭਾਰਤ ਨੇ ਅਮਰੀਕਾ ਨੂੰ ਆਪਣੇ ਬਾਜ਼ਾਰ ਤੱਕ ਬਰਾਬਰ ਤੇ ਤਰਕ ਆਧਾਰ ਪਹੁੰਚ ਮੁਹੱਈਆ ਕਰਾਉਣ ਦਾ ਭਰੋਸਾ ਨਹੀਂ ਦਿੱਤਾ ਹੈ। ਇਸ ਲਈ ਮੈਂ ਤੈਅ ਕੀਤਾ ਹੈ ਕਿ ਪੰਜ ਜੂਨ 20019 ਤੋਂ ਭਾਰਤ ਦਾ ਲਾਭਪਾਤਰੀ ਵਿਕਾਸਸ਼ੀਲ ਦੇਸ਼ ਦਾ ਦਰਜਾ ਖਤਮ ਕਰਨਾ ਬਿਲਕੁਲ ਠੀਕ ਰਹੇਗਾ।’

ਜ਼ਿਕਰਯੋਗ ਹੈ ਕਿ ਟਰੰਪ ਨੇ 4 ਮਾਰਚ ਨੂੰ ਐਲਾਨ ਕੀਤਾ ਸੀ ਕਿ ਅਮਰੀਕਾ ਜੀਐੱਸਪੀ ਤਹਿਤ ਭਾਰਤ ਦਾ ਤਰਜੀਹੀ ਵਿਕਾਸਸ਼ੀਲ ਮੁਲਕ ਦਾ ਦਰਜਾ ਖਤਮ ਕਰਨਾ ਚਾਹੁੰਦਾ ਹੈ।

**ਅਮਰੀਕਾ ਨਾਲ ਕਾਰੋਬਾਰ ਜਾਰੀ ਰੱਖਾਂਗੇ: ਭਾਰਤ**

ਨਵੀਂ ਦਿੱਲੀ: ਭਾਰਤ ਸਰਕਾਰ ਨੇ ਕਿਹਾ ਅਮਰੀਕਾ ਦੇ ਫ਼ੈਸਲੇ ਦੇ ਬਾਵਜੂਦ ਭਾਰਤ ਅਮਰੀਕਾ ਨਾਲ ਵਿੱਤੀ ਸਬੰਧ ਮਜ਼ਬੂਤ ਬਣਾਏ ਰੱਖਣ ਲਈ ਕੰਮ ਕਰਦਾ ਰਹੇਗਾ। ਕਾਰੋਬਾਰ ਮੰਤਰਾਲੇ ਨੇ ਕਿਹਾ ਕਿ ਕਿਸੇ ਵੀ ਸਬੰਧ ਤੇ ਖਾਸ ਕਰਕੇ ਆਰਥਿਕ ਸਬੰਧਾਂ ’ਚ ਕਈ ਮੁੱਦੇ ਨਾਲ ਨਾਲ ਚਲਦੇ ਹਨ ਤੇ ਉਨ੍ਹਾਂ ਨੂੰ ਆਪਸੀ ਸਹਿਯੋਗ ਨਾਲ ਹੱਲ ਕਰ ਲਿਆ ਜਾਂਦਾ ਹੈ। ਭਾਰਤ ਇਸ ਮਾਮਲੇ ਨੂੰ ਆਮ ਪ੍ਰਕਿਰਿਆ ਦੇ ਹਿੱਸੇ ਵਜੋਂ ਦੇਖ ਰਿਹਾ ਹੈ ਤੇ ਉਹ ਅਮਰੀਕਾ ਨਾਲ ਵਿੱਤੀ ਤੇ ਦੋਵਾਂ ਮੁਲਕਾਂ ਦੇ ਲੋਕਾਂ ਵਿਚਾਲੇ ਰਿਸ਼ਤੇ ਮਜ਼ਬੂਤ ਕਰਨ ਦੀ ਦਿਸ਼ਾ ’ਚ ਕੰਮ ਜਾਰੀ ਰੱਖਣਗੇ।

’ਦੇਸ਼ ਦੁਆਬਾ’ ’ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com

# ਗੁਰੂ ਅਰਜਨ ਸਾਹਿਬ ਦੀ ਸ਼ਹਾਦਤ? ਪ੍ਰਤੀਕਰਮ? ਅਤੇ ਜੂਨ 1984 ਦਾ ਘੱਲੂਘਾਰਾ



ਅਵਤਾਰ ਸਿੰਘ ਮਿਸ਼ਨਰੀ
510-432-5827

ਗੁਰੂ ਨਾਨਕ ਸਾਹਿਬ ਤੋਂ ਬਲਕਿ ਭਗਤਾਂ ਤੋਂ ਲੈ ਕੇ ਹੁਣ ਗੁਰੂ ਅਰਜਨ ਸਾਹਿਬ ਤੱਕ ਸਭ ਭਗਤਾਂ ਅਤੇ ਗੁਰੂਆਂ ਨੇ ਸੱਚ ਦਾ ਪ੍ਰਚਾਰ ਰੱਬੀ ਗਿਆਨ ਦੁਆਰਾ ਸ਼ਾਂਤਮਈ ਢੰਗ ਨਾਲ ਕੀਤਾ ਪਰ ਫਿਰ ਵੀ ਵਕਤੀਆ ਹਕੂਮਤਾਂ ਤੇ ਉਨ੍ਹਾਂ ਦੇ ਝੋਲੀ ਚੁੱਕਾਂ, ਕਟੜਵਾਦੀ ਬ੍ਰਾਹਮਣਾ ਅਤੇ ਮੂਲਾਂ ਮੌਲਾਣਿਆਂ ਨੇ ਹਮੇਸ਼ਾਂ ਇਸ ਦਾ ਵਿਰੋਧ ਕੀਤਾ। ਕਟੜਵਾਦੀ ਬ੍ਰਾਹਮਣਾਂ ਅਤੇ ਮੂਲਾਂ ਮੌਲਾਣਿਆਂ ਨੇ ਤਾਂ ਇਸ ਕਰਕੇ ਕੀਤਾ ਕਿ ਉਨ੍ਹਾਂ ਦੁਆਰਾ ਫੈਲਾਏ ਭਰਮਜਾਲ-ਕਰਮਕਾਂਡਾਂ ਦਾ ਭਗਤਾਂ ਅਤੇ ਗੁਰੂਆਂ ਨੇ ਕਰੜਾ ਵਿਰੋਧ ਕਰਕੇ ਭੋਲੀ ਭਾਲੀ ਜਨਤਾ ਨੂੰ ਜਾਗਰੂਕ ਕੀਤਾ। ਇਸ ਨਾਲ ਇਨ੍ਹਾਂ ਲੋਕਾਂ ਦੀ ਧਰਮ ਦੇ ਨਾਂ ਤੇ ਚਲਾਈ ਹੋਈ ਰੋਜੀ ਰੋਟੀ ਵਾਲੀ ਦੁਕਾਨਦਾਰੀ ਤੇ ਅਸਰ ਪਿਆ ਅਤੇ ਅਜਿਹੇ ਲੋਕਾਂ ਵਲੋਂ ਹੀ ਹਕੂਮਤ ਦੇ ਕੰਨ ਭਰੇ ਗਏ ਕਿ ਜੇ ਵੇਲੇ ਸਿਰ ਭਗਤਾਂ ਅਤੇ ਗੁਰੂਆਂ ਦੀਆਂ ਸਰਗਰਮੀਆਂ ਤੇ ਕਰੜੀ ਨਿਗ੍ਹਾ ਨਾਂ ਰੱਖੀ ਗਈ ਤਾਂ ਇਹ ਲੋਕ ਹਕੂਮਤ ਦਾ ਤਖ਼ਤਾ ਉਲਟਾ ਸਕਦੇ ਹਨ। ਇਸ ਮਾਮਲੇ ਵਿੱਚ ਸਿੱਧ, ਜੋਗੀ, ਉਦਾਸੀ, ਬ੍ਰਾਹਮਣ, ਮੌਲਾਣੇ, ਸ਼੍ਰੀਚੰਦੀਏ, ਪ੍ਰਿਥੀਚੰਦੀਏ, ਚੰਦੂਸ਼ਾਹੀਏ, ਬੀਰਬਲ ਬ੍ਰਾਹਮਣ ਆਦਿਕ ਜਿੱਥੇ ਵਕਤੀਆ ਹਕੂਮਤਾਂ ਦੇ ਕੰਨ ਭਰਦੇ ਰਹੇ ਓਥੇ ਤੁਰਾਨ ਦੇ ਰਹਿਣ ਵਾਲੇ ਮੁਹੰਮਦ ਬਾਕੀ ਬਿਲਾ ਦੇ ਚੇਲੇ ਸ਼ੇਖ ਅਹਿਮਦ ਸਰਹੱਦੀ, ਉਸ ਦੇ ਚੇਲੇ ਮੁਰਤਜ਼ਾ ਖਾਂ ਜੋ ਅਤਿ ਕਟੜਵਾਦੀ ਚਿਸ਼ਤੀ ਮੁਸਲਮਾਨ ਸਨ ਅਤੇ ਜੋ ਸਿਰਫ ਤੇ ਸਿਰਫ ਹਰ ਪਾਸੇ ਇਸਲਾਮ ਹੀ ਇਸਲਾਮ ਦੇਖਣਾ ਚਾਹੁੰਦੇ ਸਨ, ਇਨਾਂ ਦਾ ਵੀ ਸਿੱਧਾ ਹੱਥ ਸੀ। ਇਵੇਂ ਸੌੜੀ ਸੋਚ ਵਾਲੇ ਧਾਰਮਿਕ ਆਗੂ ਅੱਗ ਬਲੂਲੇ ਹੋ ਉੱਠੇ ਜੋ ਪਹਿਲੇ ਵੀ ਆਪਸ ਵਿੱਚ ਲੜ ਰਹੇ ਸਨ-ਖਹਿ ਮਰਦੇ ਬਹੁ ਬਾਹਣ ਮੌਲਾਣੇ (ਭਾ.ਗੁ.) ਸਾਡੇ ਬਹੁਤੇ ਢਾਡੀ ਤੇ ਪ੍ਰਚਾਰਕ ਇਕੱਲੇ ਚੰਦੂ ਤੇ ਦੋਸ਼ ਲਾਉਂਦੇ ਆ ਰਹੇ ਹਨ ਪਰ ਚੰਦੂ ਤਾਂ ਇੱਕ ਮਾਮੂਲੀ ਅਹਿਲਕਾਰ ਸੀ। ਚੰਦੂ ਨੇ ਰਿਸ਼ਤਾ ਕਰਨ ਵੇਲੇ ਗੁਰੂ ਕਿਆਂ ਵਿਰੁੱਧ ਕਬੋਲ ਬੋਲੇ ਸਨ ਕਿ ਚੁਬਾਰੇ ਦੀ ਇੱਟ ਮੋਰੀ ਨਾਲ ਲਾ ਆਏ ਹੋ, ਸਿੱਖ ਸੰਗਤ ਨੇ ਇਸ ਦਾ ਕਰੜਾ ਵਿਰੋਧ ਕੀਤਾ ਸੀ।

ਭਗਤਾਂ ਅਤੇ ਗੁਰੂਆਂ ਦੇ ਸੱਚੇ-ਸੁੱਚੇ ਤੇ ਸਿਧੇ-ਸਾਦੇ ਸੁਨਹਿਰੀ ਉਪਦੇਸ਼ਾਂ ਕਰਕੇ ਧੜਾ-ਧੜ ਹਿੰਦੂ ਅਤੇ ਮੁਸਲਮਾਨ ਸਿੱਖ ਬਣ ਰਹੇ ਸਨ, ਇਹ ਗੱਲ ਉਸ ਵੇਲੇ ਦਾ ਇਤਿਹਾਸਕਾਰ ਮੋਹਸਨਫਾਨੀ ਵੀ ਲਿਖਦਾ ਹੈ। ਭਾਵੇਂ ਜਾਤ ਅਭਿਮਾਨੀਆਂ ਅਤੇ ਕਟੜਵਾਦੀਆਂ ਨੇ ਅਕਬਰ ਬਾਦਸ਼ਾਹ ਦੇ ਵੀ ਕੰਨ ਭਰੇ ਪਰ ਅਕਬਰ ਖੁਲ੍ਹ-ਦਿਲਾ ਹੋਣ ਕਰਕੇ ਇਨ੍ਹਾਂ ਨੂੰ ਮੂੰਹ ਦੀ ਖਾਣੀ ਪਈ। ਅਕਬਰ ਬਾਦਸ਼ਾਹ ਕਈ ਵਾਰ ਗੁਰੂ ਦਰਬਾਰ ਆਇਆ, ਗੁਰੂਆਂ ਦੀ ਸਿਖਿਆ ਤੋਂ ਪ੍ਰਭਾਵਿਤ ਹੋਇਆ, ਕਿਰਸਾਨਾਂ ਦਾ ਮਾਲੀਆ ਅਤੇ ਹਿੰਦੂਆਂ ਦੇ ਤੀਰਥਾਂ ਦਾ ਟੈਕਸ ਵੀ ਮੁਆਫ ਕਰ ਗਿਆ। ਹੁਣ ਅਕਬਰ ਦੀ ਮੌਤ ਤੋਂ ਬਾਅਦ ਉਸ ਦੇ ਸ਼ਰਾਬੀ-ਕਬਾਬੀ ਪੁੱਤਰ ਜਹਾਂਗੀਰ ਨੂੰ ਇਨ੍ਹਾਂ ਕਟੜਵਾਦੀਆਂ ਨੇ ਇਸ ਕਰਕੇ ਰਾਜ ਗੱਦੀ ਤੇ ਬੈਠਾਇਆ ਕਿ ਜਹਾਂਗੀਰ ਇਸਲਾਮ ਦਾ ਪ੍ਰਚਾਰ ਕਰੇਗਾ ਅਤੇ ਸਿੱਖ ਲਹਿਰ ਨੂੰ ਖਤਮ ਕਰ ਦੇਵੇਗਾ ਪਰ ਉਸ ਨੂੰ ਕੀ ਪਤਾ ਸੀ ਕਿ ਇਹ ਲਹਿਰ ਸਗੋਂ ਹੋਰ ਵਧੇ ਫੁੱਲੇਗੀ!

ਇਸ ਸਬੰਧ ਵਿੱਚ ਜਹਾਂਗੀਰ ਖੁਦ ਵੀ ਆਪਣੀ ਸਵੈ ਜੀਵਨੀ 'ਤੁਜ਼ਕਿ ਜਹਾਂਗੀਰੀ' ਵਿੱਚ ਲਿਖਦਾ ਹੈ ਕਿ "ਬਿਆਸ ਦਰਿਆ ਕੰਢੇ ਗੋਇੰਵਾਲ ਨਗਰ ਵਿੱਚ ਇੱਕ ਪੀਰਾਂ ਬਜੁਰਗਾਂ ਦੇ ਭੇਸ ਵਿੱਚ ਅਰਜਨ ਨਾਮ ਦੇ ਹਿੰਦੂ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਸਗੋਂ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੇ ਮਗਰ ਲਾ ਕੇ, ਆਪਣੀ ਪੀਰੀ ਦਾ ਢੋਲ ਉੱਚਾ ਵਜਾਇਆ ਹੋਇਆ ਸੀ ਲੋਕ ਉਸ ਨੂੰ ਗੁਰੂ ਆਖਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਚਲ ਰਹੀ ਸੀ ਚਿਰ ਤੋਂ ਮੈਂ ਸੋਚ ਰਿਹਾ ਸੀ ਇਸ ਝੂਠ ਦੀ ਦੁਕਾਨ ਨੂੰ ਬੰਦ ਕੀਤਾ ਜਾਵੇ ਜਾਂ ਇਸ ਗੁਰੂ ਨੂੰ ਇਸਲਾਮ ਵਿੱਚ ਲੈ ਆਂਦਾ ਜਾਵੇ। ਇਨ੍ਹਾਂ ਦਿਨਾਂ ਚ' ਹੀ ਹਕੂਮਤ ਦਾ ਬਾਗੀ ਖੁਸਰੋ ਇਧਰ ਆਇਆ ਤੇ ਇਸ ਗੁਰੂ ਨੇ ਉਸ ਦੇ ਮੱਥੇ ਤੇ ਕੇਸਰ ਦਾ ਟਿੱਕਾ ਲਾ ਕੇ ਜਿੱਥੇ ਉਸ ਦੀ ਕਾਮਯਾਬੀ ਦੀ ਅਰਦਾਸ ਕੀਤੀ ਓਥੇ ਮਾਲੀ ਸਹਾਇਤਾ ਵੀ ਕੀਤੀ, ਜਦੋਂ ਮੈਨੂੰ ਇਸ ਦਾ ਪਤਾ ਲਗਾ ਤਾਂ ਮੈਂ ਹੁਕਮ ਕੀਤਾ ਕਿ ਇਸ ਗੁਰੂ ਨੂੰ ਪਕੜ ਕੇ ਮੇਰੇ ਹਵਾਲੇ ਕੀਤਾ ਜਾਵੇ, ਉਸ ਦਾ ਘਰ ਘਾਟ ਬੱਚੇ ਅਤੇ ਮਾਲ ਅਸਬਾਬ ਮੁਰਤਜਾ ਖਾਂ ਦੇ ਹਵਾਲੇ ਕਰਕੇ, ਇਸ ਨੂੰ "ਯਾਸਾ ਦੰਡ" ਦੇ ਕੇ ਮਾਰ ਦਿੱਤਾ ਜਾਵੇ" (ਯਾਸਾ ਦੰਡ ਪੁਰਾਣੇ ਮੰਗੋਲੀਆ ਲੋਕ ਜਿਨ੍ਹਾਂ ਦਾ ਵਹਿਸ਼ੀਪੁਣਾ ਮਸ਼ਹੂਰ ਹੈ, ਦਿਆ ਕਰਦੇ ਸਨ, ਜਿਸ ਵਿੱਚ ਕਿਸੇ ਵਿਸ਼ੇਸ਼ ਧਰਮੀ-ਪੁਰਖ ਨੂੰ ਬਿਨਾਂ ਖੂਨ ਡੋਲ੍ਹੇ ਮਾਰਿਆ ਜਾਂਦਾ ਸੀ ਕਿ ਉਸ



ਦੇ ਖੂਨ ਤੋਂ ਹੋਰ ਸ਼ਹੀਦ ਨਾਂ ਪੈਦਾ ਹੋ ਜਾਣ) ਸੋ ਇਸ ਤਰੀਕੇ ਨਾਲ 2 ਹਾੜ ਬਿਕਰਮੀ ਸੰਮਤ 1663 ਮੁਤਾਬਕ 30 ਮਈ ਸੰਨ 1606 (ਜੂਲੀਅਨ) ਦਿਨ ਸ਼ੁਕਰਵਾਰ ਨੂੰ, ਗੁਰੂ ਅਰਜਨ ਸਾਹਿਬ ਨੂੰ ਭਿਆਨਕ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਅੱਜ ਨਾਨਕਸ਼ਾਹੀ ਕੈਲੰਡਰ ਮੁਤਾਬਿਕ ਇਹ ਸ਼ਹੀਦੀ ਦਿਹਾੜਾ 2 ਹਾੜ (16 ਜੂਨ) ਨੂੰ ਵਿਦਵਾਨਾਂ ਵੱਲੋਂ ਪੱਕਾ ਕੀਤਾ ਗਿਆ ਅਤੇ ਹੁਣ ਸਿੱਖ ਕੌਮ ਹਰ ਸਾਲ 16 ਜੂਨ ਨੂੰ ਹੀ ਇਹ ਦਿਹਾੜਾ ਮਨਾਉਂਦੀ ਹੈ।

ਪ੍ਰਤੀਕਰਮ-ਜਿਸ ਦਾ ਪ੍ਰਤੀਕਰਮ ਇਹ ਹੋਇਆ ਕਿ ਛੇਵੇਂ ਗੁਰੂ ਹਰਗੋਬਿੰਦ ਜੀ ਨੇ ਗੁਰੂ-ਪਿਤਾ ਦੇ ਆਦੇਸ਼ ਤੇ ਚਲਦਿਆਂ ਅਕਾਲ ਤਖ਼ਤ ਦੀ ਰਚਨਾ ਕੀਤੀ, ਮੀਰੀ ਪੀਰੀ ਦੀਆਂ ਤਲਵਾਰਾਂ ਪਹਿਣ ਲਈਆਂ, ਦੂਰ-ਦੂਰ ਹੁਕਨਾਮੇ ਭੇਜ ਦਿੱਤੇ ਕਿ ਹੁਣ ਸਿੱਖ ਰਸਤਾਂ ਬਸਤਾਂ ਦੇ ਨਾਲ ਜਵਾਨੀਆਂ, ਸ਼ਸ਼ਤਰ, ਘੋੜੇ ਭੇਟ ਕਰਨ, ਸ਼ਸ਼ਤਰ ਵਿਦਿਆ ਦਾ ਅਭਿਆਸ ਕਰਨ ਅਤੇ ਸ਼ਿਕਾਰ ਖੇਡਣ। ਇਸ ਤਰ੍ਹਾਂ ਥੋੜੇ ਸਮੇਂ ਵਿੱਚ ਹੀ ਗੁਰੂ ਦੀ ਫੌਜ ਤਿਆਰ ਹੋ ਗਈ। ਗੁਰੂ ਜੀ ਨੇ ਜਾਲਮ ਹਕੂਮਤ ਨਾਲ ਚਾਰ ਜੰਗਾਂ ਲੜੀਆਂ ਜਿਨ੍ਹਾਂ ਵਿੱਚ ਸਰਕਾਰ ਨੂੰ ਕਰਾਰੀ ਹਾਰ ਹੋਈ। ਲੋਕ ਇਨਸਾਫ ਲਈ ਦਿੱਲੀ ਦਾ ਤਖ਼ਤ ਛੱਡ, ਅਕਾਲ ਤਖ਼ਤ ਪਰ ਗੁਰੂ ਦੀ ਸ਼ਰਣ ਆਉਣ ਲੱਗ ਪਏ। ਮੁਗਲੀਆਂ ਹਕੂਮਤ ਦੀਆਂ ਜੜਾਂ ਖੋਖਲੀਆਂ ਹੋ ਗਈਆਂ ਅਤੇ ਜਹਾਂਗੀਰ ਨੂੰ ਸੁਲਾਹ ਲਈ ਗੁਰੂ ਦੀ ਸ਼ਰਣ ਆਉਣਾ ਪਿਆ। ਸਿੱਖਾਂ ਦੇ ਸਤਵੇਂ, ਅਠਵੇਂ ਗੁਰੂ ਤੱਕ ਸ਼ਾਂਤੀ ਰਹੀ ਪਰ ਗੁਰੂ ਦਰਬਾਰ ਵਿੱਚ ਸਿੱਖ ਫੌਜ ਹਮੇਸ਼ਾਂ ਬਰਕਰਾਰ ਰਹੀ। ਨੌਵੇਂ ਗੁਰੂ ਨੇ ਵੀ ਧਰਮ ਦੀ ਖਾਤਰ ਮਜ਼ਲੂਮ ਦੀ ਰੱਖਿਆ ਲਈ ਆਪਾ ਕੁਰਬਾਨ ਕੀਤਾ। ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਖੰਡੇ ਦੀ ਪਹੁਲ ਦੇ ਕੇ ਖ਼ਾਲਸਾ ਫੌਜ ਦਾ ਲਕਬ ਦਿੱਤਾ, ਸਦਾ ਤਿਆਰ ਬਰ ਤਿਆਰ ਰਹਿਣ ਦਾ ਆਦੇਸ਼ ਦਿੱਤਾ। ਔਰੰਗਜ਼ੇਬ ਦੀ ਜ਼ਾਲਮ ਹਕੂਮਤ ਅਤੇ ਅਕਿਰਤਘਣ ਪਹਾੜੀ ਰਾਜਿਆਂ ਨਾਲ ੧੪ ਜੰਗਾਂ ਬੇਇਨਸਾਫੀ ਅਤੇ ਜ਼ੁਲਮ ਦੇ ਵਿਰੁੱਧ ਲੜੀਆਂ, ਜਿਸ ਦਾ ਫਲ ਬਾਬਾ ਬੰਦਾ ਸਿੰਘ ਬਹਾਦਰ ਨੇ ੮ ਸਾਲ ਰਾਜ ਕੀਤਾ।ਸਿੱਖ ਮਿਸਲਾਂ ਨੇ ਵੀ ਜ਼ਾਲਮ ਹਕੂਮਤ ਨੂੰ ਵਖਤ ਪਾਈ ਰੱਖਿਆ ਅਤੇ ਮਹਾਂਰਾਜਾ ਰਣਜੀਤ ਸਿੰਘ ਦੀ ਅਗਵਾਈ ਵਿੱਚ ੫੦ ਸਾਲ ਰਾਜ ਕੀਤਾ ਜੋ ਫੁੱਟ ਕਰਕੇ ਜਾਂਦਾ ਰਿਹਾ ਅਤੇ ਅੱਜ ਤੱਕ ਨਹੀਂ ਮਿਲਿਆ। ਗੁਰਦੁਆਰਿਆਂ ਤੇ ਮਹੰਤ ਕਾਬਜ਼ ਹੋ ਗਏ ਜੋ ਭਾਰੀ ਕੁਰਬਾਨੀਆਂ ਕਰਕੇ ਕੱਢਣੇ ਪਏ। ਸਿੰਘ ਸਭਾ ਲਹਿਰ ਪੈਦਾ ਹੋਈ ਸਿੱਖੀ ਦਾ ਪ੍ਰਚਾਰ ਹੋਇਆ ਪਰ ਇਨ੍ਹਾਂ ਕਰਮਕਾਂਡੀ ਮਹੰਤਾਂ ਦਾ ਅਸਰ ਖਤਮ ਨਹੀਂ ਗਿਆ।

ਜੂਨ ੮੪ ਦਾ ਘੱਲੂਘਾਰਾ-ਜੂਨ ੧੯੮੪ ਵਿੱਚ ਫਿਰ ਬਹਾਦਰ ਸਿੱਖ ਕੌਮ ਜਿਸ ਨੇ ਭਾਰਤ ਨੂੰ ਅਜ਼ਾਦ ਕਰਾਉਣ ਲਈ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਜਿਨ੍ਹਾਂ ਨੂੰ ਭੁਲਾ ਕੇ ਅਕ੍ਰਿਤਘਣਤਾ ਦਾ ਸਬੂਤ ਦਿੰਦੇ ਹੋਏ, ਪੰਚਮ ਪਾਤਸ਼ਾਹ ਦੇ ਸ਼ਹੀਦੀ ਪੁਰਬ ਤੇ ਇਕੱਤਰ ਹੋਈਆਂ ਹਜਾਰਾਂ ਸੰਗਤਾਂ ਸਮੇਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਭਾਰਤੀ ਹਕੂਮਤ ਨੇ ਹਮਲਾ ਕਰਕੇ, ਗੁਰੂਆਂ ਭਗਤਾਂ ਦੀਆਂ ਹੱਥ ਲਿਖਤਾਂ, ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਤਨ ਬੀੜਾਂ, ਇਤਿਹਾਸਕ ਦਸਤਾਵੇਜ ਜੋ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚ ਸਾਂਭੇ ਪਏ ਸਨ, ਨੂੰ ਲੁੱਟਿਆ, ਸਾੜਿਆ ਅਤੇ ਖੁਰਦ-ਬੁਰਦ ਕੀਤਾ। ਨਿਹੱਥੇ ਸਿੱਖ ਆਗੂਆਂ ਅਤੇ ਸੰਗਤਾਂ ਨੂੰ ਦ੍ਰਿੰਦਗੀ ਦਾ ਨਾਚ ਨੱਚਦੇ ਹੋਏ ਰਫਲਾਂ ਦੀਆਂ ਗੋਲੀਆਂ ਅਤੇ ਤੋਪਾਂ ਦੇ ਗੋਲਿਆਂ ਨਾਲ ਭੁੰਨਿਆਂ। ਬਚ ਗਈਆਂ ਔਰਤਾਂ ਨਾਲ ਬਲਾਤਕਾਰ ਕੀਤੇ ਜਿਵੇਂ ਮਹੰਤ ਨਰੈਣੂ ਨੇ ਨਨਕਾਣਾ ਸਾਹਿਬ ਵਿਖੇ ਕੀਤੇ ਸਨ। ਉਧਰ ਬਾਬਾ ਜਰਨੈਲ ਸਿੰਘ, ਜਨਰਲ ਸੁਬੇਗ ਸਿੰਘ, ਬੱਬਰ ਖਾਲਸਾ ਅਤੇ ਹੋਰ ਪੰਥਕ ਜਥੇਬੰਦੀਆਂ ਦੀ ਕਮਾਨ ਹੇਠ, ਮੁੱਠੀ ਭਰ ਸਿੱਖਾਂ ਨੇ ਪੰਚਮ ਪਾਤਸ਼ਾਹ ਦੀ ਸ਼ਹੀਦੀ ਪਰੰਪਰਾ ਨੂੰ ਕਾਇਮ ਰੱਖਦੇ ਹੋਏ, ਮੁਕਾਬਲਾ ਕਰਕੇ ਦੱਸ ਦਿੱਤਾ ਕਿ ਅਜੇ ਸਾਡੇ ਵਿੱਚ ਸਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ, ਗੁਰੂ ਤੇਗ ਬਹਾਦਰ ਦੀ ਕੁਰਬਾਨੀ, ਸਾਹਿਬਜ਼ਾਦੇ, ਅਨੇਕਾਂ ਅਕੀਦਤਮੰਦ ਅਤੇ ਬਹਾਦਰ ਸਿੰਘ ਸਿੰਘਣੀਆਂ ਦੀ ਸ਼ਹੀਦੀ ਦੇ ਵਾਰਸ ਹੋਣ ਦਾ ਜ਼ਜਬਾ ਅਤੇ ਖੂਨ ਗਰਮ ਹੈ।

ਭਗਤਾਂ ਅਤੇ ਗੁਰੂਆਂ ਨੇ ਤਾਂ ਜ਼ੁਲਮ ਅੱਗੇ ਗੋਡੇ ਨਹੀਂ ਸਨ ਟੇਕੇ ਪਰ ਅੱਜ ਅਸੀਂ ਗੁਰੂ-ਹੁਕਮਾਂ ਨੂੰ ਛਿੱਕੇ ਟੰਗ ਡੇਰੇਦਾਰ ਸਾਧਾਂ-ਸੰਤਾਂ ਅੱਗੇ ਹੱਥ ਜੋੜੀ ਖੜੇ ਹਾਂ। ਖ਼ਾਲਸਾ ਪੰਥ ਨੂੰ ਕਈ ਸੰਪ੍ਰਦਾਵਾਂ ਵਿੱਚ ਵੰਡੀ ਬੈਠੇ ਹਾਂ ਜੋ ਆਏ ਦਿਨ ਸਾਨੂੰ ਲੁੱਟ ਕੇ, ਸਾਡਾ ਸ਼ੋਸ਼ਣ ਕਰ ਰਹੀਆਂ ਹਨ। ਗੁਰੂ ਅਰਜਨ ਸਾਹਿਬ ਦੀ ਸਭ ਤੋਂ ਵੱਡੀ ਦੇਣ ਸੰਸਾਰ ਵਾਸਤੇ ਭਗਤਾਂ ਅਤੇ ਗੁਰੂਆਂ ਦੀ ਬਾਣੀ ਦੀ ਸੰਪਾਦਨਾ ਹੈ ਜੋ ਸਾਇੰਟੇਫਿਕ ਰੱਬੀ ਗਿਆਨ ਦਾ ਸਰਬਸਾਂਝਾ ਭੰਡਾਰ ਹੈ। ਜਿਸ ਨੂੰ *ਪੋਥੀ ਪਰਮੇਸ਼ਰ ਕਾ ਥਾਨ* ਕਿਹਾ ਅਤੇ ਫਰਮਾਇਆ *ਗ੍ਰੰਥ ਰਿਦਾ ਗੁਰ ਕਾ ਇਹ ਜਾਨੋ ਉਤਮ ਹੈ ਸਰਬ ਸਮੇਂ ਸ੍ਰਬ ਥਾਂਨ ਰਹੈ ਹੈਂ* (ਸੂਰਜ ਪ੍ਰਕਾਸ਼) ਕਿਉਂਕਿ ਦੇਹ ਸਰੀਰ ਹਰ ਵੇਲੇ ਹਰ ਥਾਂ ਨਹੀਂ ਹੋ ਸਕਦੇ, ਜੋ ਬਿਨਸਣਹਾਰ ਹਨ। ਇਸ ਪੋਥੀ ਵਿੱਚ ਨੌਵੇਂ ਗੁਰੂ ਤੇਗ ਬਹਾਦਰ ਦੀ ਬਾਣੀ ਦਰਜ ਕਰਕੇ, ਦਸਵੇਂ ਪਾਤਸ਼ਾਹ ਨੇ ਗੁਰ-ਗੱਦੀ ਦੇ ਕੇ, ਗੁਰੂ ਗ੍ਰੰਥ ਸਾਹਿਬ ਕਹਿ ਸੀਸ ਨਿਵਾਇਆ ਅਤੇ ਹੁਕਮ ਕੀਤਾ-ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓਂ ਗ੍ਰੰਥ॥ ਇਸ ਗੁਰੂ ਗ੍ਰੰਥ ਦੇ ਉਪਦੇਸ਼ ਸਰਬੱਤ ਦਾ ਭਲਾ ਮੰਗਦੇ ਹਨ-ਜਗਤੁ ਜਲੰਦਾ ਰਖਿ ਲੇ ਆਪਣੀ ਕ੍ਰਿਪਾ ਧਾਰਿ॥(੮੫੩) ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ..॥(੧੩੪੯) ਨਾ ਕੋ ਬੈਰੀ ਨਹੀਂ ਬਿਗਾਨਾ, ਸਗਲ ਸੰਗਿ ਹਮ ਕੋ ਬਨਿ ਆਈ॥(੧੨੯੯) ਵਿਦਿਆ ਵੀਚਾਰੀ ਤਾਂ ਪਰਉਪਕਾਰੀ॥(੩੫੬) ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥(੧੨੪੫) ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤੁ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ॥ (੧੧੦੫)

ਸੋ ਸੱਚ ਨਾਲ ਝੂਠ ਹਮੇਸ਼ਾਂ ਟਕਰਾਂਦਾ ਰਿਹਾ ਅਤੇ ਟਕਰਉਂਦਾ ਰਹੇਗਾ। ਓਦੋਂ ਮੁਗਲੀਆ ਹਕੂਮਤ ਸਿੱਖਾਂ ਨਾਲ ਟਕਰਾ ਰਹੀ ਸੀ, ਫਿਰ ਸਿੱਖ ਰਾਜ ਦੇ ਖਾਤਮੇ ਤੇ ਮਹੰਤਾਂ ਦੇ ਰੂਪ ਵਿੱਚ ਬ੍ਰਾਹਮਣ ਟਕਰਾਇਆ ਅਤੇ ਅੱਜ ਭੇਖਧਾਰੀ ਸਾਧ ਲਾਣਾ, ਸਿੱਖ ਸੰਸਥਾਵਾਂ ਵਿੱਚ ਘੁਸੜ ਅਤੇ ਹਕੂਮਤ ਦਾ ਵੋਟ ਬੈਂਕ ਬਣਕੇ ਟਕਰਾ ਰਿਹਾ ਹੈ। ਸਿੱਖਾਂ ਦੀ ਸਿਰਮੌਰ ਸੰਸਥਾ ਅਕਾਲ ਤਖਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਅਜ਼ਾਦ ਨਹੀਂ ਓਥੇ ਵੀ ਆਰ. ਐਸ. ਐਸ. ਦੀ ਪਿਛਲੱਗ ਭਾਜਪਾ ਦੀ ਪਿਉਂਦ ਵਾਲੇ ਬਾਦਲੀ ਬ੍ਰਾਹਮਣ ਕਾਬਜ ਹਨ। ਯਾਦ ਰੱਖੋ ਜੋ ਕੌਮਾਂ ਇੱਠੀਆਂ ਹੋ ਕੇ ਮੁਕਾਬਲਾ ਕਰਦੀਆਂ ਹਨ ਉਹ ਸਦਾ ਜੇਤੂ ਰਹਿੰਦੀਆਂ ਹਨ।

ਸੋ ਸਾਨੂੰ ਵੀ ਅੱਜ ਗੁਰੂ ਅਰਜਨ ਸਾਹਿਬ ਦੀ ਅਦੁੱਤੀ ਸ਼ਹਾਦਤ ਅਤੇ ਜੂਨ ੮੪ ਨੂੰ ਯਾਦ ਰੱਖਦੇ ਹੋਏ, ਆਪਣੇ ਸਾਰੇ ਮਤ-ਭੇਦ ਖ਼ਤਮ ਕਰਕੇ, ਖ਼ਾਲਸਾ ਪੰਥ ਵਿੱਚ ਸ਼ਾਮਲ ਹੋ ਜਾਣਾ ਚਾਹੀਦਾ ਹੈ। ਗੁਰਬਾਣੀ ਦੇ ਪਾਠ-ਕੀਰਤਨ ਠੇਕੇ ਤੇ ਕਰਾਉਣ ਦੀ ਬਜਾਏ ਆਪ ਸਮਝ ਕੇ ਕਰਨੇ, ਉਸ ਤੇ ਅਮਲ ਕਰਨਾ ਅਤੇ ਇਸ ਅਮੁੱਲ ਖਜ਼ਾਨੇ ਨੂੰ ਦੁਨੀਆਂ ਦੀ ਹਰੇਕ ਬੋਲੀ ਵਿੱਚ ਵੰਡਣ ਦੀ ਸੇਵਾ ਕਰਨੀ ਚਾਹੀਦੀ ਹੈ। ਇਹ ਹੀ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਅਤੇ ਸ਼ਹੀਦ ਸਿੰਘ-ਸਿੰਘਣੀਆਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਏਪੁਰ ਪ੍ਰੋਹਲਾ ਵਿਖੇ ਸਮਰ ਕੈਂਪ ਲਗਾਇਆ









**ਜਲੰਧਰ-** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਏਪੁਰ ਪ੍ਰੋਹਲਾ ਜਲੰਧਰ ਵਿਖੇ ਸਮਰ ਕੈਂਪ ਲਗਾਇਆ ਗਿਆ, ਜੋ 1 ਜੂਨ ਤੋਂ ਆਰੰਭ ਹੋ ਕੇ 8 ਜੂਨ ਤੰਕ ਚੱਲੇਗਾ। ਪ੍ਰਿੰਸੀਪਲ ਸ੍ਰੀ ਤਾਰਾ ਸਿੰਘ (ਸਟੇਟ ਐਵਾਰਡੀ) ਨੇ ਦੱਸਿਆ ਕਿ ਇਹ ਸਮਰ ਕੈਂਪ ਬੱਚਿਆਂ ਦੀ ਸਰਵਪ-ੱਖੀ ਸ਼ਖਸੀਅਤ ਨੂੰ ਉਜਾਗਰ ਕਰਨ ਲਈ ਛੁੱਟੀਆਂ ਸਮੇਂ ਅਧਿਆਪਕ ਅਤੇ ਬੱਚਿਆਂ ਦੀ ਸਵੈ ਇੱਛਾ ਨਾਲ ਲਗਾਇਆ ਗਿਆ ਹੈ। ਇਸ ਸਮਰ ਕੈਂਪ ਦੇ ਸਮੇਂ ਦਰਮਿਆਨ ਬੱਚਿਆਂ ਨੂੰ ਖੇਡਾਂ, ਯੋਗਾ, ਔਖੇ ਵਿਸ਼ਿਆਂ ਬਾਰੇ ਵਾਧੂ ਕਲਾਸਾਂ ਲਗਾਉਣਾ ਅਤੇ ਆਪਸੀ ਵਿਚਾਰ ਚਰਚਾ ਦੇ ਵਿਚ ਨਿਪੁੰਨ ਬਣਾਉਣਾ ਹੈ।

ਆਪਸੀ ਚਰਚਾ ਦੇ ਸੈਸ਼ਨ ਵਿਚ ਐਡਵੋਕੇਟ ਹਰਭਜਨ ਦਾਸ ਸਾਂਪਲਾ ਨੇ ਵਿਦਿਆਰਥੀਆਂ ਨੂੰ 10+2 ਤੋਂ ਬਾਅਦ ਐਲ. ਐਲ. ਬੀ. ਕਰਨ, ਸਟੈਨੋਗ੍ਰਾਫੀ ਤੇ ਇੰਗਲਿਸ਼ ਟਾਈਪ, ਕੰਪਿਊਟਰ ਸਾਫਟ ਤੇ ਹਾਰਡ ਵੇਅਰ ਅਤੇ ਹੋਰ ਕਿੱਤਾ ਮੁਖੀ ਕੋਰਸ ਕਰਨ ਬਾਰੇ ਗਹਿਰੀ ਜਾਣਕਾਰੀ ਦਿੱਤੀ। ਐਡਵੋਕੇਟ ਸਾਂਪਲਾ ਨੇ ਕਿਹਾ ਕਿ ਵਕਾਲਤ ਦਾ ਕੰਮ ਬਹੁਤ ਇੱਜਤ ਤੇ ਮਾਣ ਵਾਲਾ ਹੈ, ਜਿਸ ਨਾਲ ਗਰੀਬਾਂ, ਦੱਬੇ, ਕੁਚਲੇ ਲੋਕਾਂ ਤੇ ਜ਼ਰੂਰਤਮੰਦਾਂ ਦੀ ਸੇਵਾ ਵੀ ਕੀਤੀ ਜਾ ਸਕਦੀ ਹੈ। ਉਹਨਾਂ ਨੇ ਸਰਕਾਰ ਵੱਲੋਂ ਮੁਫਤ ਕਾਨੂੰਨੀ ਸਹਾਇਤਾ ਅਤੇ ਆਪਸੀ ਸਮਝੌਤੇ ਦੇ ਵਿਕਲਪ ਬਾਰੇ ਵੀ ਦੱਸਿਆ। ਵਿਦਿਆਰਥੀਆਂ ਤੇ ਅਧਿਆਪਕਾਂ ਨੇ ਇਸ ਵਿਸ਼ੇ ਵਿਚ ਗਹਿਰੀ ਰੁਚੀ ਦਿਖਾਈ। ਪ੍ਰਿੰਸੀਪਲ ਤਾਰਾ ਸਿੰਘ ਤੇ ਸਟਾਫ ਵੱਲੋਂ ਐਡਵੋਕੇਟ ਸ੍ਰੀ ਹਰਭਜਨ ਸਾਂਪਲਾ ਨੂੰ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ। ਉਹਨਾਂ ਨੂੰ ਸਕੂਲ ਦਾ ਮੈਗਜ਼ੀਨ ਉਡਾਣ-2 ਵੀ ਭੇਂਟ ਕੀਤਾ ਗਿਆ। ਬਾਅਦ ਵਿਚ ਪ੍ਰਿੰਸੀਪਲ ਤੇ ਸਟਾਫ ਵੱਲੋਂ ਸਕੂਲ ਦੇ ਸਾਇੰਸ ਬਲਾਕ, ਵੀਡੀਓ ਕਾਨਫਰੰਸ ਹਾਲ, ਕੰਪਿਊਟਰ ਲੈਬ, ਸਾਫ ਪਾਣੀ ਪੀਣ ਦਾ ਸਿਸਟਮ ਅਤੇ ਪ੍ਰਸ਼ਾਸਕੀ ਬਲਾਕ ਐਡਵੋਕੇਟ ਸ੍ਰੀ ਹਰਭਜਨ ਸਾਂਪਲਾ ਨੂੰ ਦਿਖਾਏ ਗਏ। ਪ੍ਰਿੰਸੀਪਲ ਸ੍ਰੀ ਤਾਰਾ ਸਿੰਘ ਸਟੇਟ ਐਵਾਰਡੀ ਅਤੇ ਅਧਿਆਪਕਾਂ ਵੱਲੋਂ ਸਕੂਲ ਦਾ ਪ੍ਰਬੰਧ ਬਹੁਤ ਵਧੀਆ ਤਰੀਕੇ ਨਾਲ ਚਲਾਉਣ ਅਤੇ ਬੱਚਿਆਂ ਦੇ ਨਤੀਜੇ 100 ਫੀਸਦੀ ਪਾਸ ਰੱਖਣ ਲਈ ਐਡਵੋਕੇਟ ਹਰਭਜਨ ਸਾਂਪਲਾ ਨੇ ਧੰਨਵਾਦ ਕੀਤਾ ਅਤੇ ਸਾਰੇ ਸਟਾਫ ਨੂੰ ਇਹਨਾ ਸਫਲਤਾਵਾਂ ਲਈ ਵਧਾਈ ਦਿੱਤੀ।

## ਜਨਮ ਦਿਨ ਮੁਬਾਰਕ



**ਕਾਕਾ ਹਰਮਨਜੀਤ ਸਿੰਘ ਕੰਵਲ (ਜਨਮ ਦਿਨ 5 ਜੂਨ) ਸਪੁੱਤਰ ਪਿਤਾ ਭੁਪਿੰਦਰ ਸਿੰਘ ਕੰਵਰ ਅਤੇ ਮਾਤਾ ਅਰਸ਼ਦੀਪ ਕੌਰ, ਵਾਸੀ ਪਿੰਡ ਭੈਰੋਮਾਜਰਾ, ਸ਼ਹੀਦ ਭਗਤ ਸਿੰਘ ਨਗਰ, ਨੂੰ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ।**

# ਕੀ ਭਵਿੱਖ 'ਚ ਭਾਜਪਾ ਸ਼੍ਰੋਮਣੀ ਅਕਾਲੀ ਦਲ ਨਾਲੋਂ ਨਾਤਾ ਤੋੜੇਗੀ?

**2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ 77, ਅਕਾਲੀ ਦਲ (ਬਾਦਲ) 15, ਆਪ 20, ਭਾਜਪਾ 3, ਲੋਕ ਇਨਸਾਫ ਪਾਰਟੀ 2 ਉਤੇ ਜੇਤੂ ਰਹੀ ਜਦ ਕਿ 2012 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ 56, ਭਾਜਪਾ 12, ਕਾਂਗਰਸ 46 ਅਤੇ ਹੋਰ ਤਿੰਨਾਂ ਤੇ ਜੇਤੂ ਰਹੇ ਸਨ। ਭਾਵ ਅਕਾਲੀ-ਭਾਜਪਾ ਦੇ ਗੱਠਜੋੜ ਨੇ ਇਹਨਾ ਚੋਣਾਂ 'ਚ ਜਿੱਤ ਪ੍ਰਾਪਤ ਕੀਤੀ ਸੀ। ਪਰ 2017 ਦੀਆਂ ਚੋਣਾਂ 'ਚ ਭਾਜਪਾ-ਅਕਾਲੀ ਦਲ ਚੰਗੀ ਕਾਰਗੁਜ਼ਾਰੀ ਨਾ ਕਰ ਸਕਿਆ। ਅਕਾਲੀ ਸਰਕਾਰ ਦੇ ਲੋਕ ਵਿਰੋਧੀ ਕਾਰਨਾਮਿਆਂ ਦਾ ਖਮਿਆਜ਼ਾ ਭਾਈਵਾਲ ਪਾਰਟੀ ਭਾਜਪਾ ਨੂੰ ਵੀ ਭੁਗਤਣਾ ਪਿਆ ਅਤੇ ਇਹਨਾ ਚੋਣਾਂ ਵਿੱਚ ਭਾਜਪਾ ਵੀ ਪੂਰੇ ਪੰਜਾਬ ਵਿੱਚ ਤਿੰਨ ਸੀਟਾਂ ਉਤੇ ਸਿਮਟ ਕੇ ਰਹਿ ਗਈ।**



**ਗੁਰਮੀਤ ਪਲਾਹੀ**
**91-98158-02070**

ਐਕਟਰ ਸੰਨੀ ਦਿਉਲ ਦਾ ਸਿਆਸਤ ਵਿੱਚ ਫਿਲਮੀ ਆਗਮਨ, ਗੁਰਦਾਸਪੁਰ ਤੋਂ ਹਫ਼ਤੇ ਦਸ ਦਿਨ ਦੇ ਸੜਕੀ ਪ੍ਰਚਾਰ ਤੋਂ ਬਾਅਦ ਸਿਆਸੀ ਢੁੱਠ ਵਾਲੇ ਹਾਕਮ ਧਿਰ ਦੇ ਪ੍ਰਧਾਨ ਸੁਨੀਲ ਜਾਖੜ ਉਤੇ ਧੂੰਆਧਾਰ ਜਿੱਤ, ਬਹੁਤ ਵੱਡੇ ਸਵਾਲ ਖੜੇ ਕਰਦੀ ਹੈ। ਇਹ ਤਾਂ ਮੰਨਿਆ ਕਿ ਭਾਜਪਾ ਨੇਤਾ ਅਤੇ ਐਕਟਰੈਸ ਸਿਮਰਤੀ ਇਰਾਨੀ, ਕਾਂਗਰਸ ਦੇ ਅਜਿੱਤ ਹਲਕੇ ਅਮੇਠੀ ਵਿੱਚ ਲਗਾਤਾਰ ਲੋਕਾਂ ਵਿੱਚ ਪੰਜ ਸਾਲ ਕੰਮ ਕਰਦੀ ਰਹੀ ਤੇ ਸਿਆਸਤ ਦੀਆਂ ਪੌੜੀਆਂ ਚੜ੍ਹਦੀ ਮੋਦੀ ਲਹਿਰ ਦੀ ਮਦਦ ਨਾਲ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਨੂੰ ਚੋਣਾਂ 'ਚ ਚਾਰੋ ਖਾਨੇ ਚਿੱਤ ਕਰ ਗਈ, ਪਰ ਬਿਨ੍ਹਾਂ ਲੋਕਾਂ ਦਾ ਕੋਈ ਕੰਮ ਕੀਤਿਆਂ, ਬਿਨ੍ਹਾਂ ਕਿਸੇ ਸਿਆਸੀ ਅਧਾਰ ਦੇ, ਬਿਨ੍ਹਾਂ ਨਿੱਜੀ ਸੰਪਰਕਾਂ ਦੇ ਭਾਜਪਾ ਵਾਲਾ ਸੰਨੀ ਦਿਓਲ, ਚੋਣ ਕਿਵੇਂ ਜਿੱਤ ਗਿਆ? ਕੀ ਇਹ ਰਾਸ਼ਟਰਵਾਦ ਦੀ ਜਿੱਤ ਹੈ? ਕੀ ਇਹ ਪੰਜਾਬੀਆਂ ਦੇ ਬਿਨ੍ਹਾਂ ਸੋਚੇ ,ਸਮਝੇ ਉਲਾਰ ਹੋ ਕੇ ਜਜ਼ਬਾਤ 'ਚ ਬਹਿਕੇ ਕੰਮ ਕਰਨ ਦੀ ਜਿੱਤ ਹੈ? ਜਾਂ ਕੀ ਇਹ ਪ੍ਰਚਾਰੇ ਜਾ ਰਹੇ ਈ.ਵੀ.ਐਮ.ਦੀ ਕਰਾਮਾਤ ਹੈ? ਜਾਂ ਕੀ ਇਹ ਮੋਦੀ ਲਹਿਰ ਕਾਰਨ ਹੈ?ਪੰਜਾਬ ਵਿੱਚ ਜੇ ਮੋਦੀ ਲਹਿਰ ਸੀ ਤਾਂ ਭਾਜਪਾ ਅੰਮ੍ਰਿਤਸਰ ਵਾਲੀ ਸੀਟ ਕਿਵੇਂ ਹਾਰ ਗਈ ਅਤੇ ਕਾਂਗਰਸ ਪੰਜਾਬ ਵਿੱਚੋਂ 8 ਸੀਟਾਂ ਕਿਵੇਂ ਜਿੱਤ ਗਈ? ਕੀ ਇਹ ਕਾਂਗਰਸ ਦੀ ਗੁੱਟਬੰਦੀ ਸੀ ਜਿਸ ਕਾਰਨ ਕਾਂਗਰਸੀ ਉਮੀਦਵਾਰ ਗੁਰਦਾਸਪੁਰ ਤੋਂ ਇੱਕ ਸਿਆਸੀ ਨੇਤਾ ਬਣੇ ਐਕਟਰ ਤੋਂ ਹਾਰ ਗਿਆ? ਕੁਝ ਗੱਲਾਂ ਜੋ ਇਸ ਚੋਣ ਵਿੱਚ ਸਪਸ਼ਟ ਹੋਈਆਂ, ਉਹ ਇਹ ਕਿ ਇਹਨਾ ਚੋਣਾਂ 'ਚ ਪੰਜਾਬ 'ਚ ਬੀ.ਐਸ.ਪੀ. ਦੇ ਸਮਰਥਕਾਂ ਨੇ ਇੱਕ-ਜੁੱਟ ਹੋ ਕੇ ਵੋਟ ਪਾਈ। ਦੂਜੀ ਇਹ ਕਿ ਪੰਜਾਬੀਆਂ ਇਹ ਸਿੱਧ ਕਰ ਦਿੱਤਾ ਕਿ ਉਹ ਅਕਾਲੀ-ਭਾਜਪਾ ਸਰਕਾਰ ਦੇ ਦੌਰਾਨ ਕੀਤੇ ਗਲਤ ਕੰਮ ਜਾਂ ਗਲਤ ਫੈਸਲਿਆਂ ਨੂੰ ਮੁੱਖ ਤੌਰ ਤੇ ਅਕਾਲੀਆਂ ਨੂੰ ਜ਼ੁੰਮੇਵਾਰ ਮੰਨਦੇ ਹਨ, ਭਾਜਪਾ ਨੂੰ ਪੂਰੀ ਤਰ੍ਹਾਂ ਨਹੀਂ। ਇਸੇ ਕਰਕੇ ਵੱਖੋ-ਵੱਖਰੇ ਥਾਵਾਂ ਉਤੇ, ਜਿਥੇ ਭਾਜਪਾ ਦੇ ਉਮੀਦਵਾਰ ਖੜੇ ਸਨ, ਭਾਵੇਂ ਉਹ ਗੁਰਦਾਸਪੁਰ ਸੀ ਜਾਂ ਹੁਸ਼ਿਆਰਪੁਰ ਜਾਂ ਅੰਮ੍ਰਿਤਸਰ, ਭਾਜਪਾ ਵਾਲੇ ਚੰਗੀਆਂ ਚੋਖੀਆਂ ਵੋਟਾਂ ਲੈ ਗਏ ਅਤੇ ਦੋ ਸੀਟਾਂ ਬਹੁਤ ਹੀ ਆਰਾਮ ਨਾਲ ਜਿੱਤ ਗਏ। ਉਹਨਾ ਪੰਜਾਬ ਵਿੱਚ ਆਪਣਾ ਵੋਟ ਬੈਂਕ ਵੀ ਵਧਾ ਲਿਆ।

ਬਿਨ੍ਹਾਂ ਸ਼ੱਕ ਭਾਜਪਾ ਵਾਲਿਆਂ ਦਾ ਇਹ ਕਥਨ ਸ਼ਾਇਦ ਸੱਚ ਹੁੰਦਾ ਕਿ ਜੇਕਰ ਉਸਦੇ ਭਾਈਵਾਲ ਅਕਾਲੀ, ਅਕਾਲੀ-ਭਾਜਪਾ ਭਾਈਵਾਲੀ 'ਚ ਉਸ ਨੂੰ ਵੱਧ ਸੀਟਾਂ ਦੇ ਦਿੰਦੇ ਤਾਂ ਕਾਂਗਰਸ ਉਹਨਾ ਸੀਟਾਂ ਤੇ ਹਾਰ ਜਾਂਦੀ ਅਤੇ ਭਾਜਪਾ ਜਿੱਤ ਜਾਂਦੀ ਅਤੇ ਪੰਜਾਬ ਵਿੱਚ ਜਿੱਤ ਦੇ ਅੰਕੜੇ ਕੁਝ ਵੱਖਰੇ ਹੁੰਦੇ। 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ 77, ਅਕਾਲੀ ਦਲ (ਬਾਦਲ) 15, ਆਪ 20, ਭਾਜਪਾ 3, ਲੋਕ ਇਨਸਾਫ ਪਾਰਟੀ 2 ਉਤੇ ਜੇਤੂ ਰਹੀ ਜਦ ਕਿ 2012 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ 56, ਭਾਜਪਾ 12, ਕਾਂਗਰਸ 46 ਅਤੇ ਹੋਰ ਤਿੰਨਾਂ ਤੇ ਜੇਤੂ ਰਹੇ ਸਨ। ਭਾਵ ਅਕਾਲੀ-ਭਾਜਪਾ ਦੇ ਗੱਠਜੋੜ ਨੇ ਇਹਨਾ ਚੋਣਾਂ 'ਚ ਜਿੱਤ ਪ੍ਰਾਪਤ ਕੀਤੀ ਸੀ। ਪਰ 2017 ਦੀਆਂ ਚੋਣਾਂ 'ਚ ਭਾਜਪਾ-ਅਕਾਲੀ ਦਲ ਚੰਗੀ ਕਾਰਗੁਜ਼ਾਰੀ ਨਾ ਕਰ ਸਕਿਆ। ਅਕਾਲੀ ਸਰਕਾਰ ਦੇ ਲੋਕ ਵਿਰੋਧੀ ਕਾਰਨਾਮਿਆਂ ਦਾ ਖਮਿਆਜ਼ਾ ਭਾਈਵਾਲ ਪਾਰਟੀ ਭਾਜਪਾ ਨੂੰ ਵੀ ਭੁਗਤਣਾ ਪਿਆ ਅਤੇ ਇਹਨਾ ਚੋਣਾਂ ਵਿੱਚ ਭਾਜਪਾ ਵੀ ਪੂਰੇ ਪੰਜਾਬ ਵਿੱਚ ਤਿੰਨ ਸੀਟਾਂ ਉਤੇ ਸਿਮਟ ਕੇ ਰਹਿ ਗਈ। 2017 ਦੀਆਂ ਚੋਣਾਂ ਤੋਂ ਪਹਿਲਾਂ ਇਸ ਗੱਲ ਦੀ ਵੱਡੀ ਚਰਚਾ ਸੀ ਕਿ ਭਾਜਪਾ ਪੰਜਾਬ ਵਿੱਚ ਇੱਕਲੇ ਚੋਣਾਂ ਲੜੇਗੀ ਪਰ ਦਿੱਲੀ ਦੀ ਭਾਜਪਾ ਹਾਈ ਕਮਾਂਡ ਇਸ ਗੱਲ ਲਈ ਰਾਜੀ ਨਾ ਹੋਈ, ਕਿਉਂਕਿ ਚੋਣਾਂ ਤੋਂ ਪਹਿਲਾਂ ਅਤੇ ਚੋਣਾਂ ਤੋਂ ਬਾਅਦ ਵੀ ਪੰਜਾਬ ਭਾਜਪਾ ਵਿੱਚ ਗੁੱਟ ਬੰਦੀ ਸਿਖ਼ਰਾਂ ਉਤੇ ਸੀ, ਜਿਜੜੀ ਕਿ 2019 ਦੀਆਂ ਲੋਕ ਸਭਾ ਚੋਣਾਂ ਦੀਆਂ ਟਿਕਟਾਂ ਦੀ ਵੰਡ ਤੋਂ ਪਹਿਲਾਂ ਤੱਕ ਵੀ ਵੇਖਣ ਨੂੰ ਮਿਲੀ। ਜਿਸਦੀ ਵੱਡੀ ਉਦਾਹਰਨ ਹੁਸ਼ਿਆਰਪੁਰ ਸੀਟ ਉਤੇ ਭਾਜਪਾ ਦੇ ਦੋ ਦਿੱਗਜਾਂ ਸਾਬਕਾ ਕੇਂਦਰੀ ਰਾਜ ਮੰਤਰੀ ਵਿਜੈ ਸਾਂਪਲਾ ਅਤੇ ਮੌਜੂਦਾ ਲੋਕ ਸਭਾ ਚੋਣਾਂ 'ਚ ਜਿੱਤੇ ਭਾਜਪਾ ਐਮ.ਪੀ. ਅਤੇ ਮੌਜੂਦਾ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਦੀ ਹੈ, ਜਿਹੜੇ ਟਿਕਟ ਮਿਲਣ ਦੇ ਆਖਰੀ ਦਿਨ ਤੱਕ ਜ਼ੋਰ ਅਜ਼ਮਾਈ ਕਰਦੇ ਰਹੇ।

ਬਾਵਜੂਦ ਇਸ ਸਭ ਕੁਝ ਦੇ ਕਿ ਗੁਰਦਾਸਪੁਰ, ਅੰਮ੍ਰਿਤਸਰ ਅਤੇ ਹੁਸ਼ਿਆਰਪੁਰ ਵਿੱਚ ਭਾਜਪਾ ਨੇਤਾਵਾਂ ਦੇ ਆਪਸੀ ਸਬੰਧ ਸੁਖਾਵੇਂ ਨਹੀਂ ਸਨ, (ਵਿਰੋਧੀਆਂ ਨਾਲ ਵੋਟਾਂ ਦੇ ਜੋੜ-ਤੋੜ ਦੀਆਂ ਸੰਭਾਵਨਾਵਾਂ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ) ਅਤੇ ਭਾਜਪਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਮੁਕਾਬਲੇ ਆਪਣੀ ਸਾਖ ਵਧਾਈ ਹੈ, ਜਿਸਦਾ ਲਾਭ ਆਉਣ ਵਾਲੇ ਸਮੇਂ 'ਚ ਭਾਜਪਾ ਨੂੰ ਮਿਲੇਗਾ, ਕਿਉਂਕਿ ਕੇਂਦਰ ਵਿੱਚ ਸਰਕਾਰ ਭਾਜਪਾ ਦੀ ਹੈ ਅਤੇ ਭਾਜਪਾ ਵਲੋਂ ਆਪਣੇ ਦੋ ਅਤੇ ਅਕਾਲੀ ਦਲ ਨੂੰ ਇੱਕ ਮੰਤਰੀ ਦਾ ਅਹੁਦਾ ਦੇ ਕੇ ਇਹ ਸੰਦੇਸ਼ ਦਿੱਤਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਉਹ ਪੰਜਾਬ ਵਿੱਚੋਂ ਕਾਂਗਰਸ ਰਾਜ ਦਾ ਖਾਤਮਾ ਚਾਹੁੰਦੀ ਹੈ ਕਿਉਂਕਿ ਮੋਦੀ ਦੀ ਪਿਛਲੀ ਲਹਿਰ ਵੇਲੇ ਵੀ ਅਤੇ ਹੁਣ ਦੀ ਲਹਿਰ ਵੇਲੇ ਵੀ ਪੰਜਾਬ ਦਾ ਵੋਟਰ ਮੁੱਖ ਤੌਰ ਤੇ ਮੋਦੀ ਲਹਿਰ ਦੇ ਹੱਕ ਵਿੱਚ ਨਹੀਂ ਉਲਰਿਆ। ਪਿਛਲੀਆਂ ਲੋਕ ਸਭਾ ਚੋਣਾਂ 'ਚ ਆਮ ਆਦਮੀ ਪਾਰਟੀ ਨੂੰ ਚਾਰ ਸੀਟਾਂ ਜਿੱਤਾ ਕੇ ਪੰਜਾਬੀਆਂ ਨੇ ਰਵਾਇਤੀ ਪਾਰਟੀਆਂ ਨੂੰ ਇਹ ਵਿਖਾ ਦਿੱਤਾ ਸੀ ਕਿ ਉਹ ਪੰਜਾਬ ਦੀ ਸਿਆਸਤ ਵਿੱਚ ਬਦਲਾਅ ਚਾਹੁੰਦੇ ਹਨ। ਭਾਵੇਂ ਕਿ ਪਿਛਲੀ ਵੇਰ 2014 ਵਿੱਚ ਵੀ ਭਾਜਪਾ ਦੇ ਹਿੱਸੇ ਆਈਆਂ ਤਿੰਨ ਸੀਟਾਂ ਹੁਸ਼ਿਆਰਪੁਰ, ਗੁਰਦਾਸਪੁਰ ਅਤੇ ਅੰਮ੍ਰਿਤਸਰ ਵਿੱਚੋਂ ਦੋ ਸੀਟਾਂ ਭਾਜਪਾ ਦੇ ਪੱਲੇ ਪਈਆਂ ਸਨ, ਗੁਰਦਾਸਪੁਰ ਤੋਂ ਵਿਨੋਦ ਖੰਨਾ ਅਤੇ ਹੁਸ਼ਿਆਰਪੁਰ ਤੋਂ ਵਿਜੈ ਸਾਂਪਲਾ ਜਿੱਤੇ ਸਨ। ਅੰਮ੍ਰਿਤਸਰ ਤੋਂ ਭਾਜਪਾ ਦੇ ਅਰੁਣ ਜੇਤਲੀ ਚੋਣ ਹਾਰ ਗਏ ਸਨ ਤੇ ਉਹਨਾ ਦੇ ਮੁਕਾਬਲੇ ਕੈਪਟਨ ਅਮਰਿੰਦਰ ਸਿੰਘ ਜੇਤੂ ਰਹੇ ਸਨ ਅਤੇ ਐਤਕਾਂ ਵੀ ਸਥਿਤੀ ਬਿਲਕੁਲ ਉਵੇਂ ਦੀ ਹੀ ਹੈ ਕਿ ਭਾਜਪਾ ਦੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਅੰਮ੍ਰਿਤਸਰ ਤੋਂ ਚੋਣ ਹਾਰ ਗਏ ਤੇ ਸੀਟ ਕਾਂਗਰਸ ਦੇ ਹੱਥ ਹੀ ਲੱਗੀ ਹੈ ਭਾਵੇਂ ਕਿ ਭਾਜਪਾ ਦੇ ਵਿਨੋਦ ਖੰਨਾ ਦੀ ਮੌਤ ਬਾਅਦ ਹੋਈ ਜ਼ਿਮਨੀ ਚੋਣ 'ਚ ਕਾਂਗਰਸ ਨੇ ਭਾਜਪਾ ਤੋਂ ਇਹ ਸੀਟ ਖੋਹ ਲਈ ਤੇ ਸੂਬਾ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਇਥੋਂ ਚੋਣ ਜਿੱਤ ਗਏ ਸਨ। ਪਰ ਇਸ ਵੇਰ ਸੁਨੀਲ ਜਾਖੜ ਨੂੰ ਭਾਜਪਾ ਦੇ ਸੰਨੀ ਦਿਓਲ ਤੋਂ ਕਰਾਰੀ ਹਾਰ ਹੋਈ।

ਸੀਟਾਂ ਦੇ ਹਿਸਾਬ ਨਾਲ ਜੇਕਰ ਲੇਖਾ-ਜੋਖਾ ਕੀਤਾ ਜਾਵੇ ਤਾਂ ਲੋਕ ਸਭਾ ਚੋਣਾਂ 'ਚ ਭਾਜਪਾ ਦੀ ਸਥਿਤੀ 2014 ਦੀਆਂ ਚੋਣਾਂ ਤੋਂ 2019 ਦੀਆਂ ਚੋਣਾਂ 'ਚ ਵੱਖਰੀ ਨਹੀਂ ਹੋਈ, ਦੋ ਸੀਟਾਂ ਉਸਦੇ ਪੱਲੇ ਸਨ, ਦੋ ਸੀਟਾਂ ਹੁਣ ਪੱਲੇ ਰਹਿ ਗਈਆਂ। ਪਰ ਵਿਧਾਨ ਸਭਾਂ ਚੋਣਾਂ 'ਚ ਅਕਾਲੀਆਂ ਨਾਲ ਗੱਠਜੋੜ 'ਚ 2012 ਦੇ ਮੁਕਾਬਲੇ 2017 'ਚ ਭਾਜਪਾ ਦਾ ਗ੍ਰਾਫ ਹੇਠਾਂ ਆਇਆ, ਉਹ ਸਿਰਫ਼ ਤਿੰਨ ਸੀਟਾਂ ਉਤੇ ਸਿਮਟਕੇ ਰਹਿ ਗਈ। 2014 ਵਿੱਚ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੀ ਸਰਕਾਰ ਸੀ ਅਤੇ ਉਸਨੂੰ ਆਸ ਸੀ ਕਿ ਉਹ ਅੰਮ੍ਰਿਤਸਰ ਤੋਂ ਭਾਜਪਾ ਦੇ ਵਡੇ ਨੇਤਾ ਨੂੰ ਵੱਡੇ ਫ਼ਰਕ ਨਾਲ ਜਿੱਤਾ ਦੇਣਗੇ, ਪਰ ਇਸ ਸੀਟ ਤੋਂ ਅਰੁਣ ਜੇਤਲੀ ਦੇ ਹਾਰਨ ਨਾਲ ਭਾਜਪਾ-ਅਕਾਲੀਆਂ 'ਚ ਤ੍ਰੇੜਾਂ ਦਿਖਣ ਨੂੰ ਮਿਲੀਆਂ। ਉਂਜ ਵੀ ਅਕਾਲੀ-ਭਾਜਪਾ ਸਰਕਾਰ ਦੇ 10 ਵਰ੍ਹਿਆਂ 'ਚ ਭਾਜਪਾ ਵਾਲੇ ਨੇਤਾ, ਵਰਕਰ ਇਸ ਗੱਲ ਉਤੇ ਰੋਸ ਪ੍ਰਗਟ ਕਰਦੇ ਰਹੇ ਕਿ ਸਰਕਾਰੇ-ਦਰਬਾਰੇ ਉਹਨਾ ਦੀ ਪੁੱਛ ਪ੍ਰਤੀਤ ਨਹੀਂ ਹੁੰਦੀ ਅਤੇ ਉਹ ਪੰਜਾਬ ਵਿੱਚ ਆਉਣ ਵਾਲੀਆਂ ਚੋਣਾਂ ਇੱਕਲੇ ਹੀ ਲੜਨਾ ਚਾਹੁੰਦੇ ਹਨ। ਇਸ ਸਬੰਧੀ ਕੇਂਦਰੀ ਭਾਜਪਾ ਕੋਲ ਪਹੁੰਚ ਵੀ ਹੋਈ, ਇਸ ਉਤੇ ਮੰਥਨ ਵੀ ਹੋਇਆ, ਪਰ ਪ੍ਰਕਾਸ਼ ਸਿੰਘ ਬਾਦਲ ਦੇ ਸਮੇਂ ਸਮੇਂ ਦਖ਼ਲ ਨਾਲ ਅਕਾਲੀ-ਭਾਜਪਾ ਗੱਠਜੋੜ ਬਣਿਆ ਰਿਹਾ।

ਲੋਕ ਸਭਾ ਚੋਣਾਂ 'ਚ ਦੋ ਵਿਧਾਇਕ ਲੋਕ ਸਭਾ ਮੈਂਬਰ ਬਣੇ ਹਨ, ਸੁਖਬੀਰ ਸਿੰਘ ਬਾਦਲ (ਅਕਾਲੀ) ਸੋਮ ਪ੍ਰਕਾਸ਼ (ਭਾਜਪਾ)। ਆਮ ਆਦਮੀ ਪਾਰਟੀ ਦੇ ਕੁੱਝ ਵਿਧਾਇਕਾਂ ਨੇ ਅਸਤੀਫ਼ੇ ਦਿੱਤੇ ਹਨ ਅਤੇ ਇਸ ਸੂਰਤ 'ਚ ਜੇਕਰ ਇਹ ਸਾਰੀਆਂ ਸੀਟਾਂ ਖਾਲੀ ਕਰਾਰ ਦਿੱਤੀਆਂ ਜਾਂਦੀਆਂ ਹਨ ਤਾਂ ਪੰਜਾਬ 'ਚ 7 ਸੀਟਾਂ ਉਤੇ ਉਪ ਚੋਣਾਂ, ਇਸ ਸਾਲ ਦੇ ਵਿੱਚ-ਵਿੱਚ ਹੋਣਗੀਆਂ। ਆਪਣੀ ਲੋਕ ਸਭਾ 'ਚ ਜਿੱਤ ਤੋਂ ਉਤਸ਼ਾਹ ਅਤੇ ਅਕਾਲੀਆਂ ਦੀ ਭੈੜੀ ਕਾਰਗੁਜ਼ਾਰੀ ਕਾਰਨ ਕੀ ਭਾਜਪਾ ਇਹਨਾ 7 ਉਪ ਚੋਣਾਂ ਵਿੱਚ ਆਪਣੇ ਕੋਟੇ ਤੋਂ ਵੱਧ ਸੀਟਾਂ ਦੀ ਮੰਗ ਕਰੇਗੀ, ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਕਿਉਂਕਿ ਭਾਜਪਾ ਦੇ ਹੇਠਲੇ ਵਰਕਰਾਂ 'ਚ ਇਸ ਗੱਲ ਦੀ ਚਰਚਾ ਮੁੜ ਛਿੜੀ ਹੋਈ ਹੈ ਕਿ ਭਾਜਪਾ ਜੇਕਰ ਅਕਾਲੀਆਂ ਨੂੰ ਵੱਖਰੇ ਹੋਕੇ, ਕੁਝ ਸਿੱਖ ਚਿਹਰਿਆਂ ਸਮੇਤ ਸੁਖਦੇਵ ਸਿੰਘ ਢੀਂਡਸਾ ਨੂੰ ਭਾਜਪਾ ਦੇ ਖੇਮੇ 'ਚ ਆਪਣੀ ਕੇਂਦਰ ਸਰਕਾਰ ਦੇ ਪ੍ਰਭਾਵ ਨਾਲ ਸ਼ਾਮਲ ਕਰਨ 'ਚ ਕਾਮਯਾਬ ਹੁੰਦੀ ਹੈ ਤਾਂ ਉਹ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਵਾਲੇ ਅਕਾਲੀ ਦਲ ਤੋਂ, ਜਿਸ ਦੇ ਘਰ ਦੇ ਦੋ ਜੀਆਂ ਤੋਂ ਬਿਨ੍ਹਾਂ ਹੋਰ ਕੋਈ ਅਕਾਲੀ ਪੰਜਾਬ 'ਚ ਐਮ.ਪੀ. ਦੀ ਸੀਟ ਜਿੱਤ ਨਹੀਂ ਸਕਿਆ, ਆਪਣਾ ਨਾਤਾ ਤੋੜ ਸਕਦੀ ਹੈ। ਕਿਉਂਕਿ ਭਾਜਪਾ ਲੀਡਰਸ਼ਿਪ ਇਹਨਾ ਤੱਥਾਂ ਤੋਂ ਜਾਣੂ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਜਿਸਦਾ ਪਿੰਡਾਂ ਵਿੱਚ ਚੰਗਾ ਆਧਾਰ ਸੀ ਅਤੇ ਪੇਂਡੂਆਂ 'ਚ ਅਸਰ ਰਸੂਖ ਸੀ, ਉਹ ਅਧਾਰ ਗੁਆ ਰਹੀ ਹੈ, ਉਸਦਾ ਰਸੂਖ ਖੁਸ ਰਿਹਾ ਹੈ। ਇਹੋ ਜਿਹੇ ਹਾਲਾਤ ਵਿੱਚ ਭਾਜਪਾ, ਜਿਹੜੀ ਇਸ ਵੇਲੇ ਦੇਸ਼ ਦੀਆਂ ਘੱਟ ਗਿਣਤੀਆਂ ਵਿੱਚ ਆਪਣੇ ਅਧਾਰ ਨੂੰ ਮਜ਼ਬੂਤ ਕਰਨ ਦੀ ਚਾਹਵਾਨ ਹੈ , ਪੰਜਾਬ ਅਤੇ ਖਾਸ ਕਰਕੇ ਸਿੱਖਾਂ ਵਿੱਚ ਉਹਨਾ ਲੋਕਾਂ ਦੀ ਭਾਲ ਕਰੇਗੀ, ਉਹਨਾ ਨਾਲ ਭਾਈਵਾਲੀ ਕਰੇਗੀ ਜਿਹੜੇ ਸਿੱਖਾਂ ਜਾਂ ਪੰਜਾਬੀਆਂ 'ਚ ਹਰਮਨ ਪਿਆਰੇ ਹਨ। ਦੇਸ਼ ਦੀ ਸਿਆਸਤ ਨੂੰ ਪਰਖਣ ਵਾਲੇ ਨੀਤੀਵਾਨਾਂ ਦਾ ਕਹਿਣ ਹੈ ਕਿ ਕਾਂਗਰਸ ਮੁੱਕਤ ਭਾਰਤ ਲਈ, ਪੰਜਾਬ ਵਿੱਚੋਂ ਕਾਂਗਰਸ ਨੂੰ ਹਰਾਉਣ ਲਈ ਭਾਜਪਾ ਹਰ ਕਦਮ ਚੁੱਕੇਗੀ, ਜਿਸ ਵਿੱਚ ਵੱਡਾ ਕਦਮ ਬਾਦਲ ਪਰਿਵਾਰ ਦੇ ਪ੍ਰਛਾਵੇਂ ਵਿੱਚੋਂ ਪੰਜਾਬ ਵਿੱਚ ਭਾਜਪਾ ਨੂੰ ਮੁਕਤ ਕਰਾਉਣਾ ਹੋ ਸਕਦਾ ਹੈ।

# ਪੰਜਾਬ ਦੇ ਇਨ੍ਹਾਂ ਮੁੱਦਿਆਂ ਦੀ ਚਰਚਾ ਕਿਉਂ ਨਹੀ ਹੁੰਦੀ

ਨਵੀਆਂ ਫ਼ਸਲਾਂ ਬੀਜਣ ਵੇਲੇ ਚਿੜੀ-ਜਨੌਰ ਦੇ ਹਿੱਸੇ ਦਾ ਬੀਜ ਬੀਜਣ ਵਾਲੇ ਕਿਸਾਨਾਂ ਨੇ ਚਿੜੀ-ਜਨੌਰਾਂ ਦਾ ਉਜਾੜਾ ਹੁੰਦਾ ਦੇਖਿਆ ਹੈ।

ਚੌਗਿਰਦਾ ਮਾਹਰ ਦੱਸਦੇ ਹਨ ਕਿ ਮਨੁੱਖ ਨੇ ਆਪਣੀ ਹਿਰਸ ਪੂਰੀ ਕਰਨ ਲਈ ਜੀਆ-ਜੰਤ ਦਾ ਉਜਾੜਾ ਕੀਤਾ ਹੈ। ਧੌਲਾ ਪਿੰਡ ਦੇ ਨੌਜਵਾਨ ਚੌਗਿਰਦਾ ਪ੍ਰੇਮੀਆਂ ਦੇ ਇਸ ਮਿਹਣੇ ਦਾ ਜੁਆਬ ਦੇ ਰਹੇ ਹਨ ਅਤੇ ਉਜੜੇ ਪੰਛੀਆਂ ਨੂੰ ਵਸਾਉਣ ਦਾ ਉਪਰਾਲਾ ਕਰ ਰਹੇ ਹਨ।

ਉਹ ਮਨੁੱਖ ਦੇ ਜੀਆ-ਜੰਤ ਨਾਲ ਰਿਸ਼ਤੇ ਦੀ ਬਾਤ ਨਵੇਂ ਸਿਰੇ ਤੋਂ ਪਾ ਰਹੇ ਹਨ।

"ਚੁਗਲ ਆਪਣੇ ਨੇੜੇ ਚੂਹਿਆਂ ਜਾਂ ਕਿਰਲੀਆਂ ਨੂੰ ਨਹੀਂ ਰਹਿਣ ਦਿੰਦਾ। ਜੇ ਰਾਤ ਨੂੰ ਕੋਈ ਓਪਰਾ ਬੰਦਾ ਜਾਂ ਜਾਨਵਰ ਖੇਤ ਜਾਂ ਘਰ ਵਿੱਚ ਵੜ ਜਾਵੇ ਤਾਂ ਇਹ ਰੌਲਾ ਪਾ ਕੇ ਮਨੁੱਖ ਨੂੰ ਸੁਚੇਤ ਵੀ ਕਰਦਾ ਹੈ। ਫ਼ਿਕਰ ਦੀ ਗੱਲ ਇਹ ਹੈ ਕਿ ਮਨੁੱਖ ਦੇ ਇਸ ਚੰਗੇ ਮਿੱਤਰ ਦੀ ਪ੍ਰਜਾਤੀ ਖ਼ਤਰੇ ਵਿੱਚ ਹੈ।"

ਇਸ ਗੱਲ ਦਾ ਪ੍ਰਗਟਾਵਾ ਚੌਗਿਰਦਾ ਪ੍ਰੇਮੀ ਸੰਦੀਪ ਬਾਵਾ ਨੇ ਬੀਬੀਸੀ ਨਿਊਜ਼ ਨਾਲ ਗੱਲਬਾਤ ਦੌਰਾਨ ਕੀਤਾ।

### ਪੰਛੀਆਂ ਦੇ ਵਸੇਬੇ ਲਈ ਕੰਮ ਕਰ ਰਹੇ ਨੌਜਵਾਨ

ਬਰਨਾਲਾ ਦੇ ਪਿੰਡ ਧੌਲਾ ਦੇ ਰਹਿਣ ਵਾਲੇ ਸੰਦੀਪ ਸਮੇਤ ਪਿੰਡ ਦੇ ਨੌਜਵਾਨ ਪਿਛਲੇ ਪੰਜ ਸਾਲਾਂ ਤੋਂ ਲੋਪ ਹੋ ਰਹੀਆਂ ਪੰਛੀਆਂ ਦੀਆਂ ਨਸਲਾਂ ਦੇ ਵਸੇਬੇ ਲਈ ਕੰਮ ਕਰ ਰਹੇ ਹਨ। ਇਹ ਪੰਛੀਆਂ ਦੀਆਂ ਲੋਪ ਹੋ ਰਹੀਆਂ ਨਸਲਾਂ ਲਈ ਆਲ੍ਹਣੇ ਅਤੇ ਵਿਰਾਸਤੀ ਦਰਖ਼ਤ ਲਗਾਉਣ ਦਾ ਕੰਮ ਆਪਣੇ ਬਲਬੂਤੇ ਉੱਤੇ ਕਰਦੇ ਹਨ।

ਇਨ੍ਹਾਂ ਵਿੱਚ ਸ਼ਾਮਲ ਨੌਜਵਾਨ ਬੇਅੰਤ ਬਾਜਵਾ ਦੱਸਦੇ ਹਨ, "ਪਹਿਲਾਂ ਅਸੀਂ ਦੋ ਤਿੰਨ ਜਣਿਆਂ ਨੇ ਹੀ ਇਸ ਲਈ ਯਤਨ ਸ਼ੁਰੂ ਕੀਤੇ। ਸ਼ੁਰੂ-ਸ਼ੁਰੂ ਵਿੱਚ ਲੋਕ ਮਜ਼ਾਕ ਵੀ ਉਡਾਉਂਦੇ ਸੀ ਪਰ ਬਾਅਦ ਵਿੱਚ ਹੋਰ ਮੁੰਡੇ ਸਾਡੇ ਨਾਲ ਜੁੜਦੇ ਗਏ। ਹੁਣ ਅਸੀ ਸੱਤ-ਅੱਠ ਮੁੰਡੇ ਹਾਂ। ਐਨੇ ਸਮੇਂ ਵਿੱਚ ਸਾਨੂੰ ਪੰਛੀਆਂ ਬਾਰੇ ਕਾਫ਼ੀ ਜਾਣਕਾਰੀ ਹੋ ਗਈ ਹੈ। ਅਸੀਂ ਪਿੰਡਾਂ, ਸਕੂਲਾਂ ਵਿੱਚ ਜਾ ਕੇ ਲੋਪ ਹੋ ਰਹੇ ਪੰਛੀਆਂ ਦੀ ਅਹਿਮੀਅਤ ਅਤੇ ਇਨ੍ਹਾਂ ਨੂੰ ਬਚਾਉਣ ਬਾਰੇ ਲੋਕਾਂ ਨੂੰ ਦੱਸਦੇ ਹਾਂ।"






ਮਸਨੂਈ ਆਲ੍ਹਣੇ ਬਣਾ ਕੇ ਕੁਦਰਤ ਦੇ ਚੱਕਰ ਵਿੱਚ ਛੇੜਛਾੜ ਦੇ ਤਰਕ ਬਾਰੇ ਸੰਦੀਪ ਬਾਵਾ ਕਹਿੰਦੇ ਹਨ, "ਆਲ੍ਹਣੇ ਪੰਛੀ ਸਿਰਫ਼ ਪ੍ਰਜਨਣ ਲਈ ਹੀ ਵਰਤਦੇ ਹਨ। ਕੁਝ ਪੰਛੀਆਂ ਦੀਆਂ ਨਸਲਾਂ ਆਪ ਆਲ੍ਹਣੇ ਨਹੀਂ ਬਣਾਉਂਦੀਆਂ ਸਗੋਂ ਖੁੱਡਾਂ ਵਿੱਚ ਪ੍ਰਜਣਨ ਕਰਦੀਆਂ ਹਨ।"

"ਚੁਗਲ ਸਮੇਤ ਚਿੜੀ, ਗਰੁੜ, ਡੱਬੀ ਮੈਨਾ (ਗੁਟਾਰ ਦੀ ਇੱਕ ਨਸਲ), ਤਿਲੀਅਰ, ਧਾਨ ਚਿੜੀ, ਕਾਲਰ ਵਾਲਾ ਉੱਲੂ ਵਰਗੀਆਂ ਅਜਿਹੀਆਂ ਬਹੁਤ ਸਾਰੀਆਂ ਨਸਲਾਂ ਅਣਹੋਂਦ ਦੇ ਕੰਢੇ ਪਹੁੰਚ ਗਈਆਂ ਹਨ। ਇਨ੍ਹਾਂ ਦੇ ਕੁਦਰਤੀ ਟਿਕਾਣੇ ਜਿਵੇਂ ਰਵਾਇਤੀ ਦਰਖ਼ਤ, ਟਿੱਬੇ ਅਤੇ ਕੱਚੇ ਘਰ ਖ਼ਤਮ ਹੋ ਗਏ ਹਨ। ਇਸ ਲਈ ਅਸੀ ਅਜਿਹੇ ਅਨਮੋਲ ਪੰਛੀਆਂ ਨੂੰ ਬਚਾਉਣ ਲਈ ਲਗਾ ਰਹੇ ਹਾਂ।"

ਕੁਲਦੀਪ ਸਿੰਘ ਰਾਜੂ ਵੀ ਇਸ ਗਰੁੱਪ ਦਾ ਹਿੱਸਾ ਹਨ। ਕੁਲਦੀਪ ਸਿੰਘ ਆਪਣੇ ਪਿੰਡ ਦੇ ਚੌਗਿਰਦੇ ਵਿੱਚ ਆਏ ਬਦਲਾਅ ਬਾਰੇ ਦੱਸਦੇ ਹਨ ਤਾਂ ਉਨ੍ਹਾਂ ਦੀਆਂ ਅੱਖਾਂ ਵਿੱਚ ਤਸੱਲੀ ਲਿਸ਼ਕ ਪੈਂਦੀ ਹੈ, "ਅਸੀਂ ਪੰਛੀਆਂ ਨੂੰ ਕੁਦਰਤੀ ਚੌਗਿਰਦਾ ਦੇਣ ਲਈ ਪਿੰਡ ਦੇ ਆਲ਼ੇ-ਦੁਆਲ਼ੇ ਦਸ ਛੋਟੇ-ਛੋਟੇ ਜੰਗਲ ਉਗਾਉਣ ਵਿੱਚ ਕਾਮਯਾਬ ਹੋਏ ਹਾਂ ਜਿੱਥੇ ਰਵਾਇਤੀ ਦਰੱਖ਼ਤ ਜਿਵੇਂ ਕਿੱਕਰ, ਨਿੰਮ, ਟਾਹਲੀ, ਪਿੱਪਲ, ਬੇਰੀਆਂ ਵੀ ਹਨ। ਇਹ ਪੰਛੀਆਂ ਦੇ ਕੁਦਰਤੀ ਘਰ ਹਨ।"

"ਪਿੰਡ ਦੇ ਘਰਾਂ ਅਤੇ ਹੋਰ ਥਾਵਾਂ ਉੱਤੇ 1500 ਆਲ੍ਹਣੇ ਲਗਾ ਚੁੱਕੇ ਹਾਂ। ਹੁਣ ਸਾਡੇ ਪਿੰਡ ਵਿੱਚ ਲੋਪ ਰਹੇ ਪੰਛੀਆਂ ਦੀ ਹਰ ਪ੍ਰਜਾਤੀ ਮੌਜੂਦ ਹੈ ਅਤੇ ਇਨ੍ਹਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ।"

### ਲੋਪ ਹੋ ਰਹੇ ਪੰਛੀਆਂ ਦੀਆਂ ਪ੍ਰਜਾਤੀਆਂ ਮੌਜੂਦ

ਇਹ ਨੌਜਵਾਨ ਹੁਣ ਨੇੜਲੇ ਪਿੰਡਾਂ ਵਿੱਚ ਵੀ ਆਲ੍ਹਣੇ ਅਤੇ ਦਰੱਖ਼ਤ ਲਗਾਉਣ ਜਾਂਦੇ ਹਨ। ਨੇੜਲੇ ਪਿੰਡਾਂ ਦੇ ਹੋਰ ਲੋਕ ਵੀ ਇਨ੍ਹਾਂ ਤੋਂ ਇਸ ਕਾਰਜ ਸਬੰਧੀ ਜਾਣਕਾਰੀ ਲੈਣ ਆਉਣ ਲੱਗੇ ਹਨ।

ਇਨ੍ਹਾਂ ਨੌਜਵਾਨਾਂ ਨਾਲ ਜੁੜੇ ਜਗਤਾਰ ਜਗਤ ਕਹਿੰਦੇ ਹਨ, "ਇਸ ਤੋਂ ਬਿਨਾਂ ਹੋਰ ਬਹੁਤ ਕੁਝ ਕਰਨ ਦੀ ਲੋੜ ਹੈ ਜਿਵੇਂ ਗਿਰਝਾਂ ਇਸ ਲਈ ਪੰਜਾਬ ਵਿੱਚੋਂ ਖ਼ਤਮ ਹੋ ਗਈਆਂ ਹਨ ਕਿਉਂਕਿ ਪਸ਼ੂਆਂ ਨੂੰ ਅਸੀਂ ਸਟੀਰਾਇਡ ਦੇ ਟੀਕੇ ਲਾ ਕੇ ਦੁੱਧ ਚੋਣ ਲੱਗ ਪਏ ਹਾਂ।"

"ਅਜਿਹੇ ਮੁਰਦਾਰ ਖਾ ਕੇ ਗਿਰਝਾਂ ਦੀ ਪ੍ਰਜਣਨ ਸ਼ਕਤੀ ਖ਼ਤਮ ਹੋ ਗਈ। ਖੇਤਾਂ ਵਿੱਚ ਕੀਟਨਾਸ਼ਕਾਂ ਦੀ ਐਨੀ ਵਰਤੋਂ ਹੁੰਦੀ ਹੈ ਕਿ ਚੁਬੱਚਿਆਂ, ਖਾਲ਼ਾਂ ਦਾ ਪਾਣੀ ਪੰਛੀਆਂ ਲਈ ਘਾਤਕ ਸਾਬਤ ਹੋ ਰਿਹਾ ਹੈ। ਇਸੇ ਤਰ੍ਹਾਂ ਇੱਲ੍ਹਾਂ ਅਤੇ ਕਾਂ ਘਟਦੇ ਜਾ ਰਹੇ ਹਨ।"

### "ਕੁਦਰਤ ਨੂੰ ਬਚਾਉਣ ਦਾ ਕੰਮ ਜਾਰੀ ਰੱਖਾਂਗੇ"

ਭਵਿੱਖ ਦੀਆਂ ਆਪਣੀਆਂ ਯੋਜਨਾਵਾਂ ਬਾਰੇ ਸੰਦੀਪ ਬਾਵਾ ਕਹਿੰਦੇ ਹਨ, "ਕੁਦਰਤ ਨੂੰ ਬਚਾਉਣ ਦਾ ਕੰਮ ਅਸੀਂ ਜਾਰੀ ਰੱਖਾਂਗੇ। ਹਰ ਇਨਸਾਨ ਨੂੰ ਮਿੱਟੀ ਦੇ ਭਾਂਡਿਆਂ ਵਿੱਚ ਪੰਛੀਆਂ ਲਈ ਪਾਣੀ, ਚੋਗਾ ਰੱਖਣਾ ਚਾਹੀਦਾ ਹੈ। ਰਵਾਇਤੀ ਦਰੱਖ਼ਤ ਅਤੇ ਆਲ੍ਹਣੇ ਲਗਾਉਣੇ ਚਾਹੀਦੇ ਹਨ।"

"ਹਰ ਪੰਛੀ ਕਿਸੇ ਨਾ ਕਿਸੇ ਰੂਪ ਵਿੱਚ ਮਨੁੱਖ ਦਾ ਮਿੱਤਰ ਹੈ ਅਤੇ ਕੁਦਰਤ ਦਾ ਅਹਿਮ ਅੰਗ ਵੀ ਹੈ। ਇਨ੍ਹਾਂ ਬਿਨਾਂ ਜੀਵਨ ਚੱਕਰ ਤਬਾਹ ਹੋ ਜਾਵੇਗਾ। ਮਨੁੱਖ ਨੇ ਹੀ ਕੁਦਰਤ ਦਾ ਤਵਾਜ਼ਨ ਵਿਗਾੜਿਆ ਹੈ ਅਤੇ ਮਨੁੱਖ ਨੂੰ ਹੀ ਇਸ ਨੂੰ ਠੀਕ ਕਰਨਾ ਪੈਣਾ ਹੈ।" ਪੰਛੀ ਵਿਗਿਆਨੀ ਓਕਾਰ ਸਿੰਘ ਵੜੈਚ ਮੁਤਾਬਕ ਪੰਜਾਬ ਵਿੱਚ ਪੰਛੀਆਂ ਦੀਆਂ ਤਕਰੀਬਨ 550 ਨਸਲਾਂ ਹਨ ਜਿਨ੍ਹਾਂ ਵਿੱਚੋਂ 250 ਪ੍ਰਵਾਸੀ ਪੰਛੀ ਹਨ। ਪੰਛੀਆਂ ਵਿੱਚ ਤਕਰੀਬਨ 35 ਦੇਸੀ ਨਸਲਾਂ ਸ਼ਿਕਾਰੀ ਹਨ ਅਤੇ ਛੋਟੇ ਪੰਛੀ ਉਨ੍ਹਾਂ ਦੀ ਖ਼ੁਰਾਕ ਬਣਦੇ ਹਨ।


ਇਸ ਤੋਂ ਬਿਨਾਂ ਤਕਰੀਬਨ ਪੰਜ ਨਸਲਾਂ ਅਜਿਹੀਆਂ ਹਨ ਜੋ ਆਪ ਸ਼ਿਕਾਰ ਨਹੀਂ ਕਰਦੀਆਂ ਪਰ ਮੁਰਦਾਰ ਖਾਂਦੀਆਂ ਹਨ। ਧੌਲਾ ਪਿੰਡ ਦੇ ਨੌਜਵਾਨ ਇਨ੍ਹਾਂ ਸਾਰੇ ਪੰਛੀਆਂ ਨੂੰ ਪੰਜਾਬ ਵਿੱਚ ਆਬਾਦ ਰੱਖਣ ਦਾ ਉਪਰਾਲਾ ਕਰ ਰਹੇ ਹਨ। ਸ਼ਾਇਦ ਇਨ੍ਹਾਂ ਦੇ ਮੁੜ-ਵਸੇਬੇ ਵਿੱਚ ਹੀ ਪੰਜਾਬ ਦੇ ਚੌਗਿਰਦਾ ਸੰਕਟ ਦਾ ਤੋੜ ਲੁਕਿਆ ਹੈ।

# ਵੀਰੂ ਦੇਵਗਨ: ਅੰਮ੍ਰਿਤਸਰੀ ਤਰਖਾਣ ਦਾ ਮੁੰਡਾ, ਜਿਹਦੇ ਨਾਂਅ ਦਾ ਬਾਲੀਵੁੱਡ 'ਚ ਚਲਦਾ ਸੀ ਡੰਡਾ



ਭੀਮ ਰਾਜ ਗਰਗ
91-98765-45157

ਗਲੈਮਰ ਦੀ ਦੁਨੀਆਂ ਲਈ ਬੇਇੰਤਹਾ ਪਿਆਰ ਕਰਨ ਵਾਲਾ ਵੀਰੂ ਦੇਵਗਨ ਆਪਣੇ ਘਰੋਂ ਇਕ ਫਿਲਮੀ ਨਾਇਕ ਬਣਨ ਲਈ ਭੱਜ ਕੇ ਮੁੰਬਈ ਪਹੁੰਚਿਆ. ਉਹ ਹੀਰੋ ਤਾਂ ਨਹੀਂ ਬਣ ਪਾਇਆ ਪਰ ਆਪਣੀ ਮਿਹਨਤ ਤੇ ਲਗਨ ਦੇ ਸਦਕੇ ਬਾਲੀਵੁੱਡ ਦਾ ਇਕ ਬਹੁਤ ਮਸ਼ਹੂਰ ਸਟੰਟ ਮਾਸਟਰ ਅਤੇ ਐਕਸ਼ਨ ਕੋਰਿਓਗ੍ਰਾਫਰ ਬਣ ਗਿਆ. ਤਰਖਾਣ ਤੋਂ ਲੈਕੇ ਐਕਸ਼ਨ ਡਾਇਰੈਕਟਰ ਤੱਕ ਦਾ ਸ਼ਾਨਦਾਰ ਸਫ਼ਰ ਤੈਅ ਕਰਨ ਵਾਲੇ ਵੀਰੂ ਨੇ ਆਪਣੇ ਕਰੀਅਰ 'ਚ ਸੌ ਤੋਂ ਵੱਧ ਫ਼ਿਲਮਾਂ 'ਚ ਸਟੰਟ, ਫਾਈਟ ਤੇ ਐਕਸ਼ਨ ਕੋਰੀਓਗ੍ਰਾਫ਼ੀ ਦੀ ਆਪਣੀ ਕਲਾ ਦਾ ਪ੍ਰਦਰਸ਼ਨ ਕਰਦਿਆਂ ਬਾਲੀਵੁੱਡ ਵਿਚ ਆਪਣਾ ਇਕ ਖਾਸ ਮੁਕਾਮ ਬਣਾਇਆ ਸੀ. ਵੀਰੂ ਨੂੰ, ਤਕਨੀਕੀ ਪੱਖੋਂ ਚੁਣੌਤੀਪੂਰਨ ਵਾਤਾਵਰਣ ਦੀ ਪਿੱਠਭੂਮੀ ਦੇ ਬਾਵਜੂਦ, ਐਕਸ਼ਨ/ਸਟੰਟ ਵਾਲੇ ਦ੍ਰਿਸ਼ ਨਿਰਦੇਸ਼ਿਤ ਕਰਨ ਦੀ ਲਾਜਵਾਬ ਮਹਾਰਤ ਹਾਸਲ ਸੀ. ਉਹ ਸਿਲਵਰ ਸਕ੍ਰੀਨ 'ਤੇ ਲੜਾਈ ਮਾਰ ਕੁਟਾਈ ਅਤੇ ਸਟੰਟਸ ਨੂੰ ਕੋਰਿਓਗ੍ਰਾਫ ਕਰਨ ਦੀ ਅਨੋਖੀ ਪ੍ਰਤਿਭਾ ਰੱਖਦੇ ਸਨ. ਉਹ ਹਮੇਸ਼ਾਂ ਆਪਣੇ ਸਮੇਂ ਤੋਂ ਅੱਗੇ ਦੀ ਸੋਚ ਰੱਖਦੇ ਸਨ ਅਤੇ ਉਨ੍ਹਾਂ ਨੇ ਪ੍ਰੀ-ਵੀਐਫਐਕਸ ਯੁੱਗ ਵਿਚ ਅਣਮੁੱਲਾ ਯੋਗਦਾਨ ਪਾਇਆ. ਹਿੰਦੀ ਸਿਨੇਮਾ ਦੇ ਇਕ ਅਲੌਕਿਕ ਪਾਤਰ ਵੀਰੂ ਦੇਵਗਨ ਨੇ ਸ਼ੁੱਧ ਐਕਸ਼ਨ ਦੇ ਦੌਰ ਵਿਚ ਆਪਣੀ ਵਿਸ਼ੇਸ਼ ਨਿਸ਼ਾਨਦੇਹੀ ਦਰਜ ਕਰਵਾਈ. ਉਹ ਸਿੱਖ ਕੌਮ ਦੀਆਂ ਮਾਰਸ਼ਲ ਭਾਵਨਾਵਾਂ ਤੋਂ ਬਹੁਤ ਮੁਤਾਸਿਰ ਸਨ ਅਤੇ ਉਸਨੇ ਇੱਕ ਸਟੰਟਮੈਨ ਵਜੋਂ ਕੈਰੀਅਰ ਬਣਾਉਣ ਲਈ ਮਾਰਸ਼ਲ ਆਰਟਸ ਦੀ ਸਿੱਖਿਆ ਵੀ ਲਿੱਤੀ. ਉਸ ਨੇ ਐਕਸ਼ਨ ਸੀਨਜ਼ ਵਿਚ ਨਵੀਂ ਤਕਨੀਕ ਸ਼ਾਮਿਲ ਕਰਨ ਅਤੇ ਐਕਸ਼ਨ ਫਿਲਮਾਂ ਵਿਚ ਸਮੇਂ ਸਮੇਂ ਤੇ ਹੋਣ ਵਾਲੇ ਤਕਨੀਕੀ ਬਦਲਾਵਾਂ ਨਾਲ ਆਪਣੇ ਆਪ ਨੂੰ ਜੋੜਿਆ ਰੱਖਿਆ ਸੀ. ਅੰਮ੍ਰਿਤਸਰ ਤੋਂ ਮਾਇਆਨਗਰੀ ਤੱਕ ਦਾ ਉਹਨਾਂ ਦਾ ਸਫ਼ਰ ਬਹੁਤ ਸੰਘਰਸ਼ ਨਾਲ ਭਰਿਆ ਹੋਇਆ ਸੀ।





ਸਟੰਟ ਫਿਲਮਾਂ ਨੇ ਬਾਲੀਵੁੱਡ ਸਿਨੇਮਾ ਨੂੰ ਹਮੇਸ਼ਾ ਤੋਂ ਮਸਾਲੇਦਾਰ ਮਨੋਰੰਜਨ ਦਾ ਸਾਧਨ ਬਣਾਈ ਰੱਖਿਆ ਹੈ. ਮਿਥਿਹਾਸਿਕ, ਫੈਨਟਸੀ ਆਦਿ ਸ਼ੈਲੀ ਦੀਆਂ ਫਿਲਮਾਂ ਵਿੱਚ ਮੌਤ ਨੂੰ ਪਛਾੜਦੇ ਹੈਰਤ ਅੰਗੇਜ਼ ਸਟੰਟ ਜਿਵੇਂ ਕਿ ਕਿਲ੍ਹੇ ਦੀ ਛੱਤ ਜਾਂ ਪਹਾੜੀ ਦੇ ਸਿਖਰ 'ਤੇ ਤਲਵਾਰਬਾਜ਼ੀ ਜਾਂ ਮੁੱਕੇਬਾਜ਼ੀ; ਇੱਕ ਮਹਿਲ/ਕਿਲ੍ਹੇ ਦੇ ਸਿਖਰ ਤੋਂ ਸਿੱਧੇ ਘੋੜੇ ਦੀ ਪਿੱਠ ਉਤੇ ਛਲਾਂਗ ਮਾਰਨਾ ਅਤੇ ਫਿਲਮ ਸੈੱਟਾਂ ਨੂੰ ਅੱਗ ਲਾਕੇ ਉਡਾ ਦੇਣਾ ਆਦਿ, ਦਲੇਰ ਸਟੰਟਮੈਨ ਦੁਆਰਾ ਕੀਤੇ ਜਾਂਦੇ ਸਨ. ਇਹ ਸਟੰਟਬਾਜ ਫਿਲਮ ਦੇ ਪ੍ਰਮੁੱਖ ਕਲਾਕਾਰਾਂ ਦੇ ਡੁਪਲੀਕੇਟ ਵਜੋਂ ਵੀ ਕੰਮ ਕਰਦੇ ਸਨ. ਬੋਲਦਿਆਂ ਫ਼ਿਲਮਾਂ ਦੇ ਸ਼ੁਰੂਆਤੀ ਯੁੱਗ ਵਿੱਚ, ਵਾਡੀਆ ਭਰਾਵਾਂ ਨੇ ਨੀਲੇ ਰੰਗ ਵਾਲੀ, ਬੈਲੇਟ-ਸਿਖਲਾਈ ਪ੍ਰਾਪਤ, ਵੱਢੇ ਕੁੱਲ੍ਹੇ ਅਤੇ ਸੁਨਹਿਰੀ ਵਾਲਾਂ ਵਾਲੀ ਸਕਾਟਿਸ਼ ਨਾਡੀਆ ਨੂੰ ਲੈਕੇ ਬਹੁਤ ਸਾਰੀਆਂ ਸਟੰਟ ਫ਼ਿਲਮਾਂ ਦਾ ਨਿਰਮਾਣ ਕੀਤਾ ਸੀ. ਨਾਡੀਆ ਸਟੰਟ ਫ਼ਿਲਮਾਂ ਦੀ ਰਾਣੀ ਵਜੋਂ ਜਾਣੀ ਜਾਂਦੀ ਸੀ ਕਿਉਂਕਿ ਉਸ ਦੇ ਬੋਲਡ ਕਾਰਨਾਮਿਆਂ ਜਿਵੇਂ ਦੁਸ਼ਟਾਂ ਨੂੰ ਚਾਬੁਕ ਨਾਲ ਕੁੱਟਦੀਆਂ, ਰੇਲ ਗੱਡੀ ਦੇ ਡੱਬਿਆਂ ਉਤੇ ਭੱਜਦੀਆਂ, ਘੋੜਿਆਂ ਦੀ ਦੌੜ ਅਤੇ ਸ਼ੇਰਾਂ ਦੀ ਬੇਰਹਿਮੀ ਨਾਲ ਲੜਾਈ ਆਦਿ ਵੇਖਣ ਲਈ ਦਰਸ਼ਕਾਂ ਦੇ ਹਜੂਮ ਸਿਨੇਮਾ ਹਾਲ ਬਾਹਰ ਕਤਾਰਾਂ 'ਚ ਖੜੇ ਰਹਿੰਦੇ ਸਨ।

1950 ਤੋਂ 70 ਦੇ ਦਹਾਕਿਆਂ ਦੌਰਾਨ ਬਾਲੀਵੁੱਡ ਦੇ ਫਾਈਟ ਮਾਸਟਰ/ਸਟੰਟ ਕੰਪੋਜ਼ਰਸ ਜਿਵੇਂ ਐਮ. ਐਚ. ਡਗਲਸ, ਅਜ਼ੀਮ ਭਾਈ, ਐਮ.ਬੀ. ਸ਼ੈਟੀ, ਰਵੀ ਖੰਨਾ, ਮਨਸੂਰ, ਗਨੀ ਭਾਈ, ਬੁਰਹਨੂੰਦੀਨ, ਮਾਸਟਰ ਰਾਬਰਟ ਆਦਿ ਹਿੰਦੀ ਫਿਲਮਾਂ ਵਿਚ ਦਲੇਰਾਨਾ ਕਿਰਿਆਵਾਂ/ਸਟੰਟ ਦਾ ਚੰਗਾ ਪ੍ਰਦਰਸ਼ਨ ਕਰਦੇ ਸਨ. ਬਾਅਦ ਦੇ ਸਾਲਾਂ ਵਿੱਚ ਦਰਸ਼ਕ ਵੀਰੂ ਦੇਵਗਨ ਅਤੇ ਉਸਦੇ ਸਮਕਾਲੀ ਨਿਰਭੈ ਸਟੰਟਬਾਜ਼ਾਂ ਨੂੰ ਟ੍ਰੇਨ ਦੀ ਛੱਤ 'ਤੇ ਚੱਲਦੇ, ਉੱਚ-ਪੱਥਰਾਂ ਤੋਂ ਲੰਘਦੇ, ਦਰਵਾਜੇ/ ਖਿੜਕੀਆਂ ਦੇ ਕੱਚ ਤੋੜਕੇ ਉੱਚੀਆਂ ਬਿਲਡਿੰਗਾਂ ਤੋਂ ਛਾਲਾਂ ਮਾਰਦੇ ਆਦਿ ਸਟੰਟ ਕਰਦੇ ਵੇਖਕੇ ਹੈਰਾਨਕੁੰਨ ਹੋ ਜਾਂਦੇ ਸਨ।

ਮਸ਼ਹੂਰ ਐਕਸ਼ਨ ਕੋਰਿਓਗ੍ਰਾਫਰ ਵੀਰੂ ਦੇਵਗਨ ਦਾ ਜਨਮ 1942 ਨੂੰ ਸ਼ਰੀਫਪੁਰਾ (ਅੰਮ੍ਰਿਤਸਰ) ਦੇ ਇਕ ਰਾਮਗੜ੍ਹੀਆ ਤਰਖਾਣ ਪਰਿਵਾਰ ਵਿਚ ਹੋਇਆ ਸੀ. ਬਚਪਨ ਤੋਂ ਹੀ ਵੀਰੂ ਨੂੰ ਫਿਲਮਾਂ ਲਈ ਜਨੂੰਨ ਸੀ ਅਤੇ ਉਸਨੇ ਇਕ ਅਭਿਨੇਤਾ ਬਣਨ ਦਾ ਸੁਪਨਾ ਵੇਖਿਆ ਸੀ. ਸਾਲ 1957 ਦੀ ਗੱਲ ਹੈ, ਦੇਸ਼ ਦੇ ਕੋਨੇ-ਕੋਨੇ ਤੋਂ ਰੋਜ਼ਾਨਾ ਦਰਜਨਾਂ ਮੁੰਡੇ ਮੁੰਬਈ ਹੀਰੋ ਬਣਨ ਲਈ ਆਉਂਦੇ ਸਨ. ਅਜਿਹਾ ਹੀ ਇਕ ਲੜਕਾ ਸੀ ਵੀਰੂ ਦੇਵਗਨ। ਹੀਰੋ ਬਣਨ ਦਾ ਚਾਹਵਾਨ 14 ਸਾਲਾਂ ਦਾ ਵੀਰੂ ਆਪਣੇ ਤਿੰਨ ਦੋਸਤਾਂ ਨਾਲ ਬਿਨਾ ਟਿਕਟੋਂ ਅੰਮ੍ਰਿਤਸਰ ਤੋਂ ਮੁੰਬਈ ਜਾਣ ਵਾਲੀ ਫਰੰਟੀਅਰ ਮੇਲ ਵਿੱਚ ਸਵਾਰ ਹੋ ਗਿਆ. ਟ੍ਰੇਨ ਜਦ ਮੁੰਬਈ ਦੇ ਵਿਰਾਰ ਸਟੇਸ਼ਨ ਪਹੁੰਚੀ ਤਾਂ ਟਿਕਟ ਚੈਕਰ ਨੇ ਉਨ੍ਹਾਂ ਨੂੰ ਬਗੈਰ ਟਿਕਟ ਫੜ ਲਿਆ. ਜੁਰਮਾਨੇ ਦੇ ਪੈਸੇ ਨਾ ਭਰਨ ਖਾਤਿਰ ਉਨ੍ਹਾਂ ਨੂੰ ਇਕ ਹਫਤੇ ਲਈ ਠਾਣੇ ਦੀ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ।

ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ, ਉਸਦੇ ਤਿੰਨੋ ਦੋਸਤ ਅੰਮ੍ਰਿਤਸਰ ਵਾਪਸ ਪਰਤ ਆਏ, ਜਦਕਿ ਵੀਰੂ ਨੇ ਫਿਲਮ ਉਦਯੋਗ ਵਿਚ ਆਪਣਾ ਨਾਮ ਬਣਾਉਣ ਲਈ ਮੁੰਬਈ ਵਿਚ ਰਹਿਣ ਦਾ ਫੈਸਲਾ ਕੀਤਾ. ਅੰਤਰਿਮ ਵਿਚ, ਉਸ ਨੇ ਟੈਕਸੀਆਂ ਦੀ ਸਫਾਈ ਕਰਨੀ ਅਤੇ ਤਰਖਾਣ ਦੇ ਤੌਰ ਤੇ ਪਾਰਟ-ਟਾਈਮ ਕੰਮ ਕਰਨਾ ਸ਼ੁਰੂ ਕੀਤਾ. ਉਹ ਇੱਕ ਅਭਿ-ਨੇਤਾ ਦੇ ਰੂਪ ਵਿੱਚ ਮੌਕਾ ਪ੍ਰਾਪਤ ਕਰਨ ਦੀ ਉਮੀਦ ਵਿਚ ਫਿਲਮ ਸਟੂਡਿਓਜ਼ ਦੇ ਚੱਕਰ ਵੀ ਲਗਾਉਂਦਾ ਰਿਹਾ. ਛੇਤੀ ਹੀ ਉਸ ਨੂੰ ਅਹਿਸਾਸ ਹੋ ਗਿਆ ਕਿ ਚਾਕਲੇਟੀ ਹੀਰੋ ਦੀ ਨਸਲ ਦੇ ਵਿੱਚ, ਉਸ ਦੇ ਵਧੇਰੇ ਪ੍ਰੰ-ਪਰਾਗਤ ਸ਼ਕਲ ਸੂਰਤ ਵਾਲੇ ਚਿਹਰੇ ਨੂੰ ਕੋਈ ਪ੍ਰੋਡਿਊਸਰ ਅਭਿਨੇਤਾ ਬਣਨ ਦਾ ਮੌਕਾ ਨਹੀਂ ਦੇਵੇਗਾ. ਇਸ ਲਈ ਉਸਨੇ ਸੰਘਰਸ਼ ਨੂੰ ਛੱਡ ਦਿੱਤਾ ਅਤੇ ਆਪਣੇ ਰਿਵਾਇਤੀ ਤਰਖਾਣੀ ਦੇ ਕੰਮ 'ਚ ਰੁੱਝ ਗਏ. ਹਾਲਾਂਕਿ, ਉਸਨੇ ਆਪਣੇ ਪਹਿਲੇ ਬੇਟੇ ਨੂੰ 'ਹੀਰੋ' ਬਣਾਉਣ ਦੀ ਵਚਨਬੱਧਤਾ ਪ੍ਰਗਟਾਈ. ਇਸੇ ਦੌਰਾਨ ਉਸ ਦੇ ਦਾਦਾ ਜੀ ਉਸਨੂੰ ਅੰਮ੍ਰਿਤਸਰ ਵਾਪਸ ਲੈ ਆਏ ਅਤੇ ਟੈਮਪੋ ਡਰਾਈਵਰੀ ਦੇ ਕੰਮ ਵਿਚ ਪਾ ਦਿੱਤਾ।

ਵੀਰੂ ਦੇਵਗਨ ਦਾ ਇਸ ਕੰਮ ਵਿਚ ਦਿਲ ਨਹੀਂ ਲੱਗਿਆ ਅਤੇ ਫਿਲਮਾਂ ਲਈ ਉਸ ਦਾ ਪਿਆਰ ਉਸ ਨੂੰ ਵਾਪਸ ਬੰਬਈ ਲੈ ਆਇਆ. ਮੁੰਬਈ ਆਕੇ ਉਸਨੇ ਆਪਣੇ ਅਧੂਰੇ ਕਰੀਅਰ ਨੂੰ ਮੁੜ ਤੋਂ ਸ਼ੁਰੂ ਕੀਤਾ. ਉਹ ਫ੍ਰੀ-ਸਟਾਈਲ ਕੁਸ਼ਤੀ ਵਿਚ ਵੀ ਹਿੱਸਾ ਲੈਣ ਲੱਗ ਪਿਆ. ਉਸ ਨੇ ਜਾਣੇ-ਪਛਾਣੇ ਐਕਸ਼ਨ ਡਾਇਰੈਕਟਰ ਰਵੀ ਖੰਨਾ ਤੋਂ ਲੜਾਈ/ ਐਕਸ਼ਨ ਦੇ ਦ੍ਰਿਸ਼ਾਂ ਦੀ ਕੋਰਿਓਗ੍ਰਾਫਿੰਗ ਕਰਨ ਦੀ ਕਲਾ ਸਿੱਖੀ. ਆਖਿਰਕਾਰ ਉਸ ਦੀ ਅਣਥੱਕ ਮਿਹਨਤ ਰੰਗ ਲਿਆਈ ਅਤੇ ਉਸ ਨੂੰ ਫਿਲਮ 'ਅਨੀਤਾ' ਵਿਚ ਬਤੌਰ ਇਕ ਸਟੰਟ ਮੈਨ ਬ੍ਰੇਕ ਮਿਲ ਗਿਆ. ਹਾਲਾਂਕਿ, ਇਹ ਫਿਲਮ ਕਦੇ ਸਿਨੇਮਾ ਹਾਲ 'ਚ ਰਿਲੀਜ਼ ਨਹੀਂ ਹੋ ਸਕੀ, ਪਰ ਵੀਰੂ ਦੇ ਕੰਮ ਦੀ ਬਹੁਤੀ ਸ਼ਲਾਘਾ ਹੋਈ ਸੀ. ਉਸਨੂੰ ਫ਼ਿਲਮਾਂ ਵਿਚ ਸਟੰਟ ਕਰਨ ਦੇ ਮੌਕੇ ਅਕਸਰ ਮਿਲਣ ਲੱਗੇ. ਦੋ ਚੋਰ (1972) ਅਤੇ ਕੱਚੇ ਧਾਗੇ (1973) ਫ਼ਿਲਮਾਂ ਵਿਚ ਵੀਰੂ ਨੇ ਸਹਾਇਕ ਐਕਸ਼ਨ ਕੋਆਰਡੀਨੇਟਰ ਵਜੋਂ ਕੰਮ ਕੀਤਾ. ਇੱਕ ਸਟੰਟ ਮੈਨ ਦੇ ਤੌਰ ਤੇ ਲੰਬੇ ਅਤੇ ਔਖੇ ਸਮੇਂ ਦੇ ਬਾਅਦ, ਵੀਰੂ ਦੇਵਗਨ ਨੂੰ ਮਨੋਜ ਕੁਮਾਰ ਨੇ ਆਪਣੀ ਮਲਟੀ ਸਟਾਰ ਫਿਲਮ 'ਰੋਟੀ ਕਪੜਾ ਔਰ ਮਕਾਨ' ਲਈ ਬਤੌਰ ਫਾਈਟ ਡਾਇਰੈਕਟਰ ਸਾਈਨ ਕਰ ਲਿਤਾ. ਇਹ ਫਿਲਮ ਬਾਕਸ ਆਫ਼ਿਸ ਤੇ ਸੁਪਰ ਹਿੱਟ ਸਾਬਤ ਹੋਈ ਸੀ. ਇਸ ਤੋਂ ਬਾਅਦ, ਵੀਰੂ ਦੇ ਫ਼ਿਲਮੀ ਕਰੀਅਰ ਨੂੰ ਚਾਰ ਚੰਨ ਲੱਗ ਗਏ ਅਤੇ ਉਸ ਨੇ ਫੇਰ ਕਦੀ ਪਿੱਛੇ ਮੁੜਕੇ ਨਹੀਂ ਦੇਖਿਆ।

ਵੀਰੂ ਦੇਵਗਨ ਸਿਰਫ ਅਜੈ ਦੇ ਪਿਤਾ ਅਤੇ ਕਾਜੋਲ ਦੇ ਸਹੁਰੇ ਹੀ ਨਹੀਂ ਸਗੋਂ ਉਨ੍ਹਾਂ ਨੇ ਬਾਲੀਵੁੱਡ ਵਿਚ ਐਕਸ਼ਨ ਨਿਰਦੇਸ਼ਕ ਵਜੋਂ ਕਾਫੀ ਸ਼ੋਹਰਤ ਹਾਸਿਲ ਕੀਤੀ ਹੈ. ਵੀਰੂ ਨੇ ਸਟੰਟ ਤੇ ਐਕਸ਼ਨ ਕੋਰੀਓਗ੍ਰਾਫ਼ੀ ਨੂੰ ਕਲਾ ਦਾ ਦਰਜਾ ਦੁਆਇਆ. ਭਾਰਤੀ ਸਿਨੇਮਾ 'ਚ ਫਾਈਟ ਅਤੇ ਐਕਸ਼ਨ ਸੀਨ ਦੀ ਪਰਿਭਾਸ਼ਾ ਦਿੱਤੀ ਅਤੇ ਉਸਨੇ ਉਹੀ ਮੁਕਾਮ ਹਾਸਲ ਕੀਤਾ ਜਿਹੜਾ ਕਿ ਸਰੋਜ ਖਾਨ ਨੇ ਨਿਰਤ/ਯੋਗ ਕੋਰਿਓਗ੍ਰਾਫੀ ਲਈ ਪਾਇਆ ਹੈ. ਉਸਨੇ ਸੱਠ ਸੱਤਰ ਦੇ ਦਹਾਕੇ ਤੋਂ ਨੱਬੇ ਤੱਕ ਦੀਆਂ ਐਕਸ਼ਨ ਫਿਲਮਾਂ ਉੱਤੇ ਰਾਜ ਕੀਤਾ. ਇਸ ਸਮੇਂ ਦੌਰਾਨ, ਉਸਨੇ ਦਲੀਪ ਕੁਮਾਰ, ਧਰਮਿੰਦਰ, ਅਮਿਤਾਭ ਬੱਚਨ, ਵਿਨੋਦ ਖੰਨਾ, ਰਾਜੇਸ਼ ਖੰਨਾ, ਰਾਕੇਸ਼ ਰੋਸ਼ਨ, ਸ਼ਤਰੂਘਨ ਸਿਨਹਾ ਅਤੇ ਜਿਤੇਂਦਰ ਸਮੇਤ ਹੋਰ ਪ੍ਰਮੁੱਖ ਹਸਤੀਆਂ ਲਈ ਕੁਝ ਸਭ ਤੋਂ ਵੱਧ ਦਲੇਰੀ ਅਤੇ ਦਲੇਰਾਨਾ ਐਕਸ਼ਨ ਦੀ ਸਿਰਜਣਾ ਕੀਤੀ. ਉਸ ਯੁਗ ਦੇ ਹਰ ਇੱਕ ਹੀਰੋ ਨੂੰ ਬਹਾਦਰੀ ਵਖਾਉਣ ਲਈ ਵੀਰੂ ਦੇ ਰਚੇ ਐਕਸ਼ਨ /ਸਟੰਟ ਦੀ ਲਾਹੇਬੰਦੀ ਰਹਿੰਦੀ ਸੀ, ਜਿਨ੍ਹਾਂ ਕਾਰਨ ਉਨ੍ਹਾਂ ਦਾ ਕਦ ਹੋਰ ਵੱਧ ਜਾਂਦਾ ਸੀ. ਉਸਦੀ ਸਟੰਟ ਡਾਇਰੈਕਟਰ ਦੇ ਰੂਪ ਵਿੱਚ ਆਖਰੀ ਫਿਲਮ 'ਗੈਰ' (1999) ਸੀ. ਉਨ੍ਹਾਂ ਦੀ ਮਿਹਨਤ ਅਤੇ ਸ਼ਾਨਦਾਰ ਯੋਗਦਾਨ ਆਉਣ ਵਾਲੇ ਸਮੇਂ ਚ ਯਾਦ ਰੱਖੇ ਜਾਣਗੇ।

ਕਈ ਆਈਕਾਨਿਕ ਫਿਲਮਾਂ ਵਿਚ ਲੜਾਈ ਤੇ ਐਕਸ਼ਨ ਦੇ ਦ੍ਰਿਸ਼ਾਂ ਦੇ ਆਰਕ-ਟਿਕਟ ਅਤੇ ਬਾਕਮਾਲ ਕੋਆਰਡੀਨੇਟਰ ਵੀਰੂ ਦੇਵਗਨ ਨੇ ਕਾਢਕਾਰੀ ਸਟੰਟ ਤੇ ਐਕਸ਼ਨ ਦ੍ਰਿਸ਼ਾਂ ਨੂੰ ਆਪਣੀਆਂ ਫ਼ਿਲਮਾਂ ਦੀ ਜ਼ੀਨਤ ਬਣਾਇਆ ਸੀ. ਉਨ੍ਹਾਂ ਦੇ ਹੁਨਰ ਦੀ ਪ-ਛਾਣ ਕਰਾਉਂਦੀਆਂ ਕੁੱਝ ਫ਼ਿਲਮਾਂ ਜਿਵੇਂ ਰੋਟੀ ਕਪੜਾ ਔਰ ਮਕਾਨ, ਇਨਕਾਰ, ਮਿਸਟਰ ਨਟਵਰਲਾਲ, ਕ੍ਰਾਂਤੀ, ਹਿੰਮਤਵਾਲਾ, ਮਿਸਟਰ ਇੰਡੀਆ, ਪ੍ਰੇਮ ਰੋਗ, ਸਤਿਅਮ ਸ਼ਿਵਮ ਸੁੰਦਰਮ, ਸ਼ਹਨਸ਼ਾਹ, ਤ੍ਰਿਦੇਵ, ਬਾਪ ਨੰਬਰੀ ਬੇਟਾ ਦਸ ਨੰਬਰੀ, ਖੇਲ ਖੇਲ ਮੇਂ, ਸਤੇ ਪੇ ਸੱਤਾ, ਸਿੰਘਾਸਨ, ਦੇਸ਼ ਪ੍ਰੇਮੀ, ਆਜ ਕਾ ਅਰਜੁਨ, ਰੂਪ ਕੀ ਰਾਣੀ ਚੋਰੋਂ ਕਾ ਰਾਜਾ, ਖੂਨ ਭਰੀ ਮਾਂਗ, ਰਾਮ ਤੇਰੀ ਗੰਗਾ ਮੈਲੀ, ਪ੍ਰੇਮ ਗਰੰਥ, ਹਕੀਕਤ, ਦਿਲਵਾਲੇ, ਜਿਗਰ, ਫੂਲ ਔਰ ਕਾਂਟੇ, ਦਿਲਵਾਲੇ ਅਤੇ ਲਾਲ ਬਾਦਸ਼ਾਹ ਆਦਿ ਸ਼ੁਮਾਰ ਕੀਤੀਆਂ ਜਾਂਦੀਆਂ ਹਨ।

ਵੀਰੂ ਦੇਵਗਨ ਨੇ ਬਾਲੀਵੁੱਡ ਫਿਲਮਾਂ 'ਚ ਐਕਟਰ, ਡਾਇਰੈਕਟਰ, ਰਾਈਟਰ, ਪ੍ਰੋਡਿਊਸਰ ਤੇ ਐਕਸ਼ਨ ਕੋਰੀਓਗ੍ਰਾਫਰ ਦੇ ਤੌਰ 'ਤੇ ਕੰਮ ਕੀਤਾ ਸੀ. ਵੀਰੂ ਦੇਵਗਨ ਨੇ ਕੁੱਝ ਹਿੰਦੀ ਫ਼ਿਲਮਾਂ 'ਸਰ ਉਠਾ ਕੇ ਜੀਓ, ਕ੍ਰਾਂਤੀ, ਮਿਸਟਰ ਨਟਵਰਲਾਲ, ਸੌਰਭ, ਸਿੰਘਾਸਨ, ਮੁਕਾਬਲਾ ਅਤੇ ਇਕ ਖਿਲਾੜੀ ਬਾਵਨ ਪੱਤੇ' ਆਦਿ ਵਿਚ ਛੋਟੇ ਮੋਟੇ ਰੋਲ ਅਦਾ ਕਰਕੇ ਆਪਣੇ ਅਭਿਨੇਤਾ ਬਣਨ ਦਾ ਸੁਪਨਾ ਪੂਰਾ ਕੀਤਾ. ਵੀਰੂ ਨੇ ਸਾਲ 1999 ਵਿਚ ਅਜੈ ਦੇਵਗਨ, ਅਮਿਤਾਭ ਬੱਚਨ, ਮਨੀਸ਼ਾ ਕੋਇਰਾਲਾ ਅਤੇ ਸੁਸ਼ਮਿਤਾ ਸੇਨ ਦੀਆਂ ਭੂਮਿਕਾਵਾਂ ਵਾਲੀ ਫਿਲਮ ਹਿੰਦੋਸਤਾਨ ਕੀ ਕਸਮ (1999) ਦੇ ਨਿਰਦੇਸ਼ਕ ਦੀ ਕੁਰਸੀ ਪਹਿਲੀ ਵਾਰੀ ਸੰਭਾਲੀ ਸੀ. ਇਹ ਉਸ ਦੌਰ ਦੀ ਕਾਫੀ ਮਹਿੰਗੀ ਫਿਲਮ ਸੀ. ਹਾਲਾਂਕਿ ਫਿਲਮ ਫਲਾਪ ਹੋ ਗਈ ਸੀ, ਪਰ ਸਟੰਟ ਬਹੁਤ ਚੰਗੇ ਸਨ. ਕਿੰਨ੍ਹੇ ਕੁ ਕੈਦੀਆਂ ਨੂੰ ਅਮਿਤਾਭ ਸਰੀਖੇ ਅਦਾਕਾਰਾਂ ਨੂੰ ਨਿਰਦੇਸ਼ਿਤ ਕਰਨ ਦਾ ਮੌਕਾ ਮਿਲਿਆ ਹੈ? ਪਰੰਤੂ ਫਿਲਮ 'ਹਿੰਦੁਸਤਾਨ ਕੀ ਕਸਮ' ਦੇ ਨਿਰਮਾਤਾ/ ਨਿਰਦੇਸ਼ਕ ਵੀਰੂ ਦੇਵਗਨ ਨੇ ਇਹ ਕਰਿਸ਼ਮਾ ਕਰ ਵਿਖਾਇਆ ਸੀ. ਉਸ ਨੇ ਆਪਣੇ ਬੇਟੇ ਅਜੈ ਦੀ ਫਿਲਮ 'ਜਿਗਰ' (1992) ਦੀ ਕਹਾਣੀ ਵੀ ਲਿਖੀ ਸੀ. ਉਸ ਨੇ ਕਈ ਸਟੰਟ-ਮੈਨ, ਐਕਸ਼ਨ ਕੋਰਿਓਗ੍ਰਾਫਰ ਰੋਹਿਤ ਸ਼ੈਟੀ, ਸ਼ਾਮ ਕੌਸ਼ਲ ਆਦਿ ਦੀ ਤਲਾਸ਼ ਕਰਕੇ ਉਨ੍ਹਾਂ ਨੂੰ ਤਰਾਸ਼ਿਆ ਸੀ. ਵੀਰੂ ਇਕ ਸਹਿਰਦ ਮਨੁੱਖ ਸਨ ਅਤੇ ਉਨ੍ਹਾਂ ਲਈ ਅਦਾਕਾਰਾਂ ਅਤੇ ਉਨ੍ਹਾਂ ਦੀ ਲੜਾਕੂ ਟੀਮ ਦੀ ਸੁਰੱਖਿਆ ਬਹੁਤ ਮਹੱਤਵਪੂਰਨ ਸੀ।

ਬਾਲੀਵੁੱਡ ਦੇ ਲਗਭਗ ਸਾਰੇ ਸਟੰਟ/ ਫਾਈਟ/ ਐਕਸ਼ਨ ਡਾਇਰੈਕਟਰ, ਸ਼ੁਰੂ ਵਿੱਚ ਸਟੰਟਮੈਨ ਦੇ ਤੌਰ ਤੇ ਦਾਖਲ ਹੁੰਦੇ ਹਨ ਅਤੇ ਦਲੇਰਾਨਾ ਕਿਰਿਆਵਾਂ ਕਰਦੇ ਹਨ. ਕਈ ਸਾਲਾਂ ਦੀ ਮੁਸ਼ੱਕਤ ਅਤੇ ਆਪਣੇ ਗੁਰੂਆਂ ਦੀ ਪਾਲਣਾ ਕਰਨ ਤੋਂ ਬਾਅਦ, ਖੁਸ਼ਕਿਸਮਤ ਸਟੰਟਬਾਜ਼ ਹੀ ਫਾਈਟ-ਮਾਸਟਰ ਜਾਂ ਐਕਸ਼ਨ ਡਾਇਰੈਕਟਰ/ ਕੋਆਰਡੀਨੇਟਰ ਬਣਨ 'ਚ ਕਾਮਯਾਬ ਹੁੰਦੇ ਹਨ. ਮਸ਼ਹੂਰ ਐਕਸ਼ਨ ਕੋਰਿਓਗ੍ਰਾਫਰ ਵੀਰੂ ਦੇਵਗਨ ਦੂਜੇ ਅਣਪਛਾਤੀ ਤੇ ਅਣਜਾਣ ਸਟੰਟਮੈਨ ਤੋਂ ਵੱਖਰਾ ਸੀ. ਉਹ ਉੱਚ ਤੀਬਰਤਾ ਦੇ ਸਟੰਟ ਨਿਡਰਤਾਪੂਰਵਕ ਕਰਨ ਦੀ ਪ੍ਰਤਿਭਾ ਦੇ ਮਾਲਕ ਸਨ. ਉਨ੍ਹਾਂ ਦੀਆਂ ਇਨ੍ਹਾਂ ਖੂਬੀਆਂ ਕਾਰਨ, ਉਹ ਤੁਲਨਾਤਮਕ ਤੌਰ 'ਤੇ ਛੋਟੀ ਉਮਰ ਵਿਚ ਸਟੰਟ/ ਫਾਈਟ ਸੰਯੋਜਕ ਬਣ ਗਏ ਸਨ. ਵੀਰੂ ਨੇ ਐਕਸ਼ਨ 'ਚ ਨਵੇਂ ਇਨੋਵੇਸ਼ਨ ਕੀਤੇ ਅਤੇ ਉਨ੍ਹਾਂ ਨੂੰ ਪਰਫੈਕਸ਼ਨ ਨਾਲ ਸਿਰੇ ਚਾੜ੍ਹਿਆ ਸੀ. ਉਹ ਸਭ ਤੋਂ ਅਸੰਭਵ ਅਤੇ ਹੈਰਾਨਕੁਨ ਐਕਸ਼ਨ ਸੀਨ ਨੂੰ ਵੀ ਸਾਧਾਰਨ ਕਿਰਿਆਸ਼ੀਲ ਦ੍ਰਿਸ਼ ਬਣਾਕੇ ਪੇਸ਼ ਕਰਦੇ ਸਨ. ਉਨ੍ਹਾਂ ਨੇ ਸਟੰਟਮੈਨਾਂ ਲਈ ਨੌਕਰੀ ਦੇ ਨਵੇਂ ਰਸਤੇ ਖੋਲ੍ਹੇ ਸਨ. ਕਿੰਨੇ ਸਟੰਟਮੈਨ ਹਨ, ਜੋ ਅੱਜ ਡਾਇਰੈਕਟਰ, ਪ੍ਰੋਡਿਊਸਰ ਬਣ ਗਏ ਹਨ।

ਵੀਰੂ ਨੇ ਆਪਣੇ ਬੇਟੇ ਅਜੈ ਨੂੰ ਬਾਲੀਵੁੱਡ ਵਿਚ ਹੀਰੋ ਦੇ ਤੌਰ 'ਤੇ ਸਥਾਪਿਤ ਕਰਨ ਲਈ ਬਹੁਤ ਮਿਹਨਤ ਕੀਤੀ. ਅਜੈ ਨੂੰ ਡਾਂਸ ਅਤੇ ਘੁੜਸਵਾਰੀ ਦੀ ਟ੍ਰੇਨਿੰਗ ਦੇਣ ਵਾਸਤੇ ਪੁਖਤਾ ਇੰਤਜਾਮ ਕੀਤੇ. ਸਰੀਰਕ ਫਿਟਨੈਸ ਲਈ ਜਿਮ ਦੀ ਸੁਨਿਸ਼ਚਿਤਤਾ ਕੀਤੀ. ਵੀਰੂ ਨੇ ਉਸ ਨੂੰ ਫਿਲਮ ਨਿਰਮਾਣ, ਐਕਸ਼ਨ ਆਦਿ ਦੇ ਗੁਰ ਸਿਖਾਏ ਅਤੇ ਉਸ ਨੂੰ ਆਪਣੀ ਐਕਸ਼ਨ ਟੀਮ ਵਿਚ ਸ਼ਾਮਿਲ ਕੀਤਾ. ਵੀਰੂ ਦੇ ਅਟੁੱਟ ਮਨੋਬਲ ਤੇ ਵਚਨਬੱਧਤਾ ਦੀ ਬਦੌਲਤ, ਅਜੈ ਨੂੰ ਫਿਲਮ 'ਫੂਲ ਔਰ ਕਾਂਟੇ' (1991) ਵਿਚ ਮੁੱਖ ਭੂਮਿਕਾ ਨਿਭਾਉਣ ਦਾ ਸੁਨਹਿਰੀ ਮੌਕਾ ਮਿਲਿਆ ਸੀ. ਇਸ ਤਰ੍ਹਾਂ ਵੀਰੂ ਨੇ ਖੁਦ ਨਾਲ ਕੀਤਾ ਵਾਅਦਾ ਨਿਭਾਇਆ। ਇਸ ਫਿਲਮ ਵਿਚ ਉਨ੍ਹਾਂ ਦਾ ਇਕ ਯਾਦਗਾਰੀ ਐਕਸ਼ਨ-ਸੀਨ ਚਿਤਰਿਆ ਗਿਆ ਸੀ. ਲੈਦਰ ਜੈਕਟ, ਕਾਲਾ ਚਸ਼ਮਾ ਪਹਿਣੇ ਉਸ ਦਾ ਪੁੱਤਰ ਅਜੈ ਦੋ ਸਮਾਨਾਂਤਰ ਚੱਲ ਰਹੇ ਮੋਟਰ ਸਾਈਕਲਾਂ 'ਤੇ ਪੂਰੀ ਤਰ੍ਹਾਂ ਸੰਤੁਲਿਤ ਸਕ੍ਰੀਨ' ਤੇ ਧਮਾਕੇਦਾਰ ਐਂਟਰੀ ਕਰਦਾ ਹੈ. ਇਸੇ ਸੀਨ 'ਚ ਸੜਕ 'ਤੇ ਇਕ ਡਿਵਾਈਡਰ ਆਉਂਦਾ ਹੈ ਅਤੇ ਚੱਲਦੀ ਬਾਈਕ 'ਤੇ ਬੈਲੇਂਸਡ ਅਜੈ ਦੇ ਪੈਰ ਬਿਲਕੁਲ ਸਿੱਧੇ ਫੈਲ ਜਾਂਦੇ ਹਨ. ਦਰਸ਼ਕ ਖੁੱਲ੍ਹੀਆਂ ਅੱਖਾਂ ਨਾਲ ਇਹ ਐਂਟਰੀ ਦੇਖਦੇ ਹਨ, ਨਾ ਕੋਈ ਸਪੈਸ਼ਲ ਇਫੈਕਟ, ਨਾ ਬਾਡੀ ਡਬਲ, ਨਾ ਕੰਪਿਊਟਰ ਗ੍ਰਾਫਿਕਸ. ਇਹ ਸੀਨ ਬੇਹੱਦ ਮੁਸ਼ਕਿਲ ਸੀ ਪਰ ਵੀਰੂ ਨੇ ਬੇਟੇ ਨੂੰ ਕਾਫੀ ਤਿਆਰੀਆਂ ਕਰਵਾਈਆਂ ਸਨ, ਜਿਸ ਕਾਰਨ ਇਹ ਸੀਨ ਕਾਫੀ ਸੁਚੱਜੇ ਢੰਗ ਨਾਲ ਪੂਰਾ ਹੋਇਆ।

ਅਜੈ ਦੇਵਗਣ ਨੇ ਆਪਣੇ ਪਿਤਾ ਦੀ ਸ਼ਰਧਾ ਤੇ ਲੱਗਣ ਨੂੰ ਸਲਾਮ ਕਰਦਿਆਂ ਉਨ੍ਹਾਂ ਨੂੰ "ਸੱਚਾ ਸਿੰਘਮ" ਕਿਹਾ ਸੀ. ਵੀਰੂ ਦੇਵਗਣ ਆਪਣੀ ਜੇਬ ਵਿਚ ਸਿਰਫ ਚਾਰ ਰੁਪਏ ਲੈਕੇ ਬੰਬਈ ਆਇਆ ਸੀ. ਉਹ ਕੁਝ ਬਣਨਾ ਚਾਹੁੰਦਾ ਸੀ, ਉਸ ਨੇ ਸੰਘਰਸ਼ ਕੀਤਾ, ਇਥੋਂ ਤੀਕ ਕਿ ਉਸਨੇ ਟੈਕਸੀਆਂ ਧੋਣ ਵਰਗੇ ਛੋਟੇ ਮੋਟੇ ਕੰਮ ਕਰਨ ਤੋਂ ਵੀ ਗੁਰੇਜ਼ ਨਹੀਂ ਕੀਤੀ. ਆਪਣੀ ਸੱਚੀ ਲੱਗਣ ਅਤੇ ਮਿਹਨਤ ਦੀ ਬਦੌਲਤ ਉਹ ਭਾਰਤ ਦਾ ਸਭ ਤੋਂ ਵੱਡਾ ਐਕਸ਼ਨ ਡਾਇਰੈਕਟਰ ਬਣ ਗਿਆ ਸੀ. ਅਜੈ ਨੇ ਦੱਸਿਆ ਸੀ ਕਿ "ਇੱਕ ਬੱਚਾ ਅਤੇ ਇੱਕ ਐਕਸ਼ਨ ਡਾਇਰੈਕਟਰ ਦਾ ਪੁੱਤਰ ਹੋਣ ਦੇ ਨਾਤੇ, ਮੈਂ ਅਜੇ ਵੀ ਉਹੀ ਅਮੀਰੀ ਵਾਲੀ ਜੀਵਨਸ਼ੈਲੀ ਨੂੰ ਅਪਣਾਇਆ ਹੋਇਆ ਹੈ.ਫਿਲਮਾਂ ਵਿਚ ਐਕਸ਼ਨ ਸੀਨ ਕਰਦਿਆਂ ਹੋਏ ਉਨ੍ਹਾਂ ਦੇ ਸਿਰ ਵਿਚ ਕਰੀਬਨ 50 ਟਾਂਕੇ ਲਗੇ ਹੋਏ ਸਨ ਅਤੇ ਉਨ੍ਹਾਂ ਦੇ ਸਰੀਰ ਦੀਆਂ ਲਗਪਗ ਸਾਰੀਆਂ ਹੱਡੀਆਂ ਇਕ ਵਾਰੀ ਟੁੱਟ ਚੁਕੀਆਂ ਸਨ. ਇਕ ਸਟੰਟਮੈਨ ਦੇ ਸਰ ਤੇ ਮੌਤ ਹਰ ਵੇਲ੍ਹੇ ਮੰਡਰਾਉਂਦੀ ਰਹਿੰਦੀ ਹੈ ਪਰ ਮੇਰੇ ਪਿਤਾ ਵੀਰੂ ਦੇਵਗਨ ਨੇ ਮੌਤ ਨੂੰ ਕਈ ਵਾਰੀ ਪਛਾੜਿਆ ਸੀ. ਇਸ ਲਈ ਕੋਈ ਹੋਰ ਮੇਰਾ ਸਿੰਘਮ ਨਹੀਂ ਹੋ ਸਕਦਾ।"

ਅਮਿਤਾਭ ਬੱਚਨ ਨੇ ਆਪਣੀ ਇਕ ਟਵੀਟ ਰਾਹੀ ਖੁਲਾਸਾ ਕੀਤਾ ਕਿਵੇਂ ਵੀਰੂ ਦੇਵਗਨ ਇਕ 'ਸਟੈਂਡ-ਇਨ' ਦੀ ਆਪਣੀ ਨਿਮਰ ਸ਼ੁਰੂਆਤ ਤੋਂ ਬਾਲੀਵੁੱਡ ਦੇ ਪ੍ਰਮੁੱਖ ਸਟੰਟ ਡਾਇਰੈਕਟਰਾਂ ਵਿੱਚੋਂ ਇੱਕ ਬਣੇ ਸਨ. ਉਨ੍ਹਾਂ ਨੇ ਮੇਰੀਆਂ ਕਈ ਫਿਲਮਾਂ ਦੇ ਐਕਸ਼ਨ ਸੀਨ ਕੀਤੇ ਹਨ. ਵੀਰੂ ਪੰਜਾਬ ਤੋਂ ਸਨ ਅਤੇ ਸੈੱਟ 'ਤੇ ਉਹ ਮੇਰਾ ਵੈੱਲਕਮ ਵੀ ਉਸੇ ਅੰਦਾਜ਼ 'ਚ "ਅਮਿਤਾਭ ਸਿਹਾਂ ਸਤਿ ਸ੍ਰੀ ਅਕਾਲ..." ਕਰਦੇ ਸਨ. ਬਿੱਗ ਬੀ ਪਹਿਲੀ ਵਾਰ ਵੀਰੂ ਦੇਵਗਨ ਨੂੰ ਰਾਜਸਥਾਨ ਦੇ ਇਕ ਛੋਟੇ ਜਿਹੇ ਪਿੰਡ ਪੋਸ਼ੀਨਾ 'ਚ ਫਿਲਮ 'ਰੇਸ਼ਮਾ' ਅਤੇ 'ਸ਼ੇਰਾ' (1971) ਦੀ ਸ਼ੂਟਿੰਗ ਸਮੇਂ ਮਿਲੇ ਸਨ। ਅਮਿਤਾਭ ਨੇ ਲਿਖਿਆ, 'ਸੁਨੱਖੇ ਐਕਸ਼ਨ ਡਾਇਰੈਕਟਰ, ਰਵੀ ਖੰਨਾ ਪਿੰਡ ਦੇ ਇਕ ਬਦਮਾਸ਼ ਦੁਆਰਾ ਹੀਰੋ ਸੁਨੀਲ ਦੱਤ ਨੂੰ ਕੁੱਟਿਆ ਜਾਣ ਵਾਲੇ ਸੀਨ ਦੀ ਡਮੀ ਰਿਹਰਸਲ ਇਕ ਸਟੈਂਡ-ਇਨ ਕਲਾਕਾਰ ਨਾਲ ਕਰ ਰਹੇ ਸਨ. ਖੰਨਾ ਸਟੰਟ ਆਯੋਜਿਤ ਕਰਦੇ ਸਮੇਂ ਆਪਣੀ ਪ੍ਰਮਾਣਕਤਾ ਲਈ ਜਾਣੇ ਜਾਂਦੇ ਸਨ। ਰਵੀ ਖੰਨਾ ਦੀ ਮਾਰ ਕਾਰਨ ਉਸ ਸਟੈਂਡ-ਇਨ ਦੇ ਚਿਹਰੇ 'ਤੇ ਦਰਦ ਅਤੇ ਪੀੜਾ ਨੂੰ ਵੇਖਿਆ ਜਾ ਸਕਦਾ ਸੀ, ਪਰ ਉਸਨੇ ਡਮੀ ਰਿਹਰਸਲ ਨੂੰ ਸੰਪੂਰਨਤਾ ਨਾਲ ਪੂਰਾ ਕਰਨਾ ਜਾਰੀ ਰੱਖਿਆ. ਇਹ ਸਟੈਂਡ-ਇਨ (ਡਮੀ) ਕਲਾਕਾਰ ਵੀਰੂ ਦੇਵਗਨ ਤੋਂ ਇਲਾਵਾ ਹੋਰ ਕੋਈ ਨਹੀਂ ਸੀ।

ਬਾਲੀਵੁੱਡ ਦੇ ਮੰਨੇ-ਪ੍ਰਮੰਨੇ ਸਟੰਟ/ਐਕਸ਼ਨ ਨਿਰਦੇਸ਼ਕ ਵੀਰੂ ਦੇਵਗਨ ਦਾ 27 ਮਈ, 2019 ਨੂੰ ਦਿਲ ਦਾ ਦੌਰਾ ਪੈਣ ਦੀ ਵਜ੍ਹਾ ਨਾਲ ਸਵਰਗਵਾਸ ਹੋ ਗਿਆ। ਉਨ੍ਹਾਂ ਦੀ ਮੌਤ ਦੀ ਖਬਰ ਸੁਣ ਕੇ ਅੰਮ੍ਰਿਤਸਰ ਸਥਿਤ ਸ਼ਰੀਫਪੁਰਾ ਦੇ ਰਾਣੀ ਬਜ਼ਾਰ ਵਿਚ ਵੀ ਸੋਗ ਦੀ ਲਹਿਰ ਛਾ ਗਈ ਸੀ। ਉਨ੍ਹਾਂ ਦੇ ਪਰਿਵਾਰ ਵਿਚ ਪਤਨੀ ਵੀਨਾ ਦੇਵਗਨ, ਦੋ ਬੇਟੇ ਅਜੈ ਅਤੇ ਅਨਿਲ ਦੇਵਗਨ ਅਤੇ ਦੋ ਬੇਟੀਆਂ ਕਵਿਤਾ ਅਤੇ ਨੀਲਮ ਦੇਵਗਨ ਹਨ।

ਵੀਰੂ ਦੇਵਗਨ ਹਿੰਦੀ ਸਿਨੇਮਾ ਦੇ ਸਭ ਤੋਂ ਵੱਡੇ ਤੇ ਸਫਲ ਐਕਸ਼ਨ ਡਾਇਰੈਕਟਰਾਂ 'ਚੋਂ ਇਕ ਸਨ, ਉਨ੍ਹਾਂ ਦੇ ਹੈਰਤ-ਅੰਗੇਜ਼ ਐਕਸ਼ਨ ਹਮੇਸ਼ਾ ਲਈ ਯਾਦ ਕੀਤੇ ਜਾਣਗੇ।

# 5 ਜੂਨ ਨੂੰ ਈਦ ਦੇ ਮੌਕੇ 'ਤੇ ਵਿਸ਼ੇਸ਼



ਮੁਹੰਮਦ ਬਸ਼ੀਰ
91-94171-58300

ਭਾਰਤ ਇੱਕ ਬਹੁ-ਧਰਮੀ ਧਰਮ ਨਿਰਪੱਖ ਦੇਸ਼ ਹੈ। ਇਸ 'ਚ ਰਹਿਣ ਵਾਲੇ ਹਰੇਕ ਧਰਮ ਦੇ ਲੋਕ ਆਪਣੇ ਧਾਰਮਿਕ ਵਿਸ਼ਵਾਸ਼ਾਂ ਅਨੁਸਾਰ ਦਿਨ ਤਿਉਹਾਰ ਮਨਾਉਂਦੇ ਹਨ। ਇਸਲਾਮ ਧਰਮ ਨੂੰ ਮੰਨਣ ਵਾਲੇ ਮੁਸਲਿਮ ਭਾਈਚਾਰੇ ਨਾਲ ਸਬੰਧਤ ਲੋਕ ਭਾਰਤ 'ਚ ਅਤੇ ਸਮੁੱਚੇ ਵਿਸ਼ਵ 'ਚ ਦੋ ਦਿਹਾੜਿਆਂ ਨੂੰ ਬਹੁਤ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਉਂਦੇ ਹਨ। ਇਨ੍ਹਾਂ 'ਚੋਂ ਇੱਕ ਦਿਹਾੜੇ ਨੂੰ 'ਈਦ-ਉਲ-ਫਿਤਰ' ਅਤੇ ਦੂਜੇ ਨੂੰ 'ਈਦ-ਉਲ-ਅਜਹਾ' ਕਿਹਾ ਜਾਂਦਾ ਹੈ।

ਈਦ-ਉਲ-ਫਿਤਰ ਜਾਂ ਈਦ ਆਪਸੀ ਮਿਲਵਰਤਨ ਅਤੇ ਭਾਈਚਾਰੇ ਦਾ ਪਵਿੱਤਰ ਤਿਉਹਾਰ ਹੈ। ਇਸ ਤਿਉਹਾਰ ਨੂੰ ਭਾਰਤ ਦੇ ਸਭ ਧਰਮਾਂ ਦੇ ਲੋਕਾਂ ਦੁਆਰਾ ਸਾਂਝੇ ਰੂਪ ਵਿੱਚ ਮਨਾਉਣਾ ਭਾਰਤ ਦੇ ਧਰਮ ਨਿਰਪੱਖ ਦੇਸ਼ ਹੋਣ ਦਾ ਪ੍ਰਤੱਖ ਪ੍ਰਮਾਣ ਹੈ। ਈਦ ਦਾ ਤਿਉਹਾਰ ਜਿੱਥੇ ਸਾਰਿਆਂ ਲਈ ਖੁਸ਼ੀਆਂ ਲੈ ਕੇ ਆਉਂਦਾ ਹੈ ਉੱਥੇ ਮੁਕਦੱਸ ਕਿਤਾਬ 'ਕੁਰਾਨ ਸ਼ਰੀਫ' ਦੇ ਮੁਤਾਬਕ ਈਦ ਵਾਲੇ ਦਿਨ ਅੱਲ੍ਹਾ (ਰੱਬ) ਆਪਣੇ ਫਰਿਸ਼ਤਿਆਂ ਨੂੰ ਗਵਾਹ ਬਣਾ ਕੇ ਕਹਿੰਦਾ ਹੈ ਕਿ ਮੈਂ ਉਹਨਾਂ ਸਾਰੇ ਲੋਕਾਂ ਦੀ ਮਗਫਰਿਤ (ਬਖਸ਼ਿਸ) ਕਰ ਦਿੱਤੀ, ਜਿਹਨਾਂ ਨੇ ਰਮਜ਼ਾਨ ਮਹੀਨੇ ਦੇ ਰੋਜ਼ੇ ਪੂਰੇ ਅਸੂਲਾਂ ਅਤੇ ਆਦਾਬ ਦੇ ਨਾਲ ਰੱਖੇ ਅਤੇ ਈਦ ਦੀ ਨਮਾਜ਼ ਖੁਸ਼ੀ-ਖੁਸ਼ੀ ਅਦਾ ਕੀਤੀ ਹੈ। ਈਦ-ਉਲ-ਫ਼ਿਤਰ ਦਾ ਤਿਉਹਾਰ ਰਮਜ਼ਾਨ ਦੇ ਮਹੀਨੇ ਦੇ ਖਤਮ ਹੋਣ ਤੋਂ ਬਾਅਦ ਅਗਲੇ ਦਿਨ ਮਨਾਇਆ ਜਾਂਦਾ ਹੈ। ਈਦ-ਉਲ-ਫ਼ਿਤਰ ਅਰਬੀ ਭਾਸ਼ਾ ਦੇ ਦੋ ਸ਼ਬਦਾਂ 'ਈਦ' ਅਤੇ 'ਫ਼ਿਤਰ' ਦੇ ਸੁਮੇਲ ਨਾਲ ਬਣਿਆ ਹੈ। ਈਦ ਦਾ ਅਰਥ ਹੈ ਖੁਸ਼ੀ ਦਾ ਉਹ ਦਿਨ ਜਿਹੜਾ ਵਾਰ ਵਾਰ ਆਵੇ ਅਤੇ ਫ਼ਿਤਰ ਦਾ ਅਰਥ ਹੈ ਰੋਜ਼ਾ ਖੋਲਣਾ।ਇਸ ਲਈ ਮੁਸਲਿਮ ਭਾਈਚਾਰੇ ਦੇ ਲੋਕ ਇਹ ਤਿਉਹਾਰ ਹਰ ਸਾਲ ਹਿਜਰੀ ਸੰਨ (ਇਸਲਾਮੀ ਕੈਲੰਡਰ) ਦੇ ਨੌਵੇਂ ਮਹੀਨੇ ਰਮਜ਼ਾਨ ਦੇ ਰੋਜ਼ੇ ਰੱਖਣ ਤੋਂ ਬਾਅਦ ਦਸਵੇਂ ਮਹੀਨੇ ਵਿੱਚ ਸ਼ੱਵਾਲ ਦੀ ਪਹਿਲੀ ਤਾਰੀਖ ਨੂੰ ਮਨਾਉਂਦੇ ਹਨ। ਇਸੀ ਤਰ੍ਹਾਂ ਹੱਜ ਦੀਆਂ ਰਸਮਾਂ ਪੂਰੀਆਂ ਹੋਣ ਤੋਂ ਬਾਅਦ ਹਜਰਤ ਇਬਰਾਹੀਮ (ਅਲੈ.) ਅਤੇ ਉਨ੍ਹਾਂ ਦੇ ਸਪੁੱਤਰ ਹਜ਼ਰਤ ਇਸਮਾਇਲ (ਅਲੈ.) ਨਾਲ ਸਬੰਧਤ ਕੁਰਬਾਨੀ ਦੀ ਇੱਕ ਵਿਸ਼ੇਸ਼ ਘਟਨਾ ਨਾਲ ਸਬੰਧਤ ਯਾਦ ਨੂੰ ਤਾਜ਼ਾ ਕਰਨ ਲਈ ਮਨਾਈ ਜਾਂਦੀ ਈਦ ਨੂੰ ਈਦ-ਉਲ-ਅਜ਼ਹਾ ਜਾਂ ਆਮ ਭਾਸ਼ਾ 'ਚ ਬਕਰੀਦ ਕਿਹਾ ਜਾਂਦਾ ਹੈ।

ਇਸਲਾਮ ਧਰਮ ਪੰਜ ਥੰਮਾਂ ਜਾਂ ਸਿਧਾਂਤਾਂ ਤੇ ਖੜ੍ਹਾ ਹੈ। ਜਿਸ ਵਿੱਚ ਸਭ ਤੋਂ ਪਹਿਲਾਂ ਥੰਮ ਹੈ ਇੱਕ ਰੱਬ ਤੇ ਵਿਸ਼ਵਾਸ਼ ਕਰਨਾ ਤੇ ਕੇਵਲ ਉਸ ਦੀ ਹੀ ਪੂਜਾ/ਬੰਦਗੀ ਕਰਨਾ ਅਤੇ ਮੁਹੰਮਦ (ਸਲ.) ਨੂੰ ਪੈਗੰਬਰ ਮੰਨ ਕੇ ਉਹਨਾਂ ਦੁਆਰਾ ਆਪਣੇ ਜੀਵਨ ਵਿੱਚ ਅਪਣਾਏ ਸਿਧਾਤਾਂ ਨੂੰ ਅਪਣਾਉਣਾ। ਦੂਜਾ ਹੈ ਦਿਨ 'ਚ ਪੰਜ ਵਾਰ ਨਮਾਜ਼ ਪੜ੍ਹਨਾ ਭਾਵ ਆਪਣੇ ਰੱਬ ਦੀ ਪੂਜਾ ਕਰਨਾ। ਤੀਜਾ ਥੰਮ ਹੈ ਜ਼ਕਾਤ ਭਾਵ ਆਪਣੀ ਨੇਕ ਕਮਾਈ ਦਾ 40ਵਾਂ ਹਿੱਸਾ (ਢਾਈ ਪ੍ਰਤੀਸ਼ਤ) ਗਰੀਬਾਂ, ਯਤੀਮਾਂ, ਲੋੜਵੰਦਾਂ ਨੂੰ ਰੱਬ ਦੀ ਰਜ਼ਾ ਲਈ ਦਾਨ ਦੇਣਾ। ਚੋਥਾ ਹੈ ਰਮਜ਼ਾਨ ਦੇ ਪਵਿੱਤਰ ਮਹੀਨੇ ਵਿੱਚ ਇੱਕ ਮਹੀਨੇ ਦੇ ਰੋਜ਼ੇ/ਵਰਤ ਰੱਖਣਾ। ਪੰਜਵਾਂ ਥੰਮ ਹੈ ਹੱਜ ਕਰਨਾ। ਭਾਵ ਆਪਣੀ ਜਿੰਦਗੀ ਵਿੱਚ ਇੱਕ ਵਾਰ ਮੱਕੇ (ਜੋ ਕਿ ਸਾਊਦੀ ਅਰਬ ਦਾ ਇੱਕ ਸ਼ਹਿਰ ਹੈ ਅਤੇ ਮੁਹੰਮਦ ਸਾਹਿਬ ਦਾ ਜਨਮ ਸਥਾਨ ਹੈ) ਦੀ ਯਾਤਰਾ ਕਰਨੀ।

ਈਦ-ਉਲ- ਫਿਤਰ ਦੇ ਤਿਉਹਾਰ ਨੂੰ ਇਨਾਮ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ ਕਿਉਂਕਿ ਇੱਕ ਮੁਸਲਮਾਨ ਰਮਜ਼ਾਨ ਦੇ ਪਵਿੱਤਰ ਮਹੀਨੇ ਵਿੱਚ ਆਪਣੇ ਨਫ਼ਸ, ਜਰੂਰਤਾਂ ਆਦਿ ਦੀ ਕੁਰਬਾਨੀ ਦਿੰਦੇ ਹੋਏ ਰੱਬ ਦੀ ਬੰਦਗੀ ਅਤੇ ਰੱਬ ਦੇ ਹੁਕਮਾਂ ਨੂੰ ਪੂਰਾ ਕਰਨ ਦੀ ਹਰ ਸੰਭਵ ਕੋਸ਼ਿਸ ਕਰਦਾ ਹੋਇਆ ਵੱਧ ਤੋਂ ਵੱਧ ਸਮਾਂ ਰੱਬ ਦੀ ਭਗਤੀ ਵਿੱਚ ਗੁਜ਼ਾਰਦਾ ਹੈ। ਬੰਦੇ ਦੀ ਇਸ ਭਗਤੀ ਅਤੇ ਪ੍ਰਹੇਜ਼ਗਾਰੀ ਤੋਂ ਖੁਸ਼ ਹੋ ਕਿ ਰੱਬ ਵੱਲੋਂ ਉਸ ਨੂੰ ਇਨਾਮ ਦੇ ਰੂਪ 'ਚ ਈਦ-ਉਲ-ਫ਼ਿਤਰ ਦਾ ਦਿਨ ਤਿਉਹਾਰ ਦੇ ਰੂਪ ਵਿੱਚ ਦਿੱਤਾ ਗਿਆ ਹੈ। ਜਿਸ ਵਿੱਚ ਇਨਸਾਨ ਖੁਸ਼ੀ ਅਤੇ ਜਸ਼ਨ ਮਨਾ ਸਕਦਾ ਹੈ।ਇਸਲਾਮ ਧਰਮ ਦੇ ਆਖਰੀ ਪੈਗੰਬਰ ਮੁਹਮਦ (ਸਲ.) ਨੇ ਈਦ ਦੇ ਦਿਨ ਰੋਜ਼ਾ ਰੱਖਣ ਦੀ ਮਨਾਹੀ ਕੀਤੀ ਹੈ ਤੇ ਈਦ ਦੇ ਦਿਨ ਹਰੇਕ ਮੁਸਲਮਾਨ ਨੂੰ ਆਪਣੀ ਹੈਸੀਅਤ ਦੇ ਅਨੁਸਾਰ ਉੱਤਮ ਪਹਿਰਾਵਾ ਪਾਉਣ ਦਾ ਆਦੇਸ਼ ਦਿੱਤਾ ਹੈ। ਮੁਹੰਮਦ (ਸਲ.) ਈਦ ਦੇ ਦਿਨ ਖੁਦ ਵੀ ਨਵੇਂ ਕੱਪੜੇ ਪਾਉਂਦੇ ਸਨ ਅਤੇ ਖੁਸ਼ਬੂ ਲਗਾਉਂਦੇ ਸਨ। ਇਸ ਲਈ ਮੁਸਲਮਾਨਾਂ ਵੱਲੋਂ ਵੀ ਈਦ ਦੀ ਤਿਆਰੀ ਕਈ ਦਿਨ ਪਹਿਲਾਂ ਜਾਂ ਇਹ ਕਿਹਾ ਜਾ ਸਕਦਾ ਹੈ ਕਿ ਰਮਜ਼ਾਨ ਮਹੀਨੇ ਦੇ ਸ਼ੁਰੂ ਹੋਣ ਦੇ ਨਾਲ ਹੀ ਆਰੰਭ ਕਰ ਦਿੱਤੀ ਜਾਂਦੀ ਹੈ। ਲੋਕ ਨਵੇਂ ਕੱਪੜੇ, ਜੁੱਤੀਆਂ ਅਤੇ ਸਗੇ-ਸਬੰਧੀਆਂ ਲਈ ਤੋਹਫਿਆਂ ਦੀ ਖ੍ਰੀਦੋ ਫਰੋਖਤ ਸ਼ੁਰੂ ਕਰ ਦਿੰਦੇ ਹਨ। ਇਹਨਾਂ ਦਿਨਾਂ 'ਚ ਬਾਜ਼ਾਰਾਂ ਵਿੱਚ ਬਹੁਤ ਚਹਿਲ-ਪਹਿਲ ਹੁੰਦੀ ਹੈ। ਅਮੀਰ-ਗਰੀਬ, ਬੱਚੇ, ਜਵਾਨ, ਬੁੱਢੇ, ਔਰਤਾਂ ਸਭ ਆਪਣੀ ਹੈਸੀਅਤ ਦੇ ਅਨੁਸਾਰ ਖ੍ਰੀਦਦਾਰੀ ਕਰਦੇ ਹਨ। ਇਸਦੇ ਨਾਲ ਹੀ ਮੁੰਹਮਦ (ਸਲ.) ਨੇ ਈਦ ਦੇ ਦਿਨ ਖੁਤਬਾ (ਭਾਸ਼ਣ) ਦਿੰਦੇ ਹੋਏ ਔਰਤਾਂ ਅਤੇ ਮਰਦਾਂ ਨੂੰ ਸਾਂਝੇ ਰੂਪ ਵਿੱਚ ਸੰਬੋਧਨ ਕਰਦਿਆਂ ਕਿਹਾ ਕਿ ਦਾਨ ਕਰੋ, ਦਾਨ ਕਰੋ ਭਾਵ ਇਸ ਦਿਨ ਰੁਪਏ ਪੈਸੇ ਆਦਿ ਦੇ ਰੂਪ ਵਿੱਚ ਦਾਨ ਦੇਣ ਤੇ ਬਹੁਤ ਜ਼ੋਰ ਦਿੱਤਾ ਹੈ। ਇਸ ਦੇ ਨਾਲ ਹੀ ਇਹ ਵੀ ਕਿਹਾ ਗਿਆ ਕਿ ਈਦ ਦੀ ਖੁਸ਼ੀ ਮਨਾਉਂਦੇ ਹੋਏ ਗਰੀਬ, ਯਤੀਮ, ਵਿਧਵਾਵਾਂ ਆਦਿ ਲੋਕਾਂ ਦੇ ਨਾਲ ਹਮਦਰਦੀ ਭਰਿਆ ਵਰਤਾਓ ਕੀਤਾ ਜਾਵੇ ਤਾਂ ਜੋ ਉਹ ਵੀ ਈਦ ਦੀਆਂ ਖੁਸ਼ੀਆਂ ਮਾਨਣ ਲਈ ਤੁਹਾਡੇ ਨਾਲ ਸ਼ਾਮਿਲ ਹੋ ਸਕਣ। ਇਸ ਲਈ ਮੁਹੰਮਦ (ਸ.) ਦੇ ਸੰਦੇਸ਼ਾਂ ਤੇ ਅਮਲ ਕਰਦਿਆਂ ਇੱਕ ਅਮੀਰ ਵਿਅਕਤੀ ਉਦੋਂ ਹੀ ਆਪਣੀ ਖੁਸ਼ੀ ਨੂੰ ਪੂਰੀ ਸਮਝਦਾ ਹੈ ਜਦੋਂ ਉਸਦਾ ਗਰੀਬ ਭਰਾ, ਗੁਆਂਢੀ ਆਦਿ ਵੀ ਉਸਦੀ ਖੁਸ਼ੀ ਵਿੱਚ ਸ਼ਾਮਿਲ ਹੁੰਦਾ ਹੈ। ਇਸ ਕਰਕੇ ਹੀ ਇਸਲਾਮ ਵਿੱਚ ਈਦ ਦਾ ਮਤਲਬ ਸਿਰਫ ਨਵੇਂ ਅਤੇ ਵਧੀਆ ਕੱਪੜੇ ਪਹਿਨਣਾ, ਖੁਸ਼ਬੂ ਲਗਾਉਣਾ ਅਤੇ ਮਿੱਠੀਆ ਚੀਜਾਂ ਖਾ ਲੈਣਾ ਹੀ ਨਹੀਂ ਸਗੋਂ ਈਦ ਦਾ ਅਸਲ ਭਾਵ ਹੈ ਸਮੂਹਿਕ ਰੂਪ ਵਿੱਚ ਰੱਬ ਨੂੰ ਯਾਦ ਕਰਦਿਆਂ ਉਸ ਵੱਲ ਧਿਆਨ ਕਰਕੇ ਉਸਦੀ ਨੇੜਤਾ ਹਾਸਲ ਕਰਨਾ ਅਤੇ ਉਸ ਦੇ ਨਾਮ ਤੇ ਗਰੀਬਾਂ ਤੇ ਲੋੜਵੰਦਾਂ ਦੀ ਸਹਾਇਤਾ ਕਰਨਾ ਹੈ। ਇਸ ਕਰਕੇ ਮੁਹੰਮਦ (ਸਲ.) ਨੇ ਮੁਸਲਮਾਨਾਂ ਨੂੰ ਹੁਕਮ ਦਿੱਤਾ ਕਿ ਈਦ-ਉਲ-ਫ਼ਿਤਰ ਦਾ 'ਸਦਕਾ-ਏ-ਫ਼ਿਤਰ' (ਦਾਨ) ਈਦ ਦੀ ਨਮਾਜ ਪੜ੍ਹਨ ਤੋਂ ਪਹਿਲਾਂ ਦੇਣਾ ਜਰੂਰੀ ਹੈ। ਸਦਕਾ-ਏ-ਫ਼ਿਤਰ ਨੂੰ ਰੋਜ਼ੇਦਾਰਾਂ ਵੱਲੋਂ ਰੋਜ਼ੇ ਦੀ ਹਾਲਾਤ ਵਿੱਚ ਜਾਣੇ ਅਨਜਾਣੇ ਵਿੱਚ ਹੋਏ ਗੁਨਾਹਾਂ ਤੋਂ ਪਾਕ ਕਰਨ ਦਾ ਸਾਧਨ ਦੱਸਿਆ ਗਿਆ ਹੈ। ਈਦ ਦੇ ਦਿਨ ਮੁਸਲਿਮ ਭਾਈਚਾਰੇ ਦੇ ਲੋਕ ਸਵੇਰੇ ਜਲਦੀ ਉੱਠ ਕੇ, ਇਸ਼ਨਾਨ ਕਰਕੇ, ਨਵੇਂ-ਨਵੇਂ ਕੱਪੜੇ ਪਾ ਕੇ ਖੁਸ਼ਬੂ (ਇਤਰ) ਆਦਿ ਲਗਾ ਕੇ ਨੇੜਲੀਆਂ ਵੱਡੀਆਂ ਮਸਜਿਦਾਂ ਖਾਸਕਰ ਈਦਗਾਹ ਵਿੱਚ ਈਦ ਦੀ ਨਮਾਜ਼ ਪੜ੍ਹਨ ਲਈ ਜਾਂਦੇ ਹਨ। ਈਦਗਾਹ ਪਹੁੰਚ ਕੇ ਲੋਕ ਬਿਨਾਂ ਕਿਸੇ ਭੇਦ-ਭਾਵ ਤੋਂ ਇੱਕਠੇ ਹੋ ਕੇ ਈਦ ਦੀ ਨਮਾਜ਼ ਅਦਾ ਕਰਦੇ ਹਨ। ਦੇਸ਼ ਦੀਆਂ ਸਾਰੀਆਂ ਈਦਗਾਹਾਂ ਅਤੇ ਵੱਡੀਆਂ ਮਸਜਿਦਾਂ ਵਿੱਚ ਅਜਿਹਾ ਹੀ ਮਨਮੋਹਣਾ ਦ੍ਰਿਸ਼ ਦੇਖਣ ਨੂੰ ਮਿਲਦਾ ਹੈ। ਈਦ ਦੀ ਨਮਾਜ਼ ਅਦਾ ਕਰਨ ਤੋਂ ਬਾਅਦ ਲੋਕ ਸਾਰੇ ਗਿਲੇ-ਸ਼ਿਕਵੇ ਭੁੱਲਾ ਕੇ ਇੱਕ ਦੂਜੇ ਦੇ ਗਲੇ ਮਿਲ ਕੇ ਆਪਸੀ ਭਾਈਚਾਰੇ ਅਤੇ ਸਹਿਚਾਰ ਦਾ ਸੰਦੇਸ਼ ਦਿੰਦੇ ਹਨ। ਈਦ-ਉਲ-ਫ਼ਿਤਰ ਨੂੰ 'ਮਿੱਠੀ ਈਦ' ਵੀ ਕਿਹਾ ਜਾਂਦਾ ਹੈ। ਇਸ ਕਰਕੇ ਮੁਸਲਮਾਨਾਂ ਦੇ ਘਰਾਂ ਵਿੱਚ ਮਿੱਠੀਆਂ ਸੇਵੀਆਂ, ਖੀਰ ਜਾਂ ਮਿੱਠੇ ਚਾਵਲ ਆਦਿ ਈਦ ਵਾਲੇ ਦਿਨ ਜ਼ਰੂਰ ਬਣਾਏ ਜਾਂਦੇ ਹਨ। ਇਸਦੇ ਨਾਲ ਹੋਰ ਅਨੇਕਾਂ ਤਰ੍ਹਾਂ ਦੇ ਪਕਵਾਨ ਵੀ ਬਣਾਏ ਜਾਂਦੇ ਹਨ। ਲੋਕ ਆਪਣੇ ਸਗੇ-ਸੰਬੰਧੀਆਂ, ਦੋਸਤਾਂ ਅਤੇ ਮਿੱਤਰਾਂ ਨਾਲ ਮਿਠਾਈਆਂ ਜਾਂ ਤੋਹਫਿਆਂ ਦੇ ਰੂਪ 'ਚ ਲੈਣ-ਦੇਣ ਕਰਦੇ ਹਨ। ਇਸ ਖੁਸ਼ੀ ਦੇ ਮੌਕੇ ਤੇ ਮਾਪਿਆਂ ਅਤੇ ਹੋਰ ਵੱਡੇ-ਵਡੇਰਿਆਂ ਵੱਲੋਂ ਬੱਚਿਆਂ ਨੂੰ ਖਰਚਣ ਲਈ ਜੋ ਰਾਸ਼ੀ ਦਿੱਤੀ ਜਾਂਦੀ ਹੈ ਉਸ ਨੂੰ 'ਈਦੀ' ਕਿਹਾ ਜਾਂਦਾ ਹੈ।

**ਵੱਖ ਵੱਖ ਧਰਮਾਂ ਰੂਪੀ ਫੁੱਲਾਂ ਦੇ ਗੁਲਦਸਤੇ ਦਾ ਖਿਤਾਬ ਹਾਸਲ ਪੰਜਾਬ ਦੇ ਸ਼ਹਿਰ ਮਾਲੇਰਕੋਟਲਾ ਵਿੱਚ ਮੁਸਲਿਮ ਭਰਾਵਾਂ ਵੱਲੋਂ ਦੂਜੇ ਧਰਮਾਂ ਦੇ ਦੋਸਤਾਂ-ਮਿੱਤਰਾਂ ਨੂੰ ਈਦ ਦੀ ਖੁਸ਼ੀ ਵਿੱਚ ਸ਼ਾਮਿਲ ਕਰਨ ਲਈ ਤੋਹਫਿਆਂ ਦੇ ਰੂਪ ਵਿੱਚ ਸ਼ੁਭ ਕਾਮਨਾਵਾਂ ਦਿੱਤੀਆਂ ਜਾਂਦੀਆਂ ਹਨ। ਇਸ ਤਰ੍ਹਾਂ ਇੱਥੇ ਈਦ, ਦੀਵਾਲੀ, ਲੋਹੜੀ ਆਦਿ ਤਿਉਹਾਰ ਹਿੰਦੂ, ਸਿੱਖ, ਮੁਸਲਿਮ ਆਦਿ ਸਭ ਧਰਮਾਂ ਦੇ ਲੋਕ ਰਲ ਮਿਲ ਕੇ ਮਨਾਉਂਦੇ ਹਨ। ਮੁੰਹਮਦ (ਸਲ.) ਨੇ ਈਦ ਦੇ ਦਿਨ ਮੁਸਲਮਾਨਾਂ ਨੂੰ ਖੂਬ ਖਾਣ-ਪੀਣ ਦੇ ਨਾਲ ਅੱਲ੍ਹਾ ਦਾ ਜ਼ਿਕਰ (ਪੂਜਾ) ਕਰਨ ਅਤੇ ਉਸ ਨੂੰ ਯਾਦ ਰੱਖਣ ਲਈ ਵੀ ਕਿਹਾ ਹੈ।**

ਵੱਖ ਵੱਖ ਧਰਮਾਂ ਰੂਪੀ ਫੁੱਲਾਂ ਦੇ ਗੁਲਦਸਤੇ ਦਾ ਖਿਤਾਬ ਹਾਸਲ ਪੰਜਾਬ ਦੇ ਸ਼ਹਿਰ ਮਾਲੇਰਕੋਟਲਾ ਵਿੱਚ ਮੁਸਲਿਮ ਭਰਾਵਾਂ ਵੱਲੋਂ ਦੂਜੇ ਧਰਮਾਂ ਦੇ ਦੋਸਤਾਂ-ਮਿੱਤਰਾਂ ਨੂੰ ਈਦ ਦੀ ਖੁਸ਼ੀ ਵਿੱਚ ਸ਼ਾਮਿਲ ਕਰਨ ਲਈ ਤੋਹਫਿਆਂ ਦੇ ਰੂਪ ਵਿੱਚ ਸ਼ੁਭ ਕਾਮਨਾਵਾਂ ਦਿੱਤੀਆਂ ਜਾਂਦੀਆਂ ਹਨ। ਇਸ ਤਰ੍ਹਾਂ ਇੱਥੇ ਈਦ, ਦੀਵਾਲੀ, ਲੋਹੜੀ ਆਦਿ ਤਿਉਹਾਰ ਹਿੰਦੂ, ਸਿੱਖ, ਮੁਸਲਿਮ ਆਦਿ ਸਭ ਧਰਮਾਂ ਦੇ ਲੋਕ ਰਲ ਮਿਲ ਕੇ ਮਨਾਉਂਦੇ ਹਨ। ਮੁੰਹਮਦ (ਸਲ.) ਨੇ ਈਦ ਦੇ ਦਿਨ ਮੁਸਲਮਾਨਾਂ ਨੂੰ ਖੂਬ ਖਾਣ-ਪੀਣ ਦੇ ਨਾਲ ਅੱਲ੍ਹਾ ਦਾ ਜ਼ਿਕਰ (ਪੂਜਾ) ਕਰਨ ਅਤੇ ਉਸ ਨੂੰ ਯਾਦ ਰੱਖਣ ਲਈ ਵੀ ਕਿਹਾ ਹੈ। ਜਿਸ ਨੇ ਤਹਾਨੂੰ ਪੈਦਾ ਕੀਤਾ ਹੈ ਅਤੇ ਇਹ ਖੁਸ਼ੀ ਦਾ ਮੌਕਾ ਦਿੱਤਾ ਹੈ। ਈਦ ਦੇ ਦਿਨ ਖੁਸ਼ੀ ਦਾ ਇਜ਼ਹਾਰ ਕਰਨਾ ਵੀ ਦੀਨ (ਧਰਮ) ਦਾ ਹੀ ਇੱਕ ਹਿੱਸਾ ਹੈ।ਇਸ ਤਰ੍ਹਾਂ ਇਹ ਤਿਉਹਾਰ ਖੁਸ਼ੀ ਦੇ ਨਾਲ-ਨਾਲ ਦਯਾ, ਪਰਉਪਕਾਰ, ਉਦਾਰਤਾ, ਭਾਈਚਾਰਕ ਸਾਂਝ ਨੂੰ ਵਧਾਉਣ ਦਾ ਸੰਦੇਸ਼ ਵੀ ਦਿੰਦਾ ਹੈ।

RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here

SELL OR BUY
Residential • Business • Commercial
Lease • Investment Property and Land

Serving in Greater Sacramento area since 2004



Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd #
100 Sacramento, CA 95834

Chicago's Pizza with a Twist

Call: 1-209-398-2221







Parvinder Dhesi



Kulwant Sandhu

1471 B St., Unit B, Livingston, CA 95334

## ਅਰਦਾਸ

ਹੇ ਬਾਬਾ ਨਾਨਕ!
ਤੂੰ ਤੁਰਦਾ ਰਿਹਾ ਸੈਂ
ਚਾਰੇ ਦਿਸ਼ਾਵੀਂ ਪੈਦਲ ਹੀ
ਅਸੀਂ ਕੀ ਕਰਦੇ ਹਾਂ!
ਨਾ ਕਿਰਤ ਕਰਦੇ ਹਾਂ
ਨਾ ਨਾਮ ਜਪਦੇ ਹਾਂ
ਨਾ ਹੀ ਵੰਡ ਕੇ ਛਕਦੇ ਹਾਂ
ਤੇ ਫਿਰ ਵੀ ਅਸੀਂ ਤੇਰੇ
ਸਿੱਖ ਹੋਣ ਦਾ ਬੱਸ!
ਦਿਖਾਵਾ ਹੀ ਕਰਦੇ ਹਾਂ!
ਤੁਸੀਂ ਜਿਹੜੇ ਰਾਹ ਤੋਂ ਰੋਕਦੇ ਸੀ
ਅਸੀਂ ਉਥੇ ਜਾ-ਜਾ ਖੜ੍ਹਦੇ ਹਾਂ
ਤੇ ਕਰਦੇ-ਕਤਰਦੇ ਕੁਝ ਵੀ ਨਹੀਂ
ਬੱਸ ਸੋਚ ਤੇਰੀ 'ਤੇ ਮਰਦੇ ਹਾਂ
ਤੇ ਸ਼ਰਧਾਂਜਲੀ ਅਰਪਿਤ ਕਰਦੇ ਹਾਂ।



– ਸੁਖਚਰਨ ਸਿੰਘ ਸਾਹੋਕੇ

## ਸ਼ਹੀਦੀ ਤੇ ਵਿਸ਼ੇਸ਼
## ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ

ਪੰਚਮ ਪਾਤਸ਼ਾਹ ਦੀ ਚੜ੍ਹਦੀ ਕਲਾ ਵੇਖ ਕੇ।
ਬਾਦਸ਼ਾਹ ਨੇ ਬੁਲਾਇਆ ਲਾਹੌਰ ਦਰਬਾਰ ਮੌਕਾ ਵੇਖ ਕੇ।
ਭਾਂਪ ਲਿਆ ਸਮਰੱਥ ਗੁਰਾਂ ਨੇ ਸੱਚਖੰਡ ਜਾਣਾ ਵੇਖ ਕੇ।
ਸਿਖਰਾਂ 'ਤੇ ਪਹੁੰਚਾਇਆ ਪੰਥ ਨੂੰ ਨਾਲ ਧਾਕ ਦੇ।
ਬਿਜਲੀਆਂ ਬਿਪਤ ਦੀਆਂ ਕੜਕ ਪਈਆਂ ਕੌਮ ਤੇ ਆਣ।
ਮੁਗਲ ਲੱਗ ਪਏ ਨੇ ਹੁਣ ਅੰਤਾਂ ਦਾ ਜ਼ੁਲਮ ਢਾਣ।
ਹਥਿਆਰਬੰਦ ਹੋ ਜਾਵੇ ਕੌਮ ਲੱਗੇ ਬਾਬਾ ਬੁੱਢਾ ਜੀ ਨੂੰ ਫੁਰਮਾਨ।
ਆਖੋ ਹਰਿਗੋਬਿੰਦ ਨੂੰ ਸ਼ਸਤਰਧਾਰੀ ਹੋ ਗੁਰਗੱਦੀ ਤੇ ਬਹਿਣ।
ਭਾਈ ਗੁਰਦਾਸ ਜੀ ਨੂੰ ਫੁਰਮਾਇਆ ਰੂਹਾਨੀ ਅਤੇ ਜਿਸਮਾਨੀ ਤਗੜ ਰਹਿਣ।
ਸਮਾਂ ਵੀ ਲੱਗ ਪਿਆ ਹੈ ਹੁਣ ਕਲਯੁਗ ਨੂੰ ਵਰਤਾਉਣ।
ਨਾਲ ਸ਼ਸ਼ਤਰਾਂ ਮੀਰ ਦੀ ਮੀਰੀ ਸਿੰਘ ਖਿੱਚ ਲੈਣ।
ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਗੁਰ ਹਜ਼ੂਰੀ ਰਹਿਣ।
ਮੁੱਢ ਬੰਨਿਆ ਸ਼ਹੀਦੀਆਂ ਦਾ ਸ਼ਹੀਦਾਂ ਦੇ ਸਿਰਤਾਜ।
ਦੇ ਕੇ ਕੁਰਬਾਨੀਆਂ ਸਿੱਖ ਮੇਰੇ ਕਰਨਗੇ ਰਾਜ।
ਉਘੇੜਨਗੇ ਸਦਾ ਜ਼ੁਲਮ ਦੇ ਵਧਦੇ ਪਾਜ਼।
'ਪ੍ਰਵਾਨਾ' ਮੁੱਲ ਪਾਓ ਸ਼ਹੀਦੀਆਂ ਦਾ ਉੱਤਮ ਹੈ ਇਹ ਕਾਜ਼।



– ਪ੍ਰਮਿੰਦਰ ਸਿੰਘ 'ਪ੍ਰਵਾਨਾ'
510-781-0487

## ਸ਼ਹੀਦ ਜਰਨੈਲ ਸਿੰਘ

ਇਕ ਯੋਧਾ ਜਰਨੈਲ ਦਿੱਤੀ ਸਿੱਖ ਮਰਿਆਦਾ ਨੂੰ ਸੀ ਪਹਿਲ
ਫਿਰ ਸਰਕਾਰ ਗਈ ਦਹਿਲ ਉਹਦਾ ਵੇਖ ਕੇ ਪਹਾੜ ਜਿੱਡਾ ਜੇਰਾ ਵੇ
ਸਾਰੇ ਦੁੱਖ ਭੁੱਲ ਜਾਣਗੇ ਨਹੀਉਂ ਭੁੱਲਣਾ ਵਿਛੋੜਾ ਸਾਨੂੰ ਤੇਰਾ ਵੇ।

ਕਿਵੇਂ ਸੁੱਤੀ ਕੌਮ ਤੂੰ ਜਗਾਈ ਜਿੰਦ ਸਾਡੇ ਲੇਖੇ ਲਾਈ
ਕੀਤੀ ਹੱਕ ਲੈਣ ਲਈ ਲੜਾਈ ਤਾਹੀਉਂ ਹਾਕਮਾਂ ਨੇ
ਪਾਇਆ ਤੈਨੂੰ ਘੇਰਾ ਵੇ, ਸਾਰੇ ਦੁੱਖ ਭੁੱਲ ਜਾਣਗੇ ...

ਮਹੀਨਾ ਜੂਨ ਦਾ ਹੈ ਆਉਂਦਾ ਸਾਰਾ ਜਹਾਨ ਕੁਰਲਾਉਂਦਾ
ਨਾ ਕੋਈ ਭੁੱਲੇ ਨਾ ਭੁਲਾਉਂਦਾ ਕੀਤਾ ਜ਼ਾਲਮਾਂ ਨੇ ਜ਼ੁਲਮ
ਬਥੇਰੇ ਵੇ, ਸਾਰੇ ਦੁੱਖ ਭੁੱਲ ਜਾਣਗੇ ...



ਤੇਰੀ ਡੂੰਘੀ ਲੰਮੀ ਸੋਚ ਤਾਹੀਉਂ ਲੱਭਦੇ ਨੇ ਲੋਕ
ਕੀਤੇ ਹੌਸਲੇ ਬੁਲੰਦ ਕੋਈ ਸਕਦਾ ਨਾ ਰੋਕ
ਚੇਤੇ ਆਉਂਦਾ ਤੂੰ ਪੰਜਾਬ ਦਿਆ ਸ਼ੇਰਾ ਵੇ
ਸਾਰੇ ਦੁੱਖ ਭੁੱਲ ਜਾਣਗੇ ....

ਕਿਵੇਂ ਹੋਈਆਂ ਸੀ ਚੜ੍ਹਾਈਆਂ ਸਭ ਮਿੱਟੀ 'ਚ ਮਿਲਾਈਆਂ
ਵੱਜੀ ਸਭ ਦੇ ਹੀ ਸੱਟ ਆਸਾਂ ਸਭ ਨੇ ਮੁਕਾਈਆਂ
ਤੇਰੇ ਹੁੰਦਿਆਂ ਹੀ ਹੋਣਾ ਸੀ ਨਿਬੇੜਾ ਵੇ
ਸਾਰੇ ਦੁੱਖ ਭੁੱਲ ਜਾਣਗੇ ....

ਬੈਠੇ ਚੁੱਪ ਚਾਪ ਸਾਰੇ ਕੋਈ ਗੱਲ ਲੱਗੀ ਨਾ ਕਿਨਾਰੇ
ਤੈਨੂੰ ਭਾਲ ਭਾਲ ਥੱਕੇ ਸਾਰੇ ਥਾਂ ਫੋਲ ਮਾਰੇ
'ਦੇਵ ਘੋਲੀਏ' ਦਾ ਕਹੇ ਪਾ ਤੂੰ ਡੇਰਾ ਵੇ
ਸਾਰੇ ਦੁੱਖ ਭੁੱਲ ਜਾਣਗੇ, ਨਹੀਉਂ ਭੁੱਲਣਾ ਵਿਛੋੜਾ ਸਾਨੂੰ ਤੇਰਾ ਵੇ।

– ਦੇਵ ਘੋਲੀਆ ਖੁਰਦ (ਫਰਿਜ਼ਨੋ) 559-232-7764

## ਕਾਵਿ ਵਿਅੰਗ
## ਸ਼ਾਇਰ ਦੇ ਛੇ ਸਵਾਲ!

ਚਿੱਕੜ ਵਿਚ ਚੁਤਰਫੀਂ ਹੀ ਕਮਲ ਚਿੱਟਾ
ਅੱਗੇ ਦੇਖਾਂ ਗੇ ਹੋਰ ਕੋਈ 'ਰੰਗ' ਕਿੱਦਾਂ?

ਚੜ੍ਹਿਆ ਵੋਟਾਂ ਦਾ ਨਸ਼ਾ ਹੈ ਦੇਸ਼ ਤਾਈਂ
ਚੜ੍ਹੀ ਹੋਈ ਇਹ ਉਤਰੇ ਗੀ 'ਭੰਗ' ਕਿੱਦਾਂ?

ਮੁੱਦੇ ਚੁੱਕੇ ਸੀ ਲੋਕਾਂ ਦੁਖਿਆਰਿਆਂ ਦੇ
ਸੁੱਝੇ ਕੁਝ ਨਾ ਹਾਰ ਗਏ ਜੰਗ ਕਿੱਦਾਂ?

ਹੱਥੀਂ ਸੱਚ ਦੀ ਕਲਮ ਲਈ ਬੈਠਿਆਂ ਦਾ
ਹੋਇਆ ਸਹਾਂ ਗੇ ਕਾਫੀਆ ਤੰਗ ਕਿੱਦਾਂ?

ਸਜ਼ਾ ਭੁਗਤਦੇ ਬਣੇ 'ਕਾਨੂੰਨ-ਘਾੜੇ'
ਹੁਣ ਇਨਸਾਫ ਦੀ ਕਰਾਂ ਗੇ ਮੰਗ ਕਿੱਦਾਂ?

ਖਤਰਾ ਖੜ੍ਹ ਗਿਆ ਸੈਕੂਲਰ ਸੋਚ ਤਾਈਂ
ਫੁਰਨੇ ਕਵੀਆਂ ਨੂੰ ਕਾਵਿ-ਵਿਅੰਗ ਕਿੱਦਾਂ?



– ਤਰਲੋਚਨ ਸਿੰਘ 'ਦੁਪਾਲਪੁਰ'
001-408-915-1268

**9 ਜੂਨ ਲਈ ਵਿਸ਼ੇਸ**

# ਮਹਾਨ ਅਜਾਦੀ ਘੁਲਾਟੀਆ ਪੰਡਿਤ ਕਿਸ਼ੋਰੀ ਲਾਲ



ਨਵਜੋਤ ਬਜਾਜ (ਗੱਗੂ)
91-98721-02614

ਪੰਡਿਤ ਕਿਸ਼ੋਰੀ ਲਾਲ ਦਾ ਜਨਮ 9 ਜੂਨ 1909 ਨੂੰ ਪਿੰਡ ਧਰਮਪੁਰ ਵਿਖੇ ਅਧਿਆਪਕ ਪਿਤਾ ਪੰਡਿਤ ਰਘਵੀਰ ਦੱਤ ਸ਼ਾਸਤਰੀ ਦੇ ਘਰ ਹੋਇਆ । ਪੰਜਾਬ ਦਾ ਇਹ ਕੰਡੀ ਇਲਾਕੇ ਵਿੱਚ ਵਸਿਆ ਪਿੰਡ, ਮਾਤਾ ਧਰਮਪੁਰ ਦੇਵੀ ਦੇ ਪ੍ਰਾਚੀਨ ਮੰਦਰ ਅਤੇ ਦੂਜਾ ਅਜ਼ਾਦੀ ਘੁਲਾਟੀਏ ਪੰਡਿਤ ਕਿਸੋਰੀ ਕਰਕੇ ਮਸ਼ਹੂਰ ਹੈ। ਕਿਸ਼ੋਰੀ ਲਾਲ ਨੇ ਦਸਵੀਂ ਪਾਸ ਕਰਨ ਉਪਰੰਤ ਡੀ.ਏ.ਵੀ ਕਾਲਜ ਲਹੌਰ ਵਿਖੇ ਬੀ.ਏ ਵਿੱਚ ਦਾਖਲਾ ਲਿਆ। ਉਥੇ ਉਹਨਾਂ ਦੀ ਮੁਲਾਕਾਤ ਭਗਤ ਸਿੰਘ ਨਾਲ ਹੋਈ। ਉਸ ਸਮੇਂ ਭਗਤ ਸਿੰਘ ਪੰਡਿਤ ਕਿਸ਼ੋਰੀ ਲਾਲ ਵਰਗੇ ਹਮਖਿਆਲ ਨੌਜਵਾਨਾ ਲਈ ਰੋਲ ਮਾਡਲ ਬਣ ਚੁੱਕਿਆ ਸੀ। ਇਹ ਸਭ ਕੁਝ ਦੇਖ ਕੇ ਪੰਡਿਤ ਕਿਸੋਰੀ ਲਾਲ ਬਹੁਤ ਪ੍ਰਭਾਵਤ ਹੋਇਆ, ਉਹ ਵੀ ਦੇਸ ਭਗਤੀ ਤੇ ਅਜ਼ਾਦੀ ਦਾ ਪ੍ਰਵਾਨਾ ਬਣ ਗਿਆ । ਉਸ ਨੇ ਆਪਣੀ ਪੜਾਈ ਵਿਚਾਲੇ ਹੀ ਛੱਡ ਦਿੱਤੀ ਤੇ ਉਹ ਪੰਜਾਬ ਦੀ ਨੌਜਵਾਨ ਭਾਰਤ ਸਭਾ ਵਿੱਚ ਸ਼ਾਮਿਲ ਹੋ ਗਏ।

ਪੰਡਿਤ ਕਿਸ਼ੋਰੀ ਲਾਲ ਭਗਤ ਸਿੰਘ ਦੇ ਕਰੀਬੀ ਤੇ ਵਿਸ਼ਵਾਸ ਪਾਤਰ ਬਣ ਗਏ ਤੇ ਜਥੇਬੰਦੀ ਦੇ ਸਿਰ ਕੱਢ ਆਗੂ ਸਾਬਤ ਹੋਏ। 15 ਅਪ੍ਰੈਲ 1929 ਨੂੰ ਪੰਡਿਤ ਕਿਸ਼ੋਰੀ ਲਾਲ ਨੂੰ ਇਨਕਲਾਬੀਆਂ ਦੇ ਗੁਪਤ ਅੱਡੇ ਕਸ਼ਮੀਰ ਬਿਲਡਿੰਗ ਤੋ ਅੰਗਰੇਜ਼ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਸੀ। ਉਨ੍ਹਾਂ ਪਾਸੋਂ ਮਿਲੀ ਅਲਮਾਰੀ ਦੀ ਚਾਬੀ, ਜਿਸ ਵਿੱਚ ਬੰਬ ਬਣਾਉਣ ਦਾ



ਪਾਊਡਰ, ਬੰਬਾ ਦੇ ਖੋਲ, ਬੰਬ ਬਣਾਉਣ ਦੀ ਤਕਨੀਕ ਵਾਲੀਆ ਕਿਤਾਬਾਂ ਆਦਿ ਫੜੀਆਂ ਗਈਆਂ ਸਨ। ਇਸ ਲਈ ਪੰਡਿਤ ਕਿਸੋਰੀ ਲਾਲ ਤੇ ਇਨਕਲਾਬੀਆਂ ਲਈ ਬੰਬ ਬਣਾਉਣ, ਸਾਂਡਰਸ ਦੇ ਕਤਲ, ਅਸੈਂਬਲੀ ਵਿੱਚ ਬੰਬ ਸੁੱਟਣ ਵਿੱਚ ਮਦਦ ਕਰਨ ਅਤੇ ਅੰਗਰੇਜ਼ੀ ਸਰਕਾਰ ਖ਼ਿਲਾਫ਼ ਬਗਾਵਤੀ ਇਸ਼ਤਿਹਾਰ ਛਾਪਣ ਵਰਗੇ ਗੰਭੀਰ ਦੋਸ਼ ਲੱਗ ਚੁੱਕੇ ਸਨ, ਇਸ ਲਈ ਪੰਡਿਤ ਕਿਸ਼ੋਰੀ ਲਾਲ ਨੂੰ 1929 ਤੋ ਲੈ ਕੇ 1946 ਤੱਕ ਵੱਖੋ-ਵੱਖਰੀਆਂ ਜੇਲ੍ਹਾਂ ਵਿੱਚ ਕੈਦ ਰੱਖਿਆ ਤੇ ਉਸ ਨੂੰ ਅੰਗਰੇਜ਼ ਪੁਲਿਸ ਦਾ ਅਣ-ਮਨੁੱਖੀ ਤਸੱਦਦ ਝੱਲਣਾ ਪਿਆ। 1946 ਨੂੰ ਜਦੋਂ ਪੰਡਿਤ ਜੀ ਰਿਹਾ ਹੋਏ ਤਾਂ ਉਹ ਕਮਿਉਨਿਸਟ ਵਿਚਾਰ ਧਾਰਾ ਹੋਣ ਕਰਕੇ ਕਮਿਉਨਿਸਟ ਪਾਰਟੀ ਨਾਲ ਜੁੜ ਗਏ ਤੇ ਫਿਰ ਦੇਸ ਸੇਵਾ ਵਿੱਚ ਆਪਣਾ ਯੋਗਦਾਨ ਪਾਉਣ ਲੱਗੇ। ਅਜ਼ਾਦੀ ਮਗਰੋਂ ਵੀ 1958 ਵਿੱਚ ਮੁਕੇਰੀਆ ਵਿਖੇ ਇੱਕ ਕਾਨਫਰੰਸ ਸ਼ਦੌਰਾਨਾਇਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੰਡਿਤ ਜੀ ਨੇ ਅਜ਼ਾਦੀ ਦੀ ਲੜਾਈ ਦੌਰਾਨ ਸਭ ਤੋ ਲੰਬੀ ਚੱਲੀ ਭੁੱਖ ਹੜਤਾਲ (ਲਗਭਗ 77 ਦਿਨ) ਵਿੱਚ ਵੀ ਹਿੱਸਾ ਲਿਆ। ਉਹ ਗੋਆ ਦੇ ਸੱਤਿਆ ਗ੍ਰਹਿ ਵਿੱਚ ਵਰਦੀਆਂ ਗੋਲੀਆਂ ਵਿੱਚ ਵੀ ਡਟੇ ਰਹੇ। ਪੰਡਿਤ ਕਿਸੋਰੀ ਲਾਲ ਪੂਰਾ ਜੀਵਨ ਦੇਸ ਖਾਤਰ ਸੰਘਰਸ਼ ਕਰਦੇ ਰਹੇ। ਆਖਿਰ ਉਹ 11 ਜੁਲਾਈ 1990 ਨੂੰ ਸਾਨੂੰ ਸਦੀ ਵੀ ਵਿਛੋੜਾ ਦੇ ਗਏ ।

ਅੱਜ 9 ਜੂਨ ਨੂੰ ਪੰਡਿਤ ਜੀ ਦੇ 109 ਵੇਂ ਜਨਮ ਦਿਨ ਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਚੇਤੇ ਕਰਦਿਆਂ, ਸਿਰਫ਼ ਭਗਤ ਸਿੰਘ ਦਾ ਸਾਥੀ ਕਹਿਣ ਨਾਲ ਉਨ੍ਹਾਂ ਵੱਲੋਂ ਦੇਸ ਦੀ ਅਜ਼ਾਦੀ ਲਈ ਕੀਤੇ ਸੰਘਰਸ਼ ਦਾ ਮੁੱਲ ਨਹੀਂ ਉਤਾਰਿਆ ਜਾ ਸਕਦਾ। ਪੰਡਿਤ ਜੀ ਨੇ ਵੀ ਸਹੀਦ-ਏ-ਆਜਮ ਭਗਤ ਸਿੰਘ, ਸੁਖਦੇਵ ਸਿੰਘ ਤੇ ਰਾਜਗੁਰੂ ਵਾਗ ਦੇਸ ਅਜ਼ਾਦੀ ਲਈ ਸੰਘਰਸ ਕੀਤਾ।ਅਸੀਂ ਕਦੇ ਵੀ ਅਜਿਹੇ ਮਹਾਨ ਅਜ਼ਾਦੀ ਘੁਲਾਟੀਏ ਦਾ ਦੇਣ ਨਹੀਂ ਦੇ ਸਕਦੇ, ਰਹਿੰਦੀ ਦੁਨੀਆ ਤੱਕ ਉਹ ਸਾਡੇ ਦਿਲਾਂ ਵਿੱਚ ਜਿਉਂਦੇ ਰਹਿਣਗੇ।

# ਗ੍ਰਾਮ ਸੇਵਕ ਤੋਂ ਬੀਡੀ.ਪੀ.ਓ. ਤੱਕ ਦਾ ਸਫਰ ਤਹਿ ਕਰਨ ਵਾਲਾ ਬਲਜੀਤ ਸਿੰਘ ਖਹਿਰਾ



ਮੇਜਰ ਸਿੰਘ ਨਾਭਾ
91-94635-53962

ਮਿਲਣਸਾਰ, ਮਿਹਨਤੀ ਅਤੇ ਸਿਰੜੀ ਸੁਭਾਅ ਦੇ ਮਾਲਕ ਬਲਜੀਤ ਸਿੰਘ ਖਹਿਰਾ ਦਾ ਜਨਮ ਮੱਧ-ਵਰਗੀ ਕਿਸਾਨ ਸਵ: ਸ੍ਰ. ਇੰਦਰ ਸਿੰਘ ਦੇ ਘਰ ਮਾਤਾ ਸਵ: ਸ੍ਰੀਮਤੀ ਗੁਰਨਾਮ ਕੌਰ ਦੀ ਕੁੱਖੋਂ 2 ਜਨਵਰੀ 1959 ਨੂੰ ਪਿੰਡ ਭੋਜੋਮਾਜਰੀ (ਨਾਭਾ) ਜਿਲ੍ਹਾ ਪਟਿਆਲਾ ਵਿਖੇ ਹੋਇਆ । ਉਸ ਨੂੰ ਆਪਣੇ ਮਾਤਾ-ਪਿਤਾ ਅਤੇ ਵੱਡੇ ਭੈਣ ਭਰਾਵਾਂ ਤੋਂ ਹਮੇਸ਼ਾਂ ਸੱਚਾਈ ਦੇ ਮਾਰਗ ਤੇ ਚਲਣ ਲਈ ਚੰਗੇ ਸੰਸਕਾਰ ਮਿਲੇ, ਜਿਨ੍ਹਾਂ ਸਦਕਾ ਉਸ ਨੇ ਇਸ ਉੱਚ ਮੁਕਾਮ ਤੱਕ ਸਫਲਤਾ ਪ੍ਰਾਪਤ ਕੀਤੀ। ਉਸ ਨੇ ਮੁਢਲੀ ਪੜ੍ਹਾਈ ਪਿੰਡ ਨਾਰੀਕੇ ਦੇ ਆਪਣੇ ਰਿਸ਼ਤੇਦਾਰ ਸ੍ਰ. ਜਗੀਰ ਸਿੰਘ ਕਨਸੋਲੀਡੇਸ਼ਨ ਅਫਸਰ (ਸੀ.ਓ.) ਦੇ ਘਰ ਰਹਿ ਕੇ ਪ੍ਰਾਪਤ ਕੀਤੀ ਅਤੇ ਸ.ਹ.ਸ. ਨਾਰੀਕੇ ਕਲਾਂ (ਸੰਗਰੂਰ) ਤੋਂ ਦਸਵੀਂ ਦੀ ਪ੍ਰੀਖਿਆ ਮਾਰਚ 1975 ਵਿੱਚ ਪਹਿਲੇ ਦਰਜੇ ਵਿੱਚ ਪਾਸ ਕੀਤੀ। ਇਥੇ ਉਸਨੇ ਆਪਣੀ ਪੜ੍ਹਾਈ ਦੇ ਨਾਲ ਨਾਲ ਰਿਸ਼ਤੇਦਾਰਾਂ ਦੀ ਖੇਤੀਬਾੜੀ ਦੀ ਦੇਖਭਾਲ ਵੀ ਕੀਤੀ।ਉਸ ਨੂੰ ਉਦੋਂ ਗਹਿਰਾ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਪਿਤਾ 1973 ਵਿੱਚ ਅਕਾਲ ਚਲਾਣਾ ਕਰ ਗਏ। ਆਰਥਿਕ ਤੰਗੀ ਦੇ ਬਾਵਜੂਦ ਉਸ ਨੇ ਸਰਕਾਰੀ ਰਿਪੁਦਮਨ ਕਾਲਜ ਨਾਭਾ ਵਿਖੇ ਦਾਖਲਾ ਲੈਕੇ ਪ੍ਰੈਪ ਪਾਸ ਕਰ ਲਈ। ਇਸ ਉਪਰੰਤ ਅਗਲੇ ਸਾਲ ਉਸ ਨੂੰ ਗ੍ਰਾਮ ਸੇਵਕ ਦੀ ਆਸਾਮੀ ਲਈ ਜੀ.ਟੀ.ਸੀ. ਨਾਭਾ ਵਿਖੇ ਟ੍ਰੇ-ਨਿੰਗ ਲਈ ਦਾਖਲਾ ਮਿਲ ਗਿਆ। ਟ੍ਰੇਨਿੰਗ ਦੌਰਾਣ ਹੀ ਉਸ ਦੀ ਸ਼ਾਦੀ ਪਿੰਡ ਥੂਹੀ ਦੇ ਸਵ: ਸ੍ਰ. ਸਕਤ ਸਿੰਘ ਦੀ ਬੇਟੀ ਬਲਵੀਰ ਕੌਰ ਨਾਲ ਹੋ ਗਈ। ਟ੍ਰੇਨਿੰਗ ਕਰਨ ਉਪਰੰਤ ਉਸ ਨੇ ਪਰਿਵਾਰਕ ਜ਼ੁੰਮੇਵਾਰੀ ਅਤੇ ਆਰਥਿਕ ਲੋੜਾਂ ਵੱਧਣ ਕਾਰਣ ਸਕੂਟਰ ਫੈਕਟਰੀ ਨਾਭਾ ਵਿਖੇ ਬਤੌਰ ਵਰਕਰ ਕੰਮ ਕੀਤਾ, ਨਾਲ ਹੀ ਪ੍ਰਾਈਵੇਟ ਤੌਰ ਤੇ ਗਿਆਨੀ ਪਾਸ ਕਰਕੇ 1986 ਵਿੱਚ ਬੀ.ਏ. ਕਰ ਲਈ। ਸਰਕਾਰ ਦੀ ਟ੍ਰੇਨਿੰਗ ਪ੍ਰਾਪਤ ਗ੍ਰਾਮ ਸੇਵਕਾਂ ਨੂੰ ਨੌਕਰੀ ਦੇਣ ਤੋਂ ਆਨਾ ਕਾਨੀ ਨੂੰ ਦੇਖਦਿਆਂ ਬੇਰੁਜ਼ਗਾਰ ਯੂਨੀਅਨ ਵਿੱਚ ਮੋਂਢੀ ਹੋ ਕੇ ਉਸ ਨੇ ਸਰਕਾਰ ਵਿਰੁੱਧ ਸ਼ੰਘਰਸ਼ ਵਿੱਢ ਕੇ ਮਾਨਯੋਗ ਹਾਈ ਕੋਰਟ ਵਿੱਚ ਨੌਕਰੀ ਲਈ ਕੇਸ ਪਾਇਆ ਜੋ ਕਿ ਬੇਰੁਜ਼ਗਾਰ ਗ੍ਰਾਮ ਸੇਵਕਾਂ ਦੇ ਹੱਕ ਵਿੱਚ ਹੋਇਆ। ਕੋਰਟ ਦੇ ਆਦੇਸ਼ ਅਨੁਸਾਰ ਸਰਕਾਰ ਨੇ ਬਲਜੀਤ ਸਿੰਘ ਦੀ ਪਹਿਲੀ ਨਿਯੁਕਤੀ ਖੂਹੀਆਂ ਸਰਵਰ ਐਟ ਅਬੋਹਰ ਵਿਖੇ ਕਰਕੇ 23 ਅਗਸਤ 1982 ਨੂੰ ਹਾਜ਼ਰ ਕਰਵਾਇਆ। ਜਲਦੀ ਹੀ ਉਨ੍ਹਾਂ ਦੀ ਪੋਸਟਿੰਗ ਸਮਾਣਾ ਵਿਖੇ ਹੋ ਗਈ।ਇਥੇ ਉਨ੍ਹਾਂ ਵਿਰੁੱਧ ਪਿੰਡ ਦੇ ਕੁਝ ਲੋਕਾਂ ਵਲੋਂ ਝੂਠੀ ਸ਼ਿਕਾਇਤ ਕਰਨ ਕਰਕੇ ਸਰਕਾਰ ਨੇ ਉਨ੍ਹਾਂ ਨੂੰ 6 ਨਵੰਬਰ 1982 ਨੂੰ ਮੁਅੱਤਲ ਕਰ ਦਿੱਤਾ। ਤਕਰੀਬਨ ਤਿੰਨ ਮਹੀਨੇ ਪੂਰੇ ਪਰਿਵਾਰ ਨੇ ਇਹ ਸਮਾਂ ਔਖੀ ਘੜੀ ਵਜੋਂ ਮੁਸ਼ਕਲ ਨਾਲ ਬਿਤਾਇਆ।



ਮਹਿਕਮੇ ਵਲੋਂ ਪੜਤਾਲ ਕਰਨ ਤੇ ਸ਼ਿਕਾਇਤ ਨੂੰ ਨਕਾਰਦਿਆਂ ਉਨ੍ਹਾਂ ਨੂੰ ਬਹਾਲ ਕਰਕੇ ਬਲਾਕ ਪੱਖੋਵਾਲ (ਲੁਧਿਆਣਾ) ਵਿਖੇ ਲਾ ਦਿੱਤਾ। ਇਸ ਪ੍ਰੀਖਿਆ ਦੀ ਘੜੀ ਨੇ ਉਨ੍ਹਾਂ ਨੂੰ ਗ੍ਰਾਮ ਸੇਵਕ/ਸੇਵਿਕਾ ਜਥੇਬੰਦੀ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਪ੍ਰੇਰਿਆ। ਉਹ 1987 ਤੋਂ ਲੈ ਕੇ 2002 ਤੱਕ ਜਿਲ੍ਹਾ ਪਟਿਆਲਾ ਦੇ ਗ੍ਰਾਮ ਸੇਵਕ ਯੂਨੀਅਨ ਦੇ ਪ੍ਰਧਾਨ ਰਹੇ ਅਤੇ ਉਨ੍ਹਾਂ ਦੀ ਕਾਬਲੀਅਤ ਕਰਕੇ 2002 ਤੋਂ 2010 ਤੱਕ ਸਟੇਟ ਪ੍ਰਧਾਨ ਦੇ ਅਹੁੱਦੇ ਤੇ ਬਾਖੂਬੀ ਜ਼ਿੰਮੇਵਾਰੀ ਨਿਭਾਈ।ਯੂਨੀਅਨ ਦੀਆਂ ਮੰਗਾਂ ਨੂੰ ਉਹ ਸਮੇਂ ਸਮੇਂ ਸਿਰ ਉਠਾ ਕੇ ਸਰਕਾਰ ਪਾਸੋਂ ਮਨਵਾਉਂਦੇ ਰਹੇ,ਉਚੇਰੇ ਗ੍ਰੇਡ ਦੀ ਚਿਰਾਂ ਦੀ ਮੰਗ ਨੂੰ ਵੀ ਲਾਗੂ ਕਰਵਾਇਆ। ਉਨ੍ਹਾਂ ਨੇ ਪੰਜਾਬ ਸਟੇਟ ਫੈਡਰੇਸ਼ਨ (ਵਾਲੀਆ) ਵਿੱਚ ਜਿਲ੍ਹਾ ਪ੍ਰਧਾਨ ਤੋਂ ਲੈਕੇ ਸੀਨੀਅਰ ਮੀਤ ਪ੍ਰਧਾਨ ਪੰਜਾਬ ਦੇ ਤੌਰ ਤੇ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਕਾਫੀ ਸਮਾਂ ਉਹ ਆਪਣੇ ਪਿੰਡ ਦੇ ਯੂਥ ਵੈਲਫੇਅਰ ਕਲੱਬ ਦੇ ਪ੍ਰਧਾਨ ਵੀ ਰਹੇ। ਉਨ੍ਹਾਂ ਦੀ ਤਰੱਕੀ 11 ਅਗਸਤ 2010 ਨੂੰ ਬਤੌਰ ਸਮਾਜਿਕ ਸਿੱਖਿਆ ਅਤੇ ਪੰਚਾਇਤ ਅਫਸਰ ਹੋਣ ਤੇ ਉਨ੍ਹਾਂ ਨੇ ਬਲਾਕ ਭਵਾਨੀਗੜ੍ਹ ਵਿਖੇ ਇਮਾਨਦਾਰੀ ਅਤੇ ਪੂਰੀ ਲਗਨ ਨਾਲ ਏਨਾ ਵਧੀਆ ਕੰਮ ਚੇਅਰਮੈਨ ਪੰਚਾਇਤ ਸੰਮਤੀ, ਸਮੂਹ ਸਰਪੰਚਾਂ ਅਤੇ ਪੰਚਾਂ ਦੇ ਸਹਿਯੋਗ ਨਾਲ ਕੀਤਾ ਕਿ ਪੰਚਾਇਤ ਸੰਮਤੀ ਭਵਾਨੀਗੜ੍ਹ ਨੂੰ ਕੇਂਦਰ ਸਰਕਾਰ ਵਲੋਂ ਪੰਜਾਬ ਵਿੱਚੋਂ ਪਹਿਲੇ ਨੰਬਰ ਦੀ ਐਲਾਨ ਹੋਣ ਕਰਕੇ ਸਨਮਾਨ ਮਿਲਿਆ। ਸਰਕਾਰ ਵਲੋਂ ਉਨ੍ਹਾਂ ਨੂੰ 16 ਸਤੰਬਰ 2015 ਨੂੰ ਬਤੌਰ ਬੀ.ਡੀ.ਪੀ.ਓ. ਤਰੱਕੀ ਦੇ ਕੇ ਬਲਾਕ ਸਮਰਾਲਾ ਵਿਖੇ ਨਿਯੁਕਤ ਕਰ ਦਿੱਤਾ,ਜਿਸ ਨਾਲ ਉਨ੍ਹਾਂ ਦੇ ਮੋਢਿਆਂ ਤੇ ਹੋਰ ਜਿੰਮੇਵਾਰੀ ਆ ਗਈ। ਡਿਊਟੀ ਪੂਰੀ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਉਨ੍ਹਾਂ ਨੇ ਬਲਾਕ ਬਰਨਾਲਾ ਤੋਂ ਬਾਅਦ ਸਹਿਣਾ ਵਿਖੇ ਡਿਊਟੀ ਨਿਭਾਈ ਅਤੇ ਇਥੋਂ ਹੀ ਉਹ 30 ਜਨਵਰੀ 2017 ਨੂੰ ਸੇਵਾ ਮੁਕਤ ਹੋਏ। ਉਨ੍ਹਾਂ ਦੀਆਂ ਵਧੀਆਂ ਸੇਵਾਵਾਂ ਨੂੰ ਦੇਖਦੇ ਹੋਏ ਅਨੇਕਾਂ ਵਾਰ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਰਿਟਾਇਰ ਹੋਣ ਉਪਰੰਤ ਉਹ ਸਮਾਜ ਸੇਵਾ ਦੇ ਕਾਰਜਾਂ ਨੂੰ ਪੂਰੀ ਤਰ੍ਹਾਂ ਸਮਰਪਿਤ ਹੋ ਗਏ ਹਨ।ਉਹ ਗੁਰਦੁਆਰਾ ਪ੍ਰਬੰਧਕ ਕਮੇਟੀ ਅਕਾਲਗੜ੍ਹ ਨਾਭਾ ਅਤੇ ਅਮਲ ਸੁਸਾਇਟੀ ਨਾਭਾ (ਮਰਘਟਖਾਨਾ) ਵਿਖੇ ਬਤੌਰ ਐਗਜੈਕਟਿਵ ਮੈਂਬਰ ਕੰਮ ਕਰ ਰਹੇ ਹਨ। ਉਹ ਸੀਨੀਅਰ ਸਿਟੀਜਨ ਸੰਸਥਾ ਨਾਭਾ ਦੇ ਮੈਂਬਰ ਵੀ ਹਨ। ਇਸ ਤਰ੍ਹਾਂ ਸਮਾਜ ਭਲਾਈ ਦੇ ਕੰਮਾਂ ਵਿੱਚ ਯੋਗਦਾਨ ਪਾਉਂਦੇ ਰਹਿੰਦੇ ਹਨ। ਉਨ੍ਹਾਂ ਦਾ ਬੇਟਾ ਕੁਲਵੀਰ ਸਿੰਘ ਐਮ.ਟੈਕ. ਕਰਨ ਉਪਰੰਤ ਬਤੌਰ ਮੈਨੇਜਰ ਸਵਰਾਜ ਆਟੋ ਲਿਮਟਿਡ ਨਾਭਾ ਅਤੇ ਬਹੁਤ ਹੀ ਸੁਸੀਲ ਸੁਭਾਅ ਦੀ ਨੂੰਹ ਰੁਪਿੰਦਰ ਕੌਰ ਬਤੌਰ ਸਟਾਫ ਨਰਸ ਸਰਕਾਰੀ ਸਿਵਲ ਹਸਪਤਾਲ ਨਾਭਾ ਵਿਖੇ ਡਿਊਟੀ ਨਿਭਾ ਰਹੇ ਹਨ। ਪੋਤਰੀ ਹਰਗੁਣਜੋਤ ਕੌਰ (ਚੌਥੀ ਸ਼੍ਰੇਣੀ) ਪੀ.ਪੀ.ਐਸ.ਨਾਭਾ ਅਤੇ ਪੋਤਰਾ ਨਿਹਾਲ ਸਿੰਘ (ਨਰਸਰੀ ਸ਼੍ਰੇਣੀ) ਆਰਮੀ ਸਕੂਲ ਨਾਭਾ ਵਿਖੇ ਪੜ੍ਹ ਰਹੇ ਹਨ। ਜਿਥੇ ਉਹ ਆਪਣੀ ਤਰੱਕੀ ਲਈ ਆਪਣੇ ਮਾਂ-ਬਾਪ, ਭੈਣ -ਭਰਾਵਾਂ ਦਾ ਯੋਗਦਾਨ ਭੁੱਲਾ ਨਹੀਂ ਸਕਦੇ ਉਥੇ ਆਪਣੀ ਹਮਸਫਰ ਸ਼੍ਰੀਮਤੀ ਬਲਵੀਰ ਕੌਰ ਦਾ ਵੀ ਵੱਡਾ ਯੋਗਦਾਨ ਮੰਨਦੇ ਹਨ। ਪ੍ਰਮਾਤਮਾ ਹਮੇਸ਼ਾਂ ਉਨ੍ਹਾਂ ਨੂੰ ਆਪਣੇ ਆਸ਼ਿਆਂ ਤੇ ਚਲਣ ਲਈ ਚੜ੍ਹਦੀਕਲਾ ਬਖਸ਼ੇ।


DESI SWAG ENTERTAINMENT
DESI SWAG ENTERTAINMENT
PRESENTING
DESI SWAG ENTERTAINMENT
Jass Bajwa
Tarsem Jassar
Harman Chahal
THE SWAG LIVE CONCERT
SATURDAY
JUNE 15, 2019
HOST BY: ASHA SHARMA
WELLCOME
CHIEF GUEST
Baveljit Singh Sunny
LUTHER BURBANK HIGH SCHOOL
3500 FLORIN RD.,
SACRMAENTO, CA 95823
DOORS OPEN AT 5:30 pm / SHOW STARTS AT 6 PM / TICKETS: $ 35, $ 65, $ 100, VIP & VVIP
TICKETS AVAILABLE AT WWW.SULEKHA.COM & AT THE WINDOW (CASH ONLY)
Food will be served by Chaat of India - Karamvir 916.425.1369
GRAND SPONSOR
Mr. Buta Kajla
RAMA VERMA
Dr. Mani Grewal
Vice Mayor-Modesto
INDIA OVEN
WHITE ORCHID
CHINNA JEWELERS
916.956.3094
CHAHAL VIDEO
LA. MERCHANDISE
500 N. PALORA AVE. YUBA CITY
GTL
GOLDEN STATE REALTY
Sam Chahal
BASANTI BROTHERS, RENO
Pete's
RESTAURANT & BREWHOUSE
TOBACCO CARTEL INC
BULLET Express Inc.
Mike Boparai
& Boparai Brothers
M&J Truck & Trailer Repair
Baveljit S. Samara (Sunny)
President
DIAMOND TRANS INC
Dave Atwal
WHITE HAWK, INC.
Micky's Truck Repair
ELEVEN
KuldipSaprai Vacaville 7-11
MEDIA PARTNERS
ਦੇਸ਼ ਦੁਆਬਾ
Radio Punjab
ਪੰਜਾਬ ਮੇਲ
ਸਾਂਝੀ ਸੋਚ
JUGJIT SINGH RAKKAR
CHICAGO'S PIZZA
With A Twist
HOME OF THE AUTHENTIC INDIAN PIZZA
www.TasteTheTwist.com | 1877-888-9478
GARV ਪੰਜਾਬ
CHARDIKLA TIME TV NORTH AMERICA
Punjabi
• Dhira Nijjer 916-416-9527 (Camp Logistic)
• Harbhajan Aujla 530-312-2698 (West Truck & Trailer West Sac)
• Davinder 916-686-6713 (US Transport Inc.)
• Gurmukh Sandhu / Sodhi Dhindsa (Link Truck & Trailer) 916-685-0359
• Santokh S Judge 925-487-4679 Sansar Restaurant
• Harry Sangha (ABC Liquor)
• Ranveer Nijjer 916-869-0290 (NTL Logistic)
• Guri Kang (K2 International)
• Jessie Sangha (power Mart)
• Rajinder Sekhon (C&A logistics)
• Gakhal Brothers
• Harnek Singh 530-682-8094 (Star of India Yuba City)
• Northwest Freightway
• Sukhi Sekhon (Ron Truck Wash)
• Avatar Chatha (Mission Truck Modesto)
• Sukhchain Gill (Sunrise)
• Cougar Truck Lines Lally Dhanoa 510-489-8212
• Tobaco Cartel Inc Samarjit Malhi 916-792-8023
• Jatinder Warriach 916-509-2495
• Tej Mann Mayor Yuba City 530-300-7800
DOORS OPEN AT 5:30 pm / SHOW STARTS AT 6 PM / TICKETS: $ 35, $ 65, $ 100, VIP & VVIP
TICKETS AVAILABLE AT WWW.SULEKHA.COM & AT THE WINDOW (CASH ONLY)
DESI SWAG TEAM:
HARPINDER SAHOTA (916) 588-5766
MANINDER PAWAR (916) 388-4704
HARINDER SAHOTA (916) 595-5070
JATINDER GILL (916) 397-9942
(DESISWAGUSA@GMAIL.COM)

# Thinking of Buying or Selling a Home? I Can Help!



COMMERCIAL & RESIDENTIAL REAL ESTATE

# JOHN SINGH BANGA

Honest & Experienced Realtor

**916-271-5404**

banga.realtor@gmail.com

www.banga.bhhser.com

FOR OVER 15 YEARS A TOP PRODUCER

CALBRE#01397975 MLS

BERKSHIRE HATHAWAY HomeServices Elite Real Estate

**DO YOU HAVE $3,000? If yes, we can help you buy your own home today using a down-payment assistance loan program.**

**ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404**




3-4 Bedrooms, 2.5 Bathrooms
Sq Ft: 1963, Lot Size:
Listing Price: 424,900
Roseville, CA




5 Bedrooms, 4 Bathrooms
sq ft: 3458, Lot Size: 7623
Listing Price: $656,450
El Dorado Hills, CA




3 Bedrooms, 2.0 Bathrooms,
Sq Ft: 1,118, Lot Size: 6,970,
Listing Price: 279,000
Sacramento, CA




Quiznos for Sale in Roseville
Listing Price: $89,900




Auto Repair & Lube Shop
Lot Size: 2000, Rent is ONLY $1500/mo.
Listing Price: $139,000
Sacramento, CA




Liquor Store for Sale in Santa Clara
Monthly Gross Sale: $90K
Listing Price: 599,000 plus Inventory




4 Bedrooms, 3 Baths
Sqft: 2631, Lot Size: 6355*
Listing Price: $490,000
Sacramento, CA




4 Bedroom, 2 Bath
Sqft: 1656, Lot Size: 7841*
Listing Price:$329,000
Sacramento, CA




Subway
for Sale in Sacramento
Listing Price: 239,900




Indian Restaurant
for Sale in Sacramento
Listing Price: 149,000




Liquor Store for Sale in Sacramento
Monthly Gross Sale: 110K
Down Payment: 400K (Seller will carry Rest)
Listing Price: 599,000 plus Inventory




2 Bedrooms, 2 Bathrooms
Sq Ft: 1,116, Rental,Income: $1500 Month
Listing Price $159,000
Sacramento, CA



3 Bedroom, 2 Bathroom
Sqft: 1740*, Lot Size: 5502*
Listing Price: $397,000, Elk Grove, CA



5 Bedroom, 4 Bathroom
Sqft: 3037, Lot Size: 6827*
Listing Price: $515,000, Elk Grove, CA



8 Bedroom, 3 Bathroom
Sqft: 1978, Lot Size: 8102
Listing Price: $1,080,000, Pleasant Hill, CA




BH HS BERKSHIRE HATHAWAY HOMESERVICES

**BERKSHIRE HATHAWAY**
Home Services
Elite Real Estate

**SPECIALISES IN BANK REPO**
**APARTMENTS, COMMERCIAL PROPERTIES, GAS STATIONS, HOTELS AND AGRICULTURAL LAND**

**OFFICE: 7412 ELSIE AVE., SACRAMENTO, CA 95828**